

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 41
January 23, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## Jagdish (Jackie) Kaur Ram passed away



It is with sadness that Jagdish (Jackie) Kaur Ram (34) passed away on Sunday January 20, 2019. She was the daughter of late Commissioner Mr. Lahori Ram Ji & Mrs. Prito Ram and sister of Mr. Jagdev Ram & Mr. Ajaipaul Ram..

With profound grief www. ambedkartimes. com & www.deshdoaba.com forums send heartfelt condolences to the family of Jagdish (Jackie) Kaur Ram on her untimely and sudden death. May Almighty grant the departed noble soul permanent abode in His lap and give strength to the bereaved Family to bear the irreparable loss.

- Prem K. Chumber

**Funeral details will follow:**
**Jack Ram (650) 455-9026**
**Paul Ram (650) 296-4208**

# ਭਾਰਤੀ ਮੂਲ ਦੀ ਕਮਲਾ ਹੈਰਿਸ ਹੋਵੇਗੀ 2020 ਵਿਚ ਰਾਸ਼ਟਰਪਤੀ ਲਈ ਉਮੀਦਵਾਰ



**ਵਾਸ਼ਿੰਗਟਨ (ਬਿਊਰੋ)–** ਭਾਰਤੀ ਮੂਲ ਦੀ ਅਮਰੀਕੀ ਨੇਤਾ ਕਮਲਾ ਹੈਰਿਸ ਸਾਲ 2020 ਦੀਆਂ ਰਾਸ਼ਟਰਪਤੀ ਚੋਣਾਂ ਲੜਨ ਜਾ ਰਹੀ ਹੈ। ਭਾਰਤੀ ਮੂਲ ਦੀ ਪਹਿਲੀ ਅਮਰੀਕੀ ਸੈਨੇਟਰ ਕਮਲਾ ਹੈਰਿਸ ਨੇ ਆਪਣੀ ਦਾਅਵੇਦਾਰੀ ਪੇਸ਼ ਕਰ ਦਿੱਤੀ ਹੈ। ਕਮਲਾ ਨੂੰ 2020 ਦੀਆਂ ਚੋਣਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚੁਣੌਤੀ ਦੇਣ ਲਈ ਡੈਮੋਕ੍ਰੇਟਿਕ ਪਾਰਟੀ ਵਿਚ ਮਜਬੂਤ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ। ਤਿੰਨ ਸਾਲ ਪਹਿਲਾਂ ਉਹ ਉਦੋਂ ਸੁਰਖੀਆਂ ਵਿਚ ਆਈ ਸੀ ਜਦੋਂ ਕਮਲਾ ਹੈਰਿਸ ਸੈਨੇਟ ਤੱਕ ਪਹੁੰਚਣ ਵਿਚ ਕਾਮਯਾਬ ਰਹੀ। ਉਹ ਕੈਲੇਫੋਰਨੀਆ ਤੋਂ ਸੈਨੇਟ ਦੀ ਪ੍ਰਤੀਨਿਧੀ ਹੈ। 54 ਸਾਲਾ ਕਮਲਾ ਹੈਰਿਸ ਨੇ ਲਾਰੇਟਾ ਸਾਂਚੇਜ ਨੂੰ 34.8 ਫੀਸਦੀ ਦੇ ਪੁਆਇੰਟ ਤੇ ਹਰਾਇਆ ਸੀ। ਉਹਨਾਂ ਨੂੰ ਬਰਾਕ ਓਬਾਮਾ ਦਾ ਸਮਰਥਨ ਹਾਸਲ ਸੀ।

ਅਮਰੀਕੀ ਰਾਜਨੀਤੀ ਵਿਚ ਸਰਗਰਮ ਕਮਲਾ 19 ਸਾਲ ਪਹਿਲਾਂ ਸਾਲ 2014 ਵਿਚ ਸੈਨ ਫਰਾਂਸਿਸਕੋ ਦੀ ਡਿਸਟ੍ਰਿਕਟ ਅਟਾਰਨੀ ਬਣੀ ਸੀ। ਉਹ ਇਸ ਅਹੁਦੇ 'ਤੇ ਦੋ ਵਾਰ ਰਹੀ। 2011 ਤੋਂ 2018 ਤੱਕ ਉਹ ਕੈਲੇਫੋਰਨੀਆ ਦੀ ਅਟਾਰਨੀ ਜਨਰਲ ਰਹੀ। ਅਮਰੀਕੀ ਰਾਜਨੀਤੀ ਵਿਚ ਇੰਨੇ ਲੰਮੇ ਸਾਲਾਂ ਤੱਕ ਆਪਣਾ ਦਬਦਬਾ ਬਣਾਉਣ ਵਾਲੀ ਉਹ ਪਹਿਲੀ ਭਾਰਤੀ ਔਰਤ ਹੈ।

2016 ਵਿਚ ਉਹ ਤਿੱਖੀਆਂ ਟਿੱਪਣੀਆਂ ਦੇ ਕਾਰਨ ਚਰਚਾ ਵਿਚ ਆਈ। ਪਹਿਲੀ ਘਟਨਾ ਉਦੋਂ ਹੋਈ ਜਦੋਂ ਉਹਨਾਂ ਨੇ ਗਰਭਪਾਤ ਦੇ ਇਕ ਫੈਸਲੇ 'ਤੇ ਸਵਾਲ ਉਠਾਏ ਅਤੇ ਆਪਣੀ ਤਿੱਖੀ ਪ੍ਰਤੀਕਿਰਿਆ ਦਿੱਤੀ। ਦੂਜਾ ਮਾਮਲਾ ਰਾਸ਼ਟਰਪਤੀ ਚੋਣਾਂ ਵਿਚ ਰੂਸੀ ਦਖਲਅੰਦਾਜ਼ੀ ਦਾ ਸੀ। ਕਮਲਾ ਨੇ ਇਸ 'ਤੇ ਆਪਣੀ ਪ੍ਰਤੀਕਿਰਿਆ ਦੇ ਕੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਕਮਲਾ ਦਾ ਜਨਮ ਆਕਲੈਂਡ ਵਿਚ ਹੋਇਆ ਸੀ। ਉਹਨਾਂ ਦੀ ਮਾਂ ਭਾਰਤੀ ਮੂਲ ਦੀ ਸੀ, ਜੋ ਚੇਨਈ ਤੋਂ ਆਕਲੈਂਡ ਆਈ ਸੀ। ਕਮਲਾ ਦੀ ਮਾਂ ਸ਼ਿਆਮਲਾ ਗੋਪਾਲਨ ਹੈਰਿਸ ਕੈਂਸਰ ਸਪੈਸ਼ਲਿਸਟ ਡਾਕਟਰ ਸੀ, ਜਦਕਿ ਉਹਨਾਂ ਦੇ ਜਮਾਇਕਾ ਮੂਲ ਦੇ ਅਮਰੀਕੀ ਪਿਤਾ ਡੋਨਾਲਡ ਹੈਰਿਸ ਸਟੈਨਫੋਰਡ ਯੂਨੀਵਰਸਿਟੀ ਵਿਚ ਪ੍ਰੋਫੈਸਰ ਸਨ। ਜਦੋਂ ਕਮਲਾ 7 ਸਾਲ ਦੀ ਸੀ ਤਾਂ ਉਸਦੇ ਮਾਤਾ-ਪਿਤਾ ਦਾ ਤਲਾਕ ਹੋ ਗਿਆ ਸੀ। ਕਮਲਾ ਆਪਣੀ ਮਾਂ ਕੋਲ ਰਹਿ ਕੇ ਪਲੀ ਅਤੇ ਵੱਡੀ ਹੋਈ। ਉਹਨਾਂ ਨੇ ਹਾਰਵਰਡ ਅਤੇ ਕੈਲੇਫੋਰਨੀਆ ਯੂਨੀਵਰਸਿਟੀ ਤੋਂ ਆਪਣੀ ਪੜ੍ਹਾਈ ਕੀਤੀ।

# ਮਾਇਆਵਤੀ ਦਾ ਅਪਮਾਨ ਸਭ ਔਰਤਾਂ ਦਾ ਅਪਮਾਨ





**ਚੰਦੌਲੀ (ਬਿਊਰੋ)–** ਉੱਤਰ ਪ੍ਰਦੇਸ਼ 'ਚ ਭਾਜਪਾ ਵਿਧਾਇਕ ਸਾਧਨਾ ਸਿੰਘ ਨੇ ਵਿਵਾਦਤ ਬਿਆਨ ਦਿੰਦਿਆਂ ਬਸਪਾ ਮੁਖੀ ਮਾਇਆਵਤੀ ਨੂੰ 'ਔਰਤਾਂ ਦੇ ਨਾਮ 'ਤੇ ਧੱਬਾ' ਅਤੇ 'ਕਿੰਨਰ ਤੋਂ ਵੀ ਘਟੀਆ' ਇਨਸਾਨ ਕਰਾਰ ਦਿੱਤਾ ਹੈ। ਉਸ ਦੇ ਇਸ ਬਿਆਨ ਦੀ ਸਿਆਸੀ ਆਗੂਆਂ ਵੱਲੋਂ ਨੁਕਤਾਚੀਨੀ ਕੀਤੀ ਜਾ ਰਹੀ ਹੈ। ਕੌਮੀ ਮਹਿਲਾ ਕਮਿਸ਼ਨ ਨੇ ਇਤਰਾਜ਼ਯੋਗ ਬਿਆਨ ਦਾ ਨੋਟਿਸ ਲੈਂਦਿਆਂ ਸਾਧਨਾ ਸਿੰਘ ਨੂੰ ਸੋਮਵਾਰ ਨੂੰ ਨੋਟਿਸ ਜਾਰੀ ਕਰਨ ਦਾ ਫ਼ੈਸਲਾ ਲਿਆ ਹੈ। ਮੁਗਲਸਰਾਏ ਤੋਂ ਵਿਧਾਇਕ ਸਾਧਨਾ ਸਿੰਘ ਨੇ ਸ਼ਨਿਚਰਵਾਰ ਨੂੰ ਵਿਵਾਦਤ ਟਿੱਪਣੀ ਕਰਦਿਆਂ ਕਿਹਾ ਸੀ ਕਿ ਸਾਬਕਾ ਮੁੱਖ ਮੰਤਰੀ ਨੇ ਸੱਤਾ ਲਈ ਆਪਣੀ ਮਰਿਆਦਾ ਨੂੰ ਵੇਚ ਦਿੱਤਾ ਹੈ ਅਤੇ ਜਿਨ੍ਹਾਂ ਨੇ ਉਸ ਦਾ ਅਪਮਾਨ ਕੀਤਾ ਸੀ, ਉਨ੍ਹਾਂ ਨਾਲ ਹੱਥ ਮਿਲਾ ਲਏ ਹਨ। 'ਉਹ ਔਰਤਾਂ ਦੇ ਨਾਮ 'ਤੇ ਧੱਬਾ ਹੈ। ਆਖ ਨਹੀਂ ਸਕਦੇ ਕਿ ਉਸ ਨੂੰ ਮਰਦਾਂ ਜਾਂ ਔਰਤਾਂ 'ਚ ਗਿਣਿਆ ਜਾਵੇ। ਉਹ ਕਿੰਨਰ ਨਾਲੋਂ ਵੀ ਘਟੀਆ ਇਨਸਾਨ ਹੈ।' ਇਸੇ ਦੌਰਾਨ ਚੁਫੇਰਿਓਂ ਹੋਈ ਆਲੋਚਨਾ ਮਗਰੋਂ ਦੇਰ ਸ਼ਾਮ ਭਾਜਪਾ ਵਿਧਾਇਕ ਸਾਧਨਾ ਸਿੰਘ ਨੇ ਬਸਪਾ ਸੁਪਰੀਮੋ ਮਾਇਆਵਤੀ ਤੋਂ ਮੁਆਫ਼ੀ ਮੰਗਦਿਆਂ ਕਿਹਾ ਕਿ ਉਸ ਦਾ ਮਕਸਦ ਕਿਸੇ ਨੂੰ ਦੁੱਖੀ ਕਰਨ ਦਾ ਨਹੀਂ ਸੀ। ਕੇਂਦਰੀ ਮੰਤਰੀ ਅਤੇ ਰਿਪਬਲਿਕਨ ਪਾਰਟੀ ਆਫ਼ ਇੰਡੀਆ ਦੇ ਪ੍ਰਧਾਨ ਰਾਮਦਾਸ ਅਠਾਵਲੇ ਨੇ ਲਖਨਊ 'ਚ ਕਿਹਾ ਕਿ ਅਜਿਹੀਆਂ ਨਿੱਜੀ ਟਿੱਪਣੀਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਬਸਪਾ ਆਗੂ ਐਸ ਸੀ ਮਿਸ਼ਰਾ ਨੇ ਟਵਿੱਟਰ 'ਤੇ ਕਿਹਾ ਕਿ ਭਾਜਪਾ ਆਗੂਆਂ ਨੇ ਬਸਪਾ ਅਤੇ ਸਮਾਜਵਾਦੀ ਪਾਰਟੀ ਵਿਚਕਾਰ ਗਠਜੋੜ ਮਗਰੋਂ ਮਾਨਸਿਕ ਤਵਾਜ਼ਨ ਗੁਆ ਲਿਆ ਹੈ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਵੀ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਭਾਜਪਾ ਆਗੂਆਂ 'ਚ ਨਿਰਾਸ਼ਾ ਦਾ ਮਾਹੌਲ ਹੈ ਅਤੇ ਇਹ ਸਾਰੀਆਂ ਔਰਤਾਂ ਦਾ ਅਪਮਾਨ ਹੈ।




MANDEEP SANDHU

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D TM

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
facebook rajasweetsandcatering
Twitter rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram

# ਪੰਜਾਬ 'ਚ ਬਣੇ ਨਵੇਂ ਮਹਾਂਗਠਜੋੜ ਲਈ ਬਸਪਾ ਮੁੱਖੀ ਕੁਮਾਰੀ ਮਾਇਆਵਤੀ ਹੋਵੇਗੀ ਪ੍ਰਧਾਨ ਮੰਤਰੀ ਦਾ ਚਿਹਰਾ

## ਲੁਧਿਆਣਾ 'ਚ ਹੋਈ ਅਹਿਮ ਮੀਟਿੰਗ 'ਚ ਮਹਾਂਗਠਜੋੜ ਬਣਾਉਣ ਤੇ ਲੱਗੀ ਪੱਕੀ ਮੋਹਰ, ਪੰਜ ਪਾਰਟੀਆਂ ਦੇ ਮੁੱਖੀਆਂ ਨੇ ਮੀਟਿੰਗ ਤੇ ਪ੍ਰਗਟਾਈ ਸਹਿਮਤੀ





**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)** ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇ ਨਜਰ ਜੋ ਪੰਜਾਬ ਵਿੱਚ ਮਹਾਂਗਠਜੋੜ ਬਣਾਉਣ ਦੀ ਚਰਚਾ ਚੱਲ ਰਹੀ ਸੀ ਉਸ ਉੱਤੇ ਅੱਜ ਮੋਹਰ ਲੱਗ ਗਈ ਹੈ। ਅੱਜ ਲੁਧਿਆਣਾ ਦੇ ਸਰਕਟ ਹਾਊਸ ਵਿਖੇ ਮਹਾਂਗਠਜੋੜ ਤੇ ਅਮਲੀ ਜਾਮਾ ਪਹਿਨਾਉਣ ਲਈ ਇੱਕ ਬਹੁਤ ਹੀ ਅਹਿਮ ਮੀਟਿੰਗ ਹੋਈ ਜਿਸ ਵਿੱਚ ਬਹੁਜਨ ਸਮਾਜ ਪਾਰਟੀ ਤੋਂ ਸੂਬਾ ਪ੍ਰਧਾਨ ਸ੍ਰੀ ਰਛਪਾਲ ਸਿੰਘ ਰਾਜੂ, ਇੰਚਾਰਜ ਰਣਧੀਰ ਸਿੰਘ ਬੈਨੀਪਾਲ, ਲੋਕ ਇਨਸਾਫ ਪਾਰਟੀ ਤੋਂ ਪ੍ਰਧਾਨ ਵਿਧਾਇਕ ਸਿਮਰਜੀਤ ਸਿੰਘ ਬੈਂਸ, ਰਣਧੀਰ ਸਿੰਘ ਸਿਵੀਆ, ਸ਼੍ਰੋਮਣੀ ਅਕਾਲੀ ਦਲ ਟਕਸਾਲੀ ਤੋਂ ਪ੍ਰਧਾਨ ਰਣਜੀਤ ਸਿੰਘ ਬ੍ਰਾਹਮਪੁਰਾ, ਸੀਨੀਅਰ ਮੀਤ ਪ੍ਰਧਾਨ ਸੰਸਦ ਡਾ: ਰਤਨ ਸਿੰਘ ਅਜਨਾਲਾ, ਸਕੱਤਰ ਜਨਤਰ ਸੇਵਾ ਸਿੰਘ ਸੇਖਵਾਂ, ਜਨਰਲ ਸਕੱਤਰ ਮਨਮੋਹਣ ਸਿੰਘ ਸਠਿਆਲਾ ਅਤੇ ਅਮਰਪਾਲ ਸਿੰਘ ਬੋਨੀ, ਪੰਜਾਬੀ ਏਕਤਾ ਪਾਰਟੀ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਯੂਨਾਈਟਡ ਅਕਾਲੀ ਦਲ ਤੋਂ ਗੁਰਦੀਪ ਸਿੰਘ ਬਠਿੰਡਾ ਹਾਜਰ ਹੋਏ ਜਦਕਿ ਪੰਜਾਬ ਮੰਚ ਦੇ ਪਟਿਆਲਾ ਤੋਂ ਸੰਸਦ ਡਾ: ਧਰਮਵੀਰ ਗਾਂਧੀ ਭਾਵੇਂ ਕਿਸੇ ਕੰਮ ਹੋਣ ਦੀ ਬਜਾਹ ਕਾਰਨ ਖੁਦ ਨਹੀ ਪਹੁੰਚੇ ਪਰ ਮੀਟਿੰਗ ਦੀ ਸਾਰੀ ਕਾਰਵਾਈ ਤੋਂ ਉਨ੍ਹਾਂ ਦੀ ਸਤੁੰਸਟੀ ਸੁਖਪਾਲ ਸਿੰਘ ਖਹਿਰਾ ਨੇ ਦਿੱਤੀ। ਕਈ ਘੰਟੇ ਲੰਬੀ ਚੱਲੀ ਇਸ ਮੀਟਿੰਗ ਵਿੱਚ ਮਹਾਂਗਠਜੋੜ ਤੇ ਮੋਹਰ ਲਗਾ ਦਿੱਤੀ ਗਈ। ਉਪਰੋਕਤ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਟਿਕਟਾਂ ਦੀ ਵੰਡ ਇੱਕ ਹਫਤੇ ਦੇ ਅੰਦਰ ਅੰਦਰ ਕਰ ਦਿੱਤੀ ਜਾਵੇਗੀ। ਮਹਾਂਗਠਜੋੜ ਦੇ ਸਾਰਿਆਂ ਆਗੂਆਂ ਨੇ ਇੱਕਮੱਤਤਾ ਦਾ ਪ੍ਰਗਟਾਵਾ ਕਰਦਿਆਂ ਏਹ ਵੀ ਸਾਫ ਕੀਤਾ ਕਿ ਉਹ ਪੰਜਾਬ ਵਿੱਚੋਂ ਅਕਾਲੀ ਭਾਜਪਾ ਅਤੇ ਕਾਂਗਰਸ ਦਾ ਸਫਾਇਆ ਚਾਹੁੰਦੇ ਹਨ। ਏਸੇ ਮਕਸਦ ਨਾਲ ਮਹਾਂਗਠਜੋੜ ਬਣਾਇਆ ਗਿਆ ਹੈ ਜਿਸ ਵਿੱਚ ਸ਼ਾਮਿਲ ਹੋਣ ਦਾ ਬਾਕੀ ਹਮਖਿਆਲੀਆਂ ਨੂੰ ਵੀ ਖੁੱਲਾ ਸੱਦਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਅਜੇ ਆਮ ਆਦਮੀਂ ਪਾਰਟੀ ਨੇ ਸੁਖਪਾਲ ਸਿੰਘ ਖਹਿਰਾ ਅਤੇ ਸਿਮਰਜੀਤ ਸਿੰਘ ਬੈਂਸ ਕਰਕੇ ਮਹਾਂਗਠਜੋੜ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ ਹੈ ਪਰ ਇਸਦੇ ਬਾਵਜੂਦ ਉਨ੍ਹਾਂ ਲਈ ਵੀ ਬਦਲ ਖੁੱਲੇ ਹਨ। ਮੀਟਿੰਗ ਖਤਮ ਹੋਣ ਤੋਂ ਪਹਿਲਾਂ ਹੀ ਕਿਸੇ ਪ੍ਰੋਗਰਾਮ ਵਿੱਚ ਜਾਣ ਕਾਰਨ ਬਾਹਰ ਆਏ ਬਸਪਾ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਮੀਡੀਆ ਨਾਲ ਗੱਲਬਾਤ ਕਰਦਿਆਂ ਸਾਫ ਕੀਤਾ ਸੀ ਕਿ ਮਹਾਂਗਠਜੋੜ ਨੇ ਕੁਮਾਰੀ ਮਾਇਆਵਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣ ਦਾ ਗੱਲ ਮੰਨ ਲਈ ਹੈ ਇਸ ਲਈ ਹੁਣ ਬਸਪਾ ਅਤੇ ਯੂਨਾਈਟਡ ਅਕਾਲੀ ਦਲ ਜਿਨ੍ਹਾਂ ਵਿੱਚ ਪਹਿਲਾਂ ਹੀ ਸਮਯੋਤਾ ਹੋ ਚੁੱਕਾ ਹੈ ਹੁਣ ਇਸ ਮਹਾਂਗਠਜੋੜ ਦਾ ਹਿੱਸਾ ਹੋਣਗੇ। ਬਾਅਦ ਵਿੱਚ ਉਨ੍ਹਾਂ ਦੀ ਗੱਲ ਤੇ ਸੁਖਪਾਲ ਖਹਿਰਾ, ਬੈਂਸ ਅਤੇ ਬ੍ਰਾਹਪੁਰਾ ਨੇ ਵੀ ਸਹਿਮਤੀ ਪ੍ਰਗਟਾ ਦਿੱਤੀ।

**ਖਹਿਰਾ ਅਤੇ ਬੈਂਸ ਲੜ੍ਹ ਸਕਦੇ ਨੇ ਚੋਣ, ਬ੍ਰਾਹਮਪੁਰਾ, ਅਜਨਾਲਾ ਅਤੇ ਸੇਖਵਾ ਕਰਨਗੇ ਪ੍ਰਚਾਰ**

ਅੱਜ ਦੀ ਮੀਟਿੰਗ ਤੋਂ ਬਾਅਦ ਗੱਲ ਕਰਨ ਤੇ ਲੁਧਿਆਣਾ ਤੋਂ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਅਤੇ ਭੁਲੱਥ ਤੋਂ ਆਮ ਆਦਮੀਂ ਪਾਰਟੀ ਤੋਂ ਬਰਖਾਸਤ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਖੁਦ ਦੇ ਚੋਣ ਨਾ ਲੜ੍ਹਨ ਬਾਰੇ ਸਾਫ ਨਹੀ ਕੀਤਾ ਜਿਸ ਤੋਂ ਸਾਫ ਹੋ ਗਿਆ ਕਿ ਉਹ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਸੰਸਦ ਮੈਂਬਰ ਦੀ ਚੋਣ ਲੜ੍ਹ ਸਕਦੇ ਹਨ। ਉਨ੍ਹਾਂ ਚੋਣ ਲੜ੍ਹਨ ਜਾਂ ਨਾ ਲੜ੍ਹਨ ਦੀ ਸਾਰੀ ਜਿੰਮਵਾਰੀ ਆਪਣੀਆਂ ਪਾਰਟੀਆਂ ਤੇ ਸੁੱਟ ਦਿੱਤੀ ਹੈ ਜਿਨ੍ਹਾਂ ਦੇ ਉਹ ਖੁਦ ਮੁੱਖਤਿਆਰ ਹਨ। ਚੋਣਾਂ ਲੜ੍ਹਨ ਬਾਰੇ ਟਕਸਾਲੀ ਅਕਾਲੀ ਦਲ ਦੇ ਰਣਜੀਤ ਸਿੰਘ ਬ੍ਰਾਹਮਪੁਰਾ ਨੇ ਸਾਫ ਕਰ ਦਿੱਤਾ ਕਿ ਉਨ੍ਹਾਂ ਸਮੇਤ ਡਾ: ਅਜਨਾਲਾ ਅਤੇ ਸੇਖਵਾਂ ਚੋਣ ਲੜ੍ਹਨ ਦੀ ਬਜਾਏ ਮਹਾਂਗਠਜੋੜ ਦੇ ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ ਕਰਨਗੇ। ਸ: ਬ੍ਰਾਹਮਪੁਰਾ ਨੇ ਏਹ ਵੀ ਸਾਫ ਆਖ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਅਜੇ ਨਵੀਂ ਹੈ ਅਤੇ ਜੇਕਰ ਉਹ ਖੁਦ ਚੋਣ ਲੜ੍ਹਨ ਲੱਗ ਪਏ ਤਾਂ ਪ੍ਰਚਾਰ ਕੋਣ ਕਰੇਗਾ। ਉਨ੍ਹਾਂ ਨੂੰ ਇਸਦਾ ਨੁਕਸਾਨ ਹੋ ਸਕਦਾ ਹੈ।

**ਜਲਦ ਹੀ ਕੁਮਾਰੀ ਮਾਇਆਵਤੀ ਨਾਲ ਕਰਾਂਗੇ ਮੀਟਿੰਗ : ਖਹਿਰਾ**

ਕੁਮਾਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦਾ ਚੇਹਰਾ ਬਣਾਉਣ ਦੇ ਸਵਾਲ ਤੇ ਸ੍ਰੀ ਖਹਿਰਾ ਨੇ ਕਿਹਾ ਕਿ ਇਸ ਸਬੰਧੀ ਅੱਚ ਭਾਵੇਂ ਗੱਲ ਹੋ ਚੁੱਕੀ ਹੈ ਪਰ ਫੇਰ ਵੀ ਉਨ੍ਹਾਂ ਦੀ ਸਾਰੀ ਟੀਮ ਕੁਮਾਰੀ ਮਾਇਆਵਤੀ ਨੂੰ ਜਲਦ ਦਿੱਲੀ ਜਾ ਕੇ ਮਿਲੇਗੇ।

# ਕਰਤਾਰਪੁਰ ਲਾਂਘਾ ਮਿੱਥੇ ਸਮੇਂ ਵਿਚ ਤਿਆਰ ਹੋਵੇਗਾ: ਰਾਜਨਾਥ

**ਅਟਾਰੀ (ਅੰਮ੍ਰਿਤਸਰ)–** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਭਾਰਤ ਸਰਕਾਰ ਵਲੋਂ ਹਰ ਹਾਲਤ ਵਿਚ ਤਿਆਰ ਕੀਤਾ ਜਾਵੇਗਾ ਅਤੇ ਭਾਰਤ ਵਾਲੇ ਪਾਸੇ ਦਾ ਲਾਂਘੇ ਵਾਲਾ ਹਿੱਸਾ ਕੇਂਦਰ ਸਰਕਾਰ ਨਿਰਧਾਰਿਤ ਸਮੇਂ ਵਿਚ ਮੁਕੰਮਲ ਕਰੇਗੀ। ਉਨ੍ਹਾਂ ਨੇ ਕਰਤਾਰਪੁਰ ਲਾਂਘਾ ਯੋਜਨਾ ਦੀ ਪ੍ਰਗਤੀ ਬਾਰੇ ਸਮੀਖਿਆ ਵੀ ਕੀਤੀ ਹੈ। ਇੱਥੇ ਅਟਾਰੀ-ਸਰਹੱਦ ’ਤੇ ਦਰਸ਼ਕ ਗੈਲਰੀ ਦਾ ਉਦਘਾਟਨ ਅਤੇ ਬੀਐਸਐਫ ਜਵਾਨਾਂ ਦੇ ਰਿਹਾਇਸ਼ੀ ਕੰਪਲੈਕਸ ਦਾ ਨੀਂਹ ਪੱਥਰ ਰੱਖਣ ਆਏ ਕੇਂਦਰੀ ਗ੍ਰਹਿ ਮੰਤਰੀ ਨੇ ਰੀਟ੍ਰੀਟ ਰਸਮ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਨ੍ਹਾਂ ਅੱਜ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਯੋਜਨਾ ਬਾਰੇ ਵੱਖ ਵੱਖ ਮੰਤਰਾਲਿਆਂ ਦੇ ਸਕੱਤਰਾਂ ਨਾਲ ਇਕ ਸਮੀਖਿਆ ਮੀਟਿੰਗ ਕੀਤੀ ਹੈ ਅਤੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਭਾਰਤ ਸਰਕਾਰ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਭਾਰਤ ਵਾਲੇ ਪਾਸੇ ਦਾ ਲਾਂਘੇ ਸਬੰਧੀ ਕੰਮ ਨਿਰਧਾਰਿਤ ਸਮੇਂ ਵਿਚ ਪੂਰਾ ਕੀਤਾ ਜਾਵੇਗਾ। ਗ੍ਰਹਿ ਮੰਤਰੀ ਨੇ ਕਿਹਾ ਕਿ ਸਬੰਧਤ ਵਿਭਾਗਾਂ ਨੂੰ ਹਦਾਇਤ ਵੀ ਕੀਤੀ ਗਈ ਹੈ ਕਿ ਇਸ ਕੰਮ ਨੂੰ ਮਿੱਥੇ ਸਮੇਂ ਵਿਚ ਮੁਕੰਮਲ ਕੀਤਾ ਜਾਵੇ। ਦੱਸਣਯੋਗ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਦੋਵਾਂ ਦੇਸ਼ਾਂ ਵੱਲੋਂ ਸਮਝੌਤੇ ਦਾ ਖਰੜਾ ਵੀ ਸਾਂਝਾ ਕੀਤਾ ਗਿਆ ਹੈ। ਪਾਕਿਸਤਾਨ ਵਾਲੇ ਪਾਸੇ ਇਸ ਸਬੰਧੀ ਕੰਮ ਜਾਰੀ ਹੈ। ਜਦਕਿ ਭਾਰਤ ਵਾਲੇ ਪਾਸਿਉਂ ਵੀ ਲਾਂਘੇ ਸਬੰਧੀ ਜ਼ਮੀਨ ਪ੍ਰਾਪਤ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਅਟਾਰੀ ਸਥਿਤ ਫੁੱਲ ਬਾਡੀ ਟਰੱਕ ਸਕੈਨਰ ਸਥਾਪਿਤ ਕਰਨ ਵਿਚ ਹੋ ਰਹੀ ਦੇਰ ਸਬੰਧੀ ਇਕ ਸਵਾਲ ਦੇ ਜਵਾਬ ਵਿਚ ਕੇਂਦਰੀ ਗ੍ਰਹਿ ਮੰਤਰੀ ਨੇ ਆਖਿਆ ਕਿ ਬਾਕੀ ਰਹਿੰਦਾ ਕੰਮ ਕੁਝ ਸਮੇਂ ਵਿਚ ਹੀ ਮੁਕੰਮਲ ਹੋ ਜਾਵੇਗਾ।

SKY TRANSPORT SOLUTIONS

STRIVE FOR MORE



ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540


Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਸਿੱਖ ਉਪਰ ਹਮਲਾ ਕਰਨ ਦੇ ਮਾਮਲੇ ਵਿਚ ਨਫ਼ਰਤੀ ਅਪਰਾਧ ਤਹਿਤ ਦੋਸ਼ ਆਇਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਸਟੋਰ ਵਿਚ ਕੰਮ ਕਰਦੇ ਭਾਰਤੀ ਮੂਲ ਦੇ ਇਕ ਸਿੱਖ ਉਪਰ ਹਮਲਾ ਕਰਨ ਦੇ ਮਾਮਲੇ ਵਿਚ ਓਰਗੋਨ ਦੇ ਵਾਸੀ ਇਕ ਵਿਅਕਤੀ ਵਿਰੁੱਧ ਨਫ਼ਰਤੀ ਅਪਰਾਧ ਤਹਿਤ ਦੋਸ਼ ਆਇਦ ਕੀਤੇ ਗਏ ਹਨ। ਅਦਾਲਤ ਵਿਚ ਆਇਦ ਦੋਸ਼ਾਂ ਅਨੁਸਾਰ 24 ਸਾਲਾ ਐਂਡਰੀਊ ਰਾਮਸੇਅ ਨੇ ਹਰਸਿੰਦਰ ਸਿੰਘ ਡੌਡ ਨਾਮੀ ਸਿੱਖ ਉਪਰ ਉਸ ਦੇ ਧਰਮ ਕਾਰਨ ਹਮਲਾ ਕੀਤਾ। ਜਦੋਂ ਡੌਡ ਉਪਰ ਹਮਲਾ ਕੀਤਾ ਸਿਆ ਤਾਂ ਸਟੋਰ ਵਿਚ ਮੌਜੂਦ ਹੋਰ ਗਾਹਕ ਉਸ ਦੀ ਮੱਦਦ ਲਈ ਦੌੜੇ। ਮੌਕੇ 'ਤੇ ਮੌਜੂਦਾ ਇਕ ਗਵਾਹ ਅਨੁਸਾਰ ਝਗੜਾ ਉਸ ਸਮੇਂ ਹੋਇਆ ਜਦੋਂ ਐਂਡਰੀਊ ਨੇ ਸਿਗਰਟਾਂ ਵਾਸਤੇ ਰੋਲਿੰਗ ਪੇਪਰ ਮੰਗਿਆ ਪਰੰਤੂ ਉਸ ਕੋਲ ਪਛਾਣ ਆਈ.ਡੀ ਨਾ ਹੋਣ ਕਾਰਨ ਕਲਰਕ ਨੇ ਰੋਲਿੰਗ ਪੇਪਰ ਦੇਣ ਤੋਂ ਨਾਂਹ ਕਰ ਦਿੱਤੀ। ਇਸ ਉਪਰੰਤ ਐਂਡਰੀਊ ਨੇ ਡੌਡ ਉਪਰ ਹਮਲਾ ਕਰ ਦਿੱਤਾ ਤੇ ਨਸਲੀ ਟਿੱਪਣੀਆਂ ਕੀਤੀਆਂ।



# ਈਵਨਿੰਗ ਸਕੂਲ ਵਰਿਆਣਾ ਨੂੰ ਪ੍ਰਵਾਸੀ ਭਾਰਤੀ ਅਮੋਲਕ ਸਿੰਘ ਗਾਖਲ ਨੇ 1 ਲੱਖ ਦੇਣ ਤੇ ਸਕੂਲ ਦਾ ਹਾਲ ਬਣਾਉਣ ਦਾ ਕੀਤਾ ਐਲਾਨ

**ਜਲੰਧਰ–** ਸਮਾਜ ਸੇਵਕ ਪ੍ਰਵਾਸੀ ਭਾਰਤੀ ਅਮੋਲਕ ਸਿੰਘ ਗਾਖਲ ਨੇ ਪਿੰਡ ਵਰਿਆਣਾ ਵਿਖੇ ਨੌਜਵਾਨਾਂ ਤੇ ਸਮਾਜ ਸੇਵਕਾਂ ਦੇ ਸਹਿਯੋਗ ਨਾਲ ਪਿਛਲੇ ਕਰੀਬ 25 ਸਾਲਾਂ ਤੋਂ ਚਲਾਏ ਜਾ ਰਹੇ ਈਵਨਿੰਗ ਸਕੂਲ ਨੂੰ 1 ਲੱਖ ਰੁਪਏ ਹਰ ਸਾਲ ਦੇਣ ਦਾ ਐਲਾਨ ਕੀਤਾ। ਵਰਿਆਣਾ ਵਿਖੇ ਕਰਵਾਏ ਸਮਾਗਮ ਦੌਰਾਨ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪਿੰਡ ਵਰਿਆਣਾ ਵਿਖੇ ਬਿਨਾਂ ਕਿਸੇ ਨਿੱਜੀ ਸਵਾਰਥ ਦੇ ਪਿਛਲੇ ਕਰੀਬ 25 ਸਾਲਾਂ ਤੋਂ ਉਕਤ ਸਕੂਲ 'ਚ ਕਰੀਬ 164 ਬੱਚਿਆਂ ਨੂੰ ਬਿਨਾਂ ਕਿਸੇ ਨਿੱਜੀ ਸਵਾਰਥ ਦੇ ਸਿੱਖਿਆ ਪ੍ਰਦਾਨ ਕਰਨਾ ਸ਼ਲਾਘਾਯੋਗ ਕਦਮ ਹੈ, ਜਿਸ ਦਾ ਸਿਹਰਾ ਸਹਿਯੋਗੀ ਸੱਜਣਾਂ ਦੇ ਨਾਲ ਨਾਲ ਨੌਜਵਾਨ ਲੜਕੇ-ਲੜਕੀਆਂ ਦੇ ਸਿਰ ਜਾਂਦਾ ਹੈ। ਉਹਨਾਂ ਨੇ ਕਿਹਾ ਕਿ ਇਸ ਸਕੂਲ ਨੂੰ 1 ਲੱਖ ਰੁਪਏ ਹਰ ਸਾਲ ਦੇਣ ਤੋਂ ਇਲਾਵਾ ਜੇਕਰ ਵਿਦਿਆਰਥੀਆਂ ਦੀ ਪੜ੍ਹਾਈ ਲਈ ਹੋਰ ਖਰਚੇ ਦੀ ਜ਼ਰੂਰਤ ਹੋਵੇਗੀ ਤਾਂ ਉਹ ਦਿਲ ਖੋਲ੍ਹ ਕੇ ਕਰਨਗੇ। ਉਹਨਾਂ ਕਿਹਾ ਕਿ ਸਾਡੇ ਗਾਖਲ ਪਰਿਵਾਰ ਦਾ ਮੁੱਖ ਟੀਚਾ ਹੈ ਕਿ ਆਪਣੇ ਦਸਵੰਧ 'ਚੋਂ ਸਿਰਫ਼ ਸਿੱਖਿਆ 'ਤੇ ਪੈਸਾ ਖਰਚ ਕੀਤਾ ਜਾਵੇ, ਗਰੀਬ, ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਭਰਪੂਰ ਸਹਿਯੋਗ ਦਿੱਤਾ ਜਾਵੇਗਾ ਤਾਂ ਕਿ ਕੋਈ ਵੀ ਬੱਚਾ ਆਰਥਿਕ ਕਮਜ਼ੋਰੀ ਕਰਕੇ ਪੜ੍ਹਾਈ ਪੱਖੋਂ ਵਾਂਝਾ ਨਾ ਰਹੇ।


ਇਸ ਮੌਕੇ ਸਕੂਲ ਹੈੱਡ ਸੁਸ਼ਮਾ ਵਰਿਆਣਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁਨੀਤਾ ਵਰਿਆਣਾ, ਸਰਪੰਚ ਸੁਰਿੰਦਰ ਕੌਰ, ਜਤਿੰਦਰ, ਰੋਹਿਤ, ਨੇਹਾ, ਸਿਮਰਨ, ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜੇਸ਼ ਵਰਿਆਣਾ, ਮੁਕੇਸ਼ ਵਰਿਆਣਾ, ਫੌਜੀ ਕਮਲਜੀਤ, ਮਨਪ੍ਰੀਤ ਬੈਂਸ, ਦੀਕਸ਼ਾ, ਮੁਸਕਾਨ ਤੇ ਅਜੇ ਵਰਿਆਣਾ ਆਦਿ ਹਾਜ਼ਰ ਸਨ।



# ਡਾ.ਖਹਿਰਾ ਦੇ ਸਹਿਯੋਗ ਨਾਲ ਪੰਜਾਬ ਸਪੋਰਟਸ ਕਲੱਬ ਵੱਲੋਂ ਬਾਬਾ ਫੌਜਾ ਸਿੰਘ ਅਤੇ ਨੈਂਣਦੀਪ ਚੰਨ ਦਾ ਫਰਿਜ਼ਨੋ ਵਿਖੇ ਸਨਮਾਨ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਡਾ. ਅਜੀਤ ਸਿੰਘ ਖਹਿਰਾ ਦੇ ਸਹਿਯੋਗ ਨਾਲ ਪੰਜਾਬ ਸਪੋਰਟਸ ਕਲੱਬ ਵੱਲੋਂ ਬਾਬਾ ਫੌਜਾ ਸਿੰਘ ਅਤੇ ਨੈਂਣਦੀਪ ਚੰਨ ਦਾ ਫਰਿਜ਼ਨੋ ਦੇ (IKP) ਇੰਡੀਆ ਕਬਾਬ ਪੈਲਿਸ ਰੈਸਟੋਰੈਂਟ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਬਾਬਾ ਫੌਜਾ ਸਿੰਘ ਜੋ ਕਿ 107 ਦੀ ਉਮਰ ਵਿੱਚ ਪੂਰੇ ਚੁਸਤ ਫੁਰਤ ਇੱਕ ਸਿਹਤਮੰਦ ਦੌੜਾਕ ਦੇ ਤੌਰ ਤੇ ਪੂਰੀ ਦੁਨੀਆਂ ਵਿੱਚ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰ ਰਹੇ ਹਨ, ਅਤੇ ਅੱਜ-ਕੱਲ੍ਹ ਉਹ ਆਪਣੀ ਅਮਰੀਕਾ ਫੇਰੀ ਤੇ ਹਨ ਅਤੇ ਉਹਨਾਂ ਦੀਆਂ ਸੇਵਾਵਾਂ ਬਦਲੇ ਫਰਿਜ਼ਨੋ ਵਿਖੇ ਉਹਨਾਂ ਨੂੰ ਸਨਮਾਨਿਆ ਗਿਆ ।ਇਸੇ ਤਰਾਂ ਫਰਿਜ਼ਨੋ ਸ਼ਹਿਰ ਦੀ ਸਿਆਸਤ ਵਿੱਚ ਉੱਭਰਦੇ ਹੋਏ ਪੰਜਾਬੀ ਗੱਭਰੂ ਨੈਂਣਦੀਪ ਸਿੰਘ ਚੰਨ ਜਿਨਾਂ ਨੇ ਪਿਛਲੇ ਦਿਨੀ ਫਰਿਜ਼ਨੋ ਦੇ ਸੈਂਟਰਲ ਸਕੂਲ ਬੋਰਡ ਸੱਤ ਦੀ ਚੋਣ ਜਿੱਤਕੇ ਪੰਜਾਬੀ ਭਾਈਚਾਰੇ ਨੂੰ ਡਾਢਾ ਮਾਣ ਦਿਵਾਇਆ ਸੀ, ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਨੈਂਣਦੀਪ ਨੇ ਸਮੂਹ ਪੰਜਾਬੀ ਭਾਈਚਾਰੇ ਦਾ ਸਪੋਰਟ ਲਈ ਸ਼ੁਕਰੀਆ ਅਦਾ ਕੀਤਾ। ਇਸ ਸਮੇਂ ਬੋਲਣ ਵਾਲੇ ਬੁਲਾਰਿਆਂ ਵਿੱਚ ਗੁਰਨੇਕ ਸਿੰਘ ਬਾਗੜੀ, ਬਲਵੀਰ ਸਿੰਘ ਢਿੱਲੋਂ, ਬਾਪੂ ਫੌਜਾ ਸਿੰਘ, ਨੈਂਣਦੀਪ ਸਿੰਘ ਚੰਨ ਅਤੇ ਚਰਨਜੀਤ ਸਿੰਘ ਬਾਠ ਆਦਿ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਡਾ. ਚੰਨ ਅਤੇ ਪਿਛੌਰਾ ਸਿੰਘ ਢਿਲੋਂ ਆਦਿ ਨੇ ਕਵਿਤਾਵਾਂ ਅਤੇ ਗਾਇਕੀ ਰਾਹੀਂ ਖ਼ੂਬ ਰੰਗ ਬੰਨਿਆ। ਇਸ ਮੌਕੇ ਸਟੇਜ ਸੰਚਾਲਨ ਉੱਘੇ ਸਮਾਜ ਸੇਵੀ ਸੁਖਬੀਰ ਭੰਡਾਲ ਨੇ ਬਾਖ਼ੂਬੀ ਕੀਤਾ। ਇਸ ਪ੍ਰੋਗਰਾਮ ਵਿੱਚ ਫਰਿਜ਼ਨੋ ਸ਼ਹਿਰ ਦੀਆਂ ਉਘੀਆ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਤੇ ਇਸ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ।






ਸ. ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਦਾ ਭਤੀਜਾ ਅਤੇ ਪਰਮਿੰਦਰ ਸਿੰਘ ਗਾਖਲ ਦਾ ਮੁੰਡਾ ਜਸਕਰਨ ਗਾਖਲ ਅਗਲੇ ਕੁਝ ਦਿਨਾਂ ਵਿਚ ਪੀ. ਟੀ. ਸੀ. ਨੈਟਵਰਕ ਵੱਲੋਂ ਲਾਂਚ ਕੀਤਾ ਜਾ ਰਿਹਾ ਹੈ। ਪੰਜਾਬੀ ਸੰਗੀਤ ਉਦਯੋਗ ਵਿਚ ਕਦਮ ਰੱਖਣ ਤੇ ਜਸਕਰਨ ਅਤੇ ਸਮੂਹ ਗਾਖਲ ਪਰਿਵਾਰ ਨੂੰ ਵਧਾਈਆਂ।






# ਜੀ. ਐਚ. ਜੀ. ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 9 ਮਾਰਚ ਨੂੰ ਹੋਵੇਗੀ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਜੀ. ਐਚ. ਜੀ. ਅਕੈਡਮੀ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਜਸਵੰਤ ਸਿੰਘ ਖਾਲੜਾ ਪਾਰਕ' ਫਰਿਜ਼ਨੋ ਵਿਖੇ 8ਵਾਂ ਸਲਾਨਾ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ ਇਸ ਸਾਲ 9 ਮਾਰਚ ਨੂੰ ਹੋਵੇਗੀ। ਜਿਸ ਸੰਬੰਧੀ ਅਕੈਡਮੀ ਵੱਲੋਂ ਸਹਿਯੋਗੀ ਮੈਂਬਰਾਂ ਲਈ ਰੱਖੇ ਗਏ ਦੁਪਹਿਰ ਦੇ ਖਾਣੇ ਦੌਰਾਨ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਸਮੇਂ ਬੱਚਿਆ ਨੇ ਮੰਨੋਰੰਜਨ ਲਈ ਗੀਤ ਗਾਏ ਅਤੇ ਖੇਡਾਂ ਖੇਡੀਆਂ। ਇਸ ਸਮੇਂ ਬੁਲਾਰਿਆਂ ਵਿੱਚ ਗੁਰਦੀਪ ਸ਼ੇਰਗਿੱਲ, ਬਸੰਤ ਸਿੰਘ ਧਾਲੀਵਾਲ, ਸੁਖਦੇਵ ਸਿੱਧੂ ਪਰਮਜੀਤ ਧਾਲੀਵਾਲ ਅਤੇ ਬਾਕੀ ਮੈਂਬਰਾਂ ਨੇ ਵਿਚਾਰਾਂ ਦੀ ਸਾਂਝ ਪਾਈ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਅਤੇ ਬੱਚਿਆ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਨਵੇਂ ਪ੍ਰੋਗਰਾਮ ਉਲੀਕੇ ਗਏ। ਹਰ ਸਾਲ ਵਾਂਗ ਮਹੌਲ ਇਕ ਦੇਸੀ ਪੰਜਾਬੀ ਮੇਲੇ ਦੀ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰੇਗਾ। ਜਿਸ ਦੌਰਾਨ ਫਰੀ ਮੈਡੀਕਲ ਚੈਕਅੱਪ ਕੈਂਪ ਵੀ ਲਾਇਆ ਜਾਵੇਗਾ। ਇਸ ਵਿਰਾਸਤੀ ਖੇਡ ਮੇਲੇ ਵਿੱਚ ਬੱਚਿਆ ਵੱਲੋਂ ਪੰਜਾਬੀ ਵਿਰਾਸਤੀ ਖੇਡਾਂ ਜਿੰਨ੍ਹਾਂ ਵਿੱਚ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ, ਨਿੰਬੂ ਰੇਸ਼, ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਜਾਵੇਗਾ। ਜਦ ਕਿ ਸਥਾਨਿਕ ਬਾਬਿਆਂ ਦੇ ਗਰੁੱਪਾ ਵੱਲੋਂ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ ਜਾਣਗੇ। ਇਸੇ ਦੌਰਾਨ ਔਰਤਾਂ ਵੱਲੋਂ ਵੀ ਚਾਟੀ ਰੇਸ, ਮਿਊਜ਼ੀਕਲ ਚੇਅਰ, ਗੀਤ ਅਤੇ ਬੋਲੀਆਂ ਆਦਿਕ ਦੇ ਮੁਕਾਬਲੇ ਹੋਣਗੇ। ਜਿਸ ਤੋਂ ਇਲਾਵਾ ਬਾਸਕਟਬਾਲ, ਵਾਲੀਬਾਲ ਅਤੇ ਸਾਕਰ ਦੇ ਮੁਕਾਬਲੇ ਵੀ ਹੋਣਗੇ। ਬਜ਼ੁਰਗਾ ਵੱਲੋਂ ਆਪਣੀ ਰੱਸਾਕਸੀ ਦੇ ਜੌਹਰ ਵੀ ਦਿਖਾਏ ਜਾਣਗੇ। ਇਸ ਮੌਕੇ 1972 ਉਲੰਪਕ ਦੇ 'ਟਰਿੱਪਲ ਜੰਪ' ਜੇਤੂ ਸ. ਮਹਿੰਦਰ ਸਿੰਘ ਗਿੱਲ ਦਾ ਸਨਮਾਨ ਕੀਤਾ ਜਾਵੇਗਾ। ਸਮੁੱਚੇ ਪ੍ਰੋਗਰਾਮ ਦੌਰਾਨ ਹਾਜ਼ਰੀਨ ਲਈ ਜਲੇਬੀਆਂ, ਪਕੌੜਿਆ ਅਤੇ ਹੋਣ ਫਰੂਟ ਆਦਿਕ ਦੇ ਲੰਗਰਾਂ ਦੇ ਖੁੱਲ੍ਹੇ ਪ੍ਰਬੰਧ ਹੋਣਗੇ। ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਇਸ ਮੇਲੇ ਵਿੱਚ ਸਾਮਲ ਹੋਣ ਦੀ ਅਪੀਲ ਕੀਤੀ ਗਈ। ਇਸ ਸਮੇਂ ਹਾਜ਼ਰ ਸ਼ਖ਼ਸੀਅਤਾਂ ਵਿੱਚ ਉਦੈਦੀਪ ਸਿੱਧੂ, ਪਰਮਜੀਤ ਧਾਲੀਵਾਲ, ਗੁਰਪ੍ਰੀਤ ਸ਼ੇਰਗਿੱਲ, ਬਸੰਤ ਧਾਲੀਵਾਲ, ਸੁਖਦੇਵ ਸਿੱਧੂ, ਸੁਖਮਿੰਦਰ ਸਰੋਏ, ਜਗਰੂਪ ਧਾਲੀਵਾਲ, ਅਰਵਿੰਦਰ ਕਾਹਲੋਂ, ਪ੍ਰੀਤ ਗਿੱਲ, ਸੁਰਜੀਤ ਸਿੰਘ ਨਾਗੀ ਆਦਿਕ ਬਹੁਤ ਸਾਰੇ ਅਣਥੱਕ ਮੈਂਬਰਾਂ ਨੇ ਪਰਿਵਾਰਾਂ ਸਮੇਤ ਹਿੱਸਾ ਲਿਆ।



## ਸਿੱਖ ਭਾਈਚਾਰੇ ਨੇ 'ਸ਼ੱਟ ਡਾਊਨ' ਤੋਂ ਪ੍ਰਭਾਵਿਤ ਅਮਰੀਕੀ ਮੁਲਾਜ਼ਮਾਂ ਲਈ ਲਾਇਆ ਲੰਗਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਮੈਕਸੀਕੋ ਨਾਲ ਲੱਗਦੀ ਸਰਹੱਦ ਉਪਰ ਕੰਧ ਬਣਾਉਣ ਦੇ ਮਾਮਲੇ ਵਿਚ ਪਏ ਅੜਿੱਕੇ ਕਾਰਨ ਚੱਲ ਰਹੇ 'ਸ਼ੱਟ ਡਾਊਨ' ਤੋਂ ਪ੍ਰਭਾਵਿਤ ਹੋਏ ਮੁਲਾਜ਼ਮਾਂ ਲਈ ਸੈਨ ਐਨਟੋਨੀਓ, ਟੈਕਸਾਸ ਵਿਚ ਸਿੱਖ ਭਾਈਚਾਰੇ ਨੇ ਲੰਗਰ ਲਾਇਆ। ਸੈਨ ਐਨਟੋਨੀਓ ਦੇ ਗੁਰੂ ਘਰ ਸਿੱਖ ਸੈਂਟਰ ਦੇ ਪ੍ਰਧਾਨ ਬਲਵਿੰਦਰ ਸਿੰਘ ਢਿੱਲੋਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਭਾਈਚਾਰਾ ਅਮਰੀਕੀ ਮੁਲਾਜ਼ਮਾਂ, ਜਿਹਨਾਂ ਨੂੰ ਤਨਖਾਹ ਨਹੀਂ ਮਿਲੀ ਦਾ ਸਮਰਥਨ ਕਰਦਾ ਹੈ। ਮੁਲਾਜ਼ਮਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਗੁਰੂ ਘਰ ਵਿਚ ਲੰਗਰ ਛਕਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਇੱਥੇ ਵਰਣਨਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਲਈ ਮੈਕਸੀਕੋ ਸਰਹੱਦ ਉਪਰ ਕੰਧ ਬਣਾਉਣ ਵਾਸਤੇ 5.7 ਅਰਬ ਡਾਲਰ ਦੀ ਮੰਗ ਕਰ ਰਿਹਾ ਹੈ ਜਦਕਿ ਡੈਮੋਕ੍ਰੇਟਸ ਦਾ ਤਰਕ ਹੈ ਕਿ ਇਹ ਲੋਕਾਂ ਦੇ ਪੈਸੇ ਦੀ ਬਰਬਾਦੀ ਹੈ। ਇਸ ਪੈਦਾ ਹੋਏ ਟਕਰਾਅ ਕਾਰਨ ਹਜ਼ਾਰਾਂ ਮੁਲਾਜ਼ਮ ਤਨਖਾਹ ਤੋਂ ਬਿਨਾਂ ਦਿਨ ਕੱਟਣ ਲਈ ਮਜਬੂਰ ਹਨ। ਸੰਘੀ ਸਰਕਾਰ ਦੇ ਪ੍ਰਮੁੱਖ ਵਿਭਾਗਾਂ ਦੇ 80 ਹਜ਼ਾਰ ਤੋਂ ਵੱਧ ਮੁਲਾਜ਼ਮ ਬਿਨਾਂ ਕੰਮ ਤੋਂ ਵਿਹਲੇ ਫਿਰ ਰਹੇ ਹਨ। ਸ਼ੱਟ ਡਾਊਨ ਚੌਥੇ ਹਫਤੇ ਵਿਚ ਦਾਖਲ ਹੋ ਗਿਆ ਹੈ। ਜਾਣਕਾਰੀ ਅਨੁਸਾਰ ਸਿੱਖ ਭਾਈਚਾਰੇ ਨੇ ਬਿਨਾਂ ਤਨਖਾਹਾਂ ਤੋਂ ਕੰਮ ਕਰਨ ਲਈ ਮਜਬੂਰ ਸਾਰੇ ਸੰਘੀ ਮੁਲਾਜ਼ਮਾਂ ਜਾਂ ਆਰਜ਼ੀ ਤਾਲਾਬੰਦੀ ਕਰਕੇ ਫਰਲੋ ਮਾਰਨ ਵਾਲੇ ਮੁਲਾਜ਼ਮਾਂ ਦਾ ਲੰਗਰਾਂ ਰਾਹੀਂ ਢਿੱਡ ਭਰਿਆ। 11 ਜਨਵਰੀ ਤੋਂ ਤਿੰਨ ਦਿਨ ਲਈ ਲਾਏ ਲੰਗਰ ਵਿੱਚ ਸੱਜਰਾ ਤੇ ਗਰਮ ਸ਼ਾਕਾਹਾਰੀ ਖਾਣਾ ਵਰਤਾਇਆ ਗਿਆ। ਸਿੱਖ ਭਾਈਚਾਰੇ ਨੇ ਲੰਗਰ ਲਈ ਗੁਰਦੁਆਰੇ ਦੇ ਮੀਨੂ ਮੁਤਾਬਕ ਵਸਤਾਂ ਜਿਵੇਂ ਮਸਰਾਂ ਦੀ ਦਾਲ, ਸਬਜ਼ੀਆਂ, ਚੌਲ ਤੇ ਪ੍ਰਸ਼ਾਦੇ ਤਿਆਰ ਕੀਤੇ। ਸਾਂ ਅੰਤੋਨੀਓ ਦੇ ਗੁਰਦੁਆਰੇ ਦੇ ਪ੍ਰਧਾਨ ਬਲਵਿੰਦਰ ਢਿੱਲੋਂ ਨੇ ਕਿਹਾ, 'ਸਿੱਖ ਭਾਈਚਾਰਾ ਉਨ੍ਹਾਂ ਸੰਘੀ ਮੁਲਾਜ਼ਮਾਂ ਦੇ ਨਾਲ ਡਟ ਕੇ ਖੜ੍ਹਾ ਹੈ, ਜਿਨ੍ਹਾਂ ਨੂੰ ਅਜੇ ਤਕ ਤਨਖਾਹਾਂ ਨਹੀਂ ਮਿਲੀਆਂ।'



ਸਾਂ ਅੰਤੋਨੀਓ ਦਾ ਸਿੱਖ ਸੈਂਟਰ ਸ਼ਹਿਰ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ, ਜੋ 2001 ਵਿੱਚ ਸਥਾਪਤ ਕੀਤਾ ਗਿਆ ਸੀ। ਗੁਰਦੁਆਰੇ ਵੱਲੋਂ ਨਵੇਂ ਪਰਵਾਸੀਆਂ ਨੂੰ ਉਨ੍ਹਾਂ ਦੀ ਲੋੜ ਮੁਤਾਬਕ ਖਾਣਾ, ਕੱਪੜੇ ਤੇ ਆਸਰਾ ਵੀ ਦਿੱਤਾ ਜਾਂਦਾ ਹੈ।

### ਵ੍ਹਾਈਟ ਹਾਊਸ ਦਾ ਨਵਾਂ ਹੰਭਲਾ

ਤਾਲਾਬੰਦੀ ਨਾਲ ਜੂਝ ਰਹੇ ਵ੍ਹਾਈਟ ਹਾਊਸ ਨੇ ਸੰਘੀ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਦੀ ਅਗਲੀ ਆਖਰੀ ਤਰੀਕ ਨੇੜੇ ਆਉਂਦਿਆਂ ਵੇਖ ਇਸ ਜਮੂਦ ਨੂੰ ਖ਼ਤਮ ਕਰਨ ਲਈ ਨਵਾਂ ਤਰੀਕਾ ਅਪਣਾਇਆ ਹੈ। ਵ੍ਹਾਈਟ ਹਾਊਸ ਵੱਲੋਂ ਹੁਣ ਸਦਨ ਦੀ ਮੁਖੀ ਨੈਨਸੀ ਪੈਲੋਸੀ ਨੂੰ ਦਰਕਿਨਾਰ ਕਰਕੇ ਪਾਰਟੀ ਦੇ ਹੋਰਨਾਂ ਮੈਂਬਰਾਂ ਤੇ ਸੰਸਦ ਮੈਂਬਰਾਂ ਨਾਲ ਰਾਬਤੇ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਧਰ ਅਮਰੀਕੀ ਸਦਰ ਨੇ ਕਿਹਾ ਕਿ ਤਾਲਾਬੰਦੀ ਅਜੇ ਹੋਰ ਲੰਮੀ ਖਿੱਚ ਸਕਦੀ ਹੈ। ਟਰੰਪ ਤਾਲਾਬੰਦੀ ਤੋਂ 25ਵੇਂ ਦਿਨ ਵੀ ਕੰਧ ਲਈ 5.7 ਅਰਬ ਡਾਲਰ ਦੀ ਮੰਗ ਲਈ ਬਜ਼ਿੱਦ ਹਨ।

## ਅਮਰੀਕਾ ਵਿੱਚ ਸਿੱਖ ਦਸਤਾਰ ਲਈ ਨੀਤੀ ਬਦਲਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਮਾਜ ਸੇਵੀ ਅਤੇ ਸਨਅਤਕਾਰ ਗੁਰਿੰਦਰ ਸਿੰਘ ਖਾਲਸਾ ਨੂੰ ਰੋਜ਼ਾ ਪਾਰਕਸ ਟਰੇਲਬਲੇਜ਼ਰ ਐਵਾਰਡ ਮਿਲਿਆ

**ਨਿਊਯਾਰਕ (ਰਾਜ ਗੋਗਨਾ)—** ਅਮਰੀਕਾ ਦੇ ਸੂਬੇ ਇੰਡਿਆਨਾ ਵਿੱਚ ਰਹਿਣ ਵਾਲੇ 45 ਸਾਲਾ ਗੁਰਵਿੰਦਰ ਸਿੰਘ ਖਾਲਸਾ ਨੂੰ ਇਹ ਸਨਮਾਨ ਦਸਤਾਰ ਦੇ ਮਸਲੇ ਬਾਰੇ ਦਿਖਾਈ ਆਪਣੀ ਹਿੰਮਤ ਅਤੇ ਜਜ਼ਬੇ ਲਈ ਦਿੱਤਾ ਗਿਆ ਹੈ।ਯਾਦ ਰਹੇ ਕਿ 2007 ਵਿੱਚ ਗੁਰਿੰਦਰ ਸਿੰਘ ਨੇ ਹਵਾਈ ਜਹਾਜ਼ 'ਤੇ ਚੜ੍ਹਨ ਤੋਂ ਉਸ ਵੇਲੇ ਇਨਕਾਰ ਕਰ ਦਿੱਤਾ ਸੀ ਜਦੋਂ ਉਨ੍ਹਾਂ ਨੂੰ ਚੈਕਿੰਗ ਲਈ ਦਸਤਾਰ ਲਾਹੁਣ ਲਈ ਕਿਹਾ ਗਿਆ ਸੀ।



ਗੁਰਿੰਦਰ ਸਿੰਘ ਖਾਲਸਾ ਜੋ ਸਿੱਖ ਪੈਕ ਦੇ ਚੇਅਰਮੈਨ ਵੀ ਹਨ ਜਿੰਨਾ ਦਾ ਪਿਛੋਕੜ ਹਰਿਆਣੇ ਨਾਲ ਹੈ ਨੇ ਉਸ ਘਟਨਾ ਬਾਰੇ ਸਾਡੇ ਪੱਤਰਕਾਰ ਨੂੰ ਦੱਸਦੇ ਹੋਏ ਕਿਹਾ, "ਮੈਨੂੰ ਸੰਨ 2007 ਚ' ਫਲਾਈਟ ਵਿੱਚ ਇਸ ਲਈ ਬੈਠਣ ਨਹੀਂ ਦਿੱਤਾ ਗਿਆ ਸੀ ਕਿਉਂਕਿ ਮੈਂ ਦਸਤਾਰ ਲਾਹੁਣ ਤੋਂ ਮਨ੍ਹਾ ਕਰ ਦਿੱਤਾ ਸੀ। ਮੈਂ ਇਹ ਸਟੈਂਡ ਧਾਰਮਿਕ ਆਜ਼ਾਦੀ ਲਈ ਲਿਆ ਸੀ।''ਅੱਜ ਸਿੱਖਾਂ ਦੀ ਪਹਿਚਾਣ ਪੂਰੀ ਅਮਰੀਕਾ ਚ' ਹੈ। ਅਤੇ ਅਮਰੀਕਨ ਜਾਣਦੇ ਹਨ ਕਿ ਸਿੱਖ ਇਕ ਵੱਖਰੀ ਕੋਮ ਹੈ ।ਅਤੇ ਕੋਮ ਦੀ ਪਹਿਚਾਣ ਨੂੰ ਜਾਣੂ ਕਰਵਾਉਣ ਲਈ ਮੈਨੂੰ ਬਹੁਤ ਸੰਘਰਸ਼ ਕਰਨਾ ਪਿਆਂ।

## ਅੰਤਰ ਰਾਸ਼ਟਰੀ ਕੁਸ਼ਤੀ ਕੋਚ ਤੇ ਰੈਫਰੀ ਜੱਜ ਗੁਰਚਰਨ ਸਿੰਘ ਢਿੱਲੋਂ ਦਾ ਚੰਡੀਗੜ੍ਹ ਹਵਾਈ ਅੱਡੇ ਤੇ ਨਿੱਘਾ ਸਵਾਗਤ

**ਚੰਡੀਗੜ੍ਹ (ਬਿਊਰੋ)–** ਵਿਸ਼ਵ ਚੈਂਪੀਅਨ ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ ਦੇ ਵੱਡੇ ਭਰਾ ਗੁਰਚਰਨ ਸਿੰਘ ਢਿੱਲੋਂ ਦਾ ਅਮਰੀਕਾ ਤੋਂ ਚੰਡੀਗੜ੍ਹ ਹਵਾਈ ਅੱਡੇ 'ਤੇ ਜ਼ਿਲ੍ਹਾ ਕੁਸ਼ਤੀ ਸੰਸਥਾ ਮੋਹਾਲੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਾਬਕਾ ਜ਼ਿਲ੍ਹਾ ਖੇਡ ਅਫਸਰ ਸ੍ਰੀ ਰਵੀ ਜੀ ਨੇ ਦੱਸਿਆ ਕਿ ਗੁਰਚਰਨ ਸਿੰਘ ਨੇ ਪੰਜਾਬ ਵਿਚ ਕੁਸ਼ਤੀ ਨੂੰ ਉਤਸ਼ਾਹਿਤ ਕਰਨ ਲਈ ਲੰਮਾ ਸਮਾਂ ਕੰਮ ਕੀਤਾ ਤੇ ਅੱਜਕਲ੍ਹ ਸਿਆਟਲ ਵਿਚ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਤੇ ਪੰਜਾਬੀ ਵਿਰਸੇ ਤੇ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਖੇਡ ਕੈਂਪ ਲਗਾ ਕੇ ਵਡਮੁੱਲਾ ਯੋਗਦਾਨ ਪਾ ਰਹੇ ਹਨ। ਉਹ ਪੰਜਾਬੀ ਭਾਈਚਾਰੇ ਦੇ ਸਾਂਝੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।



## ਸ਼ੋਕ ਸਮਾਚਾਰ

## ਸ. ਸੇਵਾ ਸਿੰਘ ਸਰ੍ਹਾਂ ਦੇ ਅਕਾਲ ਚਲਾਣੇ 'ਤੇ ਸਰ੍ਹਾਂ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਸ. ਸੇਵਾ ਸਿੰਘ ਸਰ੍ਹਾਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 19 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ 79 ਸਾਲ ਸੀ। ਉਨ੍ਹਾਂ ਦਾ ਜੱਦੀ ਪਿੰਡ ਚਿਪੜਾ ਸੀ, ਜੋ ਜਿਲ੍ਹਾਂ ਹੁਸ਼ਿਆਰਪੁਰ ਵਿੱਚ ਹੈ। ਪਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਚੰਡੀਗੜ੍ਹ ਵਿੱਚ ਬਿਤਾਇਆ। ਇਸ ਉਪਰੰਤ ਸਵ: ਸੇਵਾ ਸਿੰਘ ਸਰ੍ਹਾਂ ਪਿਛਲੇ 21 ਸਾਲਾ ਤੋਂ ਆਪਣੇ ਪੁੱਤਰ ਸਰਬਜੀਤ ਸਿੰਘ ਸਰ੍ਹਾਂ ਕੋਲ ਕੈਲੀਫੋਰਨੀਆਂ ਦੇ ਕਰਮਨ ਸ਼ਹਿਰ ਵਿਖੇ ਰਹਿ ਰਹੇ ਸਨ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਹਰ ਸਮੇਂ ਸਮਾਜਿਕ ਅਤੇ ਭਾਈਚਾਰਿਕ ਕਾਰਜਾਂ ਵਿੱਚ ਵੱਧ-ਚੜਕੇ ਹਿੱਸਾ ਲੈਂਦੇ ਸਨ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 26 ਜਨਵਰੀ 2019, ਦਿਨ ਸ਼ਨੀਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E[ Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ" ਕਰਮਨ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 4:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 680 S. Vineland Ave, Kerman, CA-93630 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਸਰਬਜੀਤ ਸਿੰਘ ਸਰ੍ਹਾਂ ਨਾਲ ਫੋਨ ਨੰਬਰ (559) 779-7134 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

ਦੇਸ਼ ਦੁਆਬਾ

# ਭਾਜਪਾ ਖਿਲਾਫ ਮਹਾਂਗੱਠਜੋੜ

ਤ੍ਰਿਣਾਮੂਲ ਕਾਂਗਰਸ ਦੀ ਮੁਖੀ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਸੱਦੇ ਤੇ ਭਾਰਤ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਦੁਆਰਾ ਸਥਾਪਤ ਕੀਤਾ ਗਿਆ ਮਹਾਂਗੱਠਜੋੜ ਭਾਰਤੀ ਸਿਆਸਤ ਦੇ ਲਈ ਬਹੁਤ ਅਹਿਮ ਹੈ। ਇਸ ਗੱਠਜੋੜ ਦਾ ਐਲਾਨ ਹੋਣ ਤੋਂ ਬਾਅਦ ਸੱਤਾਧਾਰੀ ਮੋਦੀ ਸਰਕਾਰ ਦੀਆਂ ਮੁਸ਼ਕਿਲਾਂ ਬਹੁਤ ਵੱਧ ਗਈਆਂ ਹਨ। ਕਈ ਮਸਲਿਆਂ ਦੇ ਉਤੇ ਜਨਤਾ ਦੇ ਵਿਰੋਧ ਦਾ ਸਾਹਮਣਾ ਕਰ ਰਹੀ ਭਾਰਤੀ ਜਨਤਾ ਪਾਰਟੀ ਇਸ ਗੱਠਜੋੜ ਦੇ ਖਿਲਾਫ ਕਿਵੇਂ ਆਪਣੀ ਰਣਨੀਤੀ ਅਪਣਾਉਂਦੀ ਹੈ, ਇਹ ਤਾਂ ਆਉਣ ਵਾਲੇ ਦਿਨਾਂ ਵਿਚ ਦੇਖਣ ਵਾਲਾ ਹੋਵੇਗਾ, ਪਰ ਇਸ ਨੇ ਭਾਜਪਾ ਦੀ ਅਗਵਾਈ ਵਾਲੇ ਐਨ. ਡੀ. ਏ. ਦੀਆਂ ਮੁਸ਼ਕਿਲਾਂ ਜ਼ਰੂਰ ਵਧਾ ਦਿੱਤੀਆਂ ਹਨ। ਮੁੱਖ ਪਾਰਟੀਆਂ ਦੇ ਆਗੂਆਂ ਅਤੇ ਭਾਰਤੀ ਜਨਤਾ ਪਾਰਟੀ ਵਿਚ ਲੰਬਾ ਸਮਾਂ ਰਹੇ ਅਰੁਣ ਸ਼ੋਰੀ, ਯਸ਼ਵੰਤ ਸਿਨਹਾ ਅਤੇ ਖ਼ਾਸ ਤੌਰ ਉੱਤੇ ਪਟਨਾ ਸਾਹਿਬ ਤੋਂ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਦੀ ਮੰਚ ਉੱਤੇ ਮੌਜੂਦਗੀ ਨੇ ਭਾਜਪਾ ਦੀਆਂ ਚਿੰਤਾ ਦੀਆਂ ਲਕੀਰਾਂ ਜ਼ਰੂਰ ਗੂੜ੍ਹੀਆਂ ਕਰ ਦਿੱਤੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੇ ਜਵਾਬ ਵਿਚ ਕਿਹਾ ਕਿ ਗੱਠਬੰਧਨ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਨੂੰ ਉਸ ਨੇ ਆਮ ਜਨਤਾ ਨੂੰ ਲੁੱਟਣ ਤੋਂ ਰੋਕਿਆ ਹੈ ਪਰ ਇਸ ਇਕੱਠ ਨੇ ਵਿਰੋਧੀਆਂ ਨੂੰ ਉਤਸ਼ਾਹਿਤ ਕੀਤਾ ਹੈ।

ਰੈਲੀ ਦੌਰਾਨ ਭਾਜਪਾ ਨੂੰ ਹਰਾਉਣ ਲਈ ਸਾਂਝੇ ਤੌਰ 'ਤੇਂ ਹਰ ਸੀਟ ਉੱਤੇ ਇਕ ਉਮੀਦਵਾਰ ਖੜ੍ਹਾ ਕਰਨ ਅਤੇ ਅੱਗੋਂ ਦੋ ਹੋਰ ਰੈਲੀਆਂ ਕਰਨ ਦੇ ਸੁਝਾਅ ਵੀ ਦਿੱਤੇ ਗਏ। ਭਾਵੇਂ 30 ਸਾਲਾਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਵਿਚ ਬਹੁਮਤ ਮਿਲ ਗਿਆ ਸੀ ਪਰ ਭਾਰਤ ਵਰਗੇ ਵੰਨ-ਸੁਵੰਨੇ ਦੇਸ਼ ਵਿਚ ਖੇਤਰੀ ਪਾਰਟੀਆਂ ਦਾ ਜਲਵਾ ਬਰਕਰਾਰ ਹੈ। ਦੇਸ਼ ਦੇ ਅਨੇਕ ਵੱਡੇ ਸੂਬਿਆਂ ਵਿਚ ਖੇਤਰੀ ਪਾਰਟੀਆਂ ਦਾ ਸ਼ਾਸਨ ਹੈ। ਇਸ ਹਕੀਕਤ ਨੂੰ ਸਵੀਕਾਰ ਕਰਦਿਆਂ ਗੱਠਜੋੜ ਵਾਲੀਆਂ ਛੋਟੀਆਂ ਧਿਰਾਂ ਨੂੰ ਬਰਾਬਰ ਦੀ ਤਵੱਜੋ ਨਾ ਦੇਣ ਕਾਰਨ ਸ਼ਿਵ ਸੈਨਾ ਤੇ ਕਈ ਹੋਰ ਖੇਤਰੀ ਪਾਰਟੀਆਂ ਨੇ ਭਾਰਤੀ ਜਨਤਾ ਪਾਰਟੀ ਨਾਲ ਨਾਰਾਜ਼ਗੀ ਪ੍ਰਗਟਾਉਣੀ ਜਾਰੀ ਰੱਖੀ ਹੈ। ਸ਼ਤਰੂਘਨ ਸਿਨਹਾ ਦਾ ਵਿਰੋਧੀ ਪਾਰਟੀਆਂ ਦੀ ਰੈਲੀ ਵਿਚ ਜਾਣ ਦਾ ਸਪਸ਼ਟੀਕਰਨ ਭਾਜਪਾ ਖ਼ਿਲਾਫ਼ ਬਣ ਰਹੇ ਗੱਠਜੋੜ ਦੇ ਘੱਟੋ ਘੱਟ ਸਾਂਝੇ ਪ੍ਰੋਗਰਾਮ ਦੀ ਬੁਨਿਆਦ ਦਾ ਸੰਕੇਤ ਦੇ ਰਿਹਾ ਹੈ। ਸਿਨਹਾ ਨੇ ਕਿਹਾ ਹੈ ਕਿ ਰੈਲੀ ਦੇਸ਼ ਵਿਚ ਜਮਹੂਰੀਅਤ ਨੂੰ ਬਚਾਉਣ ਅਤੇ ਤਾਨਾਸ਼ਾਹ ਕਿਸਮ ਦੇ ਰੁਝਾਨ ਨੂੰ ਖ਼ਤਮ ਕਰਨ ਲਈ ਕੀਤੀ ਗਈ ਹੈ।

ਭਾਰਤੀ ਜਨਤਾ ਪਾਰਟੀ ਦੀ ਇਕ ਵੱਡੀ ਮੁਸ਼ਕਿਲ ਇਸ ਦੇ ਬਾਗੀ ਆਗੂ ਵੀ ਹਨ, ਜੋ ਕਿ ਵਿਰੋਧੀ ਪਾਰਟੀਆਂ ਦੇ ਨਾਲ ਖੜ੍ਹੇ ਦਿਖਾਈ ਦਿੰਦੇ ਹਨ। ਇਹਨਾਂ ਲੀਡਰਾਂ ਦੇ ਕਾਰਨ ਭਾਜਪਾ ਦੇ ਅਕਸ ਨੂੰ ਹੋਰ ਨੁਕਸਾਨ ਵੀ ਹੋਵੇਗਾ ਅਤੇ ਵਿਰੋਧੀ ਪਾਰਟੀਆਂ ਨੂੰ ਨਿਸਚਿਤ ਹੀ ਫਾਇਦਾ ਹੋਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਮੁਖ, ਖੋਜੀ ਤੇ ਨਿਧੱੜਕ ਵਿਦਵਾਨ 21ਵੀ ਸਦੀ ਦੇ ਯੁੱਗ ਪੁਰਸ਼ ਮਰਹੂਮ ਸਿਰਦਾਰ ਗੁਰਬਖਸ਼ ਸਿੰਘ ਕਾਲਾ ਅਫ਼ਗ਼ਾਨਾਂ ਬਾਰੇ ਦਾਸਾਂ ਵੱਲੋਂ ਕੁਝ ਵਿਚਾਰ ਤੇ ਸ਼ਰਧਾਂਜਲੀ



ਅਵਤਾਰ ਸਿੰਘ ਮਿਸ਼ਨਰੀ
510-432-5827

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ (ਸ਼ਬਦ ਗੁਰੂ ਗ੍ਰੰਥ) ਦੇ ਮਹਾਂਵਾਕ ਅਨੁਸਾਰ- ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ। ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ। ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ। ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ। ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥੧੪॥ (ਵਾਰ ੧੯ ਪਉੜੀ ੧੪-ਭਾ. ਗੁ)

ਬੌਰਡਰ ਨਿਊਜ਼ ਐਕਸਪ੍ਰੈਸ ਦੇ ਸੰਚਾਲਕ ਸ੍ਰ. ਗੁਰਨਾਮ ਸਿੰਘ ਲਾਲੀ ਅਤੇ ਸਰਦਾਰ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੇ ਸਪੁੱਤਰ ਸ੍ਰ. ਕੁਲਬੀਰ ਸਿੰਘ ਕਨੇਡਾ ਅਨੁਸਾਰ ਜਨਵਰੀ ਦੇ ਦੂਜੇ ਹਫਤੇ ਉੱਘੇ ਲੇਖਕ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦਾ ਸਵੇਰੇ ੫ ਵਜੇ ਟਰਾਂਟੋ (ਕਨੇਡਾ) ਵਿਖੇ ਦਿਹਾਂਤ ਹੋਇਆ ਤਦ ਉਹ 98 ਸਾਲਾਂ ਦੇ ਸਨ। ਸਿੰਘ ਸਭਾ ਤੇ ਮਿਸ਼ਨਰੀ ਲਹਿਰ ਪਿੱਛੋਂ ਤੇ ਖ਼ਾਸ ਕਰ ਪ੍ਰੋ. ਸਾਹਿਬ ਸਿੰਘ ਜੀ ਤੋਂ ਬਾਅਦ ਜੇ ਕਿਸੇ ਗੁਰਮੁਖ ਵਿਦਵਾਨ ਨੇ ਤਨਦੇਹੀ ਨਾਲ ਮਿਲਗੋਭਾ ਹੋਏ ਜਨਮ ਸਖੀਆਂ, ਗ੍ਰੰਥਾਂ ਤੇ ਰਹਿਤਨਾਮਿਆਂ ਦੀ ਚੀਰ ਫਾੜ ਦਾ, ਗੁਰਮਤਿ ਕਸਵੱਟੀ ਲਾ ਕੇ, ਗੁਰਮਤਿ ਵਿਰੋਧੀ ਗੱਪ ਕਹਾਣੀਆਂ ਤੇ ਗੁਰੂ ਚਰਿੱਤ੍ਰ ਦੇ ਘਾਣ ਦਾ ਪਰਦਾ ਫਾਸ਼ ਕੀਤੈ ਤਾਂ ਉਹ 21ਵੀਂ ਸਦੀ ਦੇ ਸਿਪਾਹੀ ਜੀਵਨ ਤੋਂ ਕਲਮ ਦੇ ਧਨੀ ਬਣੇ ਇਸ ਨਿਧੱੜਕ ਜੋਧੇ ਸਿਰਦਾਰ ਗੁਰਬਖਸ਼ ਸਿੰਘ ਕਾਲਾ ਅਫ਼ਗ਼ਾਨਾਂ ਜੀ ਕਿਰਤੀ ਸਿੱਖ ਨੇ ਹੀ ਕੀਤਾ ਹੈ। ਉਨਾਂ ਨੇ ਸਾਰੀ ਇਸ ਖੋਜ ਪੜਤਾਲ ਨੂੰ "ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ" ਪੁਸਤਕ ਵਿੱਚ ਕਲਮਬੰਦ ਕੀਤਾ ਜੋ ਦਸਾਂ ਭਾਗਾਂ ਵਿੱਚ ਉਪਲਬਧ ਅਤੇ ਕਈ ਰਸਾਲਿਆਂ, ਵੈਬਸਾਈਟਾਂ ਖ਼ਾਸ ਕਰ ਸਿੱਖ ਮਾਰਗ ਡਾਟ ਕਾਮ ਅਤੇ ਰੋਜ਼ਾਨਾ ਸਪੋਕਸਮੈਨ 'ਚ ਛਪਦਾ ਰਿਹਾ ਹੈ। ਅਖੌਤੀ ਦਸਮ ਗ੍ਰੰਥ ਤੇ ਗੁਰੂ ਗ੍ਰੰਥ ਦੀ ਸ਼ਰੀਕ ਸਿੱਖ ਰਹਿਤ ਮਰਯਾਦਾ ਦਾ ਵੀ ਚੀਰ-ਫਾੜ ਗੁਰਮਤਿ ਕਸਵੱਟੀ 'ਤੇ ਕੀਤਾ।



ਸਰਦਾਰ ਹਰਦੇਵ ਸਿੰਘ ਸ਼ੇਰਗਿੱਲ ਨੇ ਜਦ ਕਰੀਬ 20 ਸਾਲ ਪਹਿਲੇ ਰੋਜ਼ਵਿਲ ਕੈਲੇਫੋਰਨੀਆਂ ਵਿਖੇ ਵਿਦਵਾਨਾਂ ਦੀ ਕਾਨਫਰੰਸ ਕਰਵਾਈ ਸੀ ਤਾਂ ਉਸ ਵੇਲੇ ਮੁੱਖ ਮਹਿਮਾਨ ਦੇ ਤੌਰ ਤੇ ਉਨ੍ਹਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਤੇ ਪਹਿਲੀ ਵਾਰ ਉਨਾਂ ਨਾਲ ਸਾਡੀ ਗੁਰਮਤਿ ਅਵਲੰਬੀਆਂ (ਡਾ. ਗੁਰਮੀਤ ਸਿੰਘ ਬਰਸਾਲ, ਸਰਬਜੀਤ ਸਿੰਘ, ਸ੍ਰ. ਹਾਕਮ ਸਿੰਘ ਤੇ ਪ੍ਰੋ. ਮੱਖਨ ਸਿੰਘ, ਮਰਹੂਮ ਸ੍ਰ. ਗਿਆਨ ਸਿੰਘ ਸੈਕਰਾਮੈਂਟੋ, ਮਿਸ਼ਨਰੀ ਕਾਲਜ ਰੋਪੜ ਦੇ ਫਾਂਊਡਰ ਪ੍ਰਿੰਸੀਪਲ ਸ੍ਰ. ਜਸਬੀਰ ਸਿੰਘ, ਸ੍ਰ. ਸਰਬਜੋਤ ਸਿੰਘ ਸਵੱਦੀ, ਸੁਖਦੇਵ ਸਿੰਘ ਸਿਖਿਆਰਥੀ, ਅਵਤਾਰ ਸਿੰਘ ਮਿਸ਼ਨਰੀ, ਬੀਬੀ ਹਰਸਿਮਰਤ ਕੌਰ ਖਾਲਸਾ ਅਤੇ ਸ੍ਰ. ਤਰਲੋਚਨ ਸਿੰਘ ਦੁਪਾਲਪੁਰੀ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ) ਮੁਲਾਕਾਤ ਹੋਈ ਸੀ। ਫਿਰ ਜਦ ਇੰਟ੍ਰਨੈਸ਼ਨਲ ਸਿੰਘ ਸਭਾ ਕਨੇਡਾ ਨੇ ਸ੍ਰ. ਗੁਰਚਰਨ ਸਿੰਘ ਜਿਉਣਵਾਲਾ ਦੇ ਉੱਦਮ ਨਾਲ ਟੋਰਾਂਟੋ ਵਿਖੇ ਕਾਨਫਰੰਸ ਕਰਵਾਈ ਸੀ ਜਿਸ ਵਿੱਚ ਸ੍ਰ. ਚਮਕੌਰ ਸਿੰਘ ਫਰਿਜਨੋ, ਭਾ. ਬਲਵਿੰਦਰ ਸਿੰਘ ਮਿਸ਼ਨਰੀ, ਸ੍ਰ. ਜ਼ੋਰਾ ਸਿੰਘ ਰਾਜੋਆਣਾ, ਡਾ. ਗੁਰਮੀਤ ਸਿੰਘ ਬਰਸਾਲ ਤੇ ਦਾਸ ਅਵਤਾਰ ਸਿੰਘ ਮਿਸ਼ਨਰੀ ਅਸੀਂ ਸਾਰੇ ਕੈਲੇਫੋਨੀਆਂ ਤੋਂ ਗਏ ਅਤੇ ਹੋਰ ਵੀ ਵੱਖ ਵੱਖ ਦੇਸ਼ਾਂ ਤੋਂ ਵਿਦਵਾਨ ਤੇ ਸਕਾਲਰ ਪਹੁੰਚੇ ਸਨ। ਓਥੇ ਹੀ ਸਿਰਦਾਰ ਕਾਲਾ ਅਫ਼ਗ਼ਾਨਾਂ ਦਾ ਆਖਰੀ ਮੇਲ ਹੋਇਆ ਸੀ ਤੇ ਸ੍ਰ. ਮਨਜੀਤ ਸਿੰਘ ਗਿੱਲ ਦੇ ਨਾਲ ਉਨਾਂ ਦੇ ਘਰ ਵੀ ਗਏ ਸਾਂ। ਉਸ ਤੋਂ ਬਾਅਦ ਫ਼ੋਨ ਤੇ ਕਰੀ ਵਾਰ ਗੱਲ ਹੁੰਦੀ ਰਹਿੰਦੀ ਸੀ ਤੇ ਉਹ ਕਈ ਅੜਾਉਣੀਆਂ ਤੇ ਸਵਾਲਾਂ ਦੇ ਜਵਾਬ ਝੱਟ-ਦੇਣੇ ਦੇ ਦਿੰਦੇ ਅਤੇ ਉਹ ਆਪ ਵੀ ਫ਼ੋਨ ਲਾ ਕੇ ਗੁਰਮਤਿ ਪ੍ਰਚਾਰ ਲਈ ਹਲਾਸ਼ੇਰੀ ਦਿੰਦੇ ਰਹਿੰਦੇ ਸਨ।

ਭਾਵੇਂ ਸੰਪ੍ਰਦਾਈ ਡੇਰੇਦਾਰਾਂ ਦੇ ਦਬਾ ਕਰਕੇ ਬਾਦਲ ਦੇ ਝੋਲੀ ਚੁੱਕ ਜਥੇਦਾਰਾਂ ਨੇ ਉਨਾਂ ਦਾ ਵਿਚਾਰ ਪੱਖ ਸੁਨੇ ਬਗੈਰ ਕਾਜ਼ੀ ਫਤਵਾ ਲਾ ਕੇ ਛੇਕ ਦਿੱਤਾ ਪਰ ਉਨ੍ਹਾਂ ਦਾ ਸਤਿਕਾਰ ਮਿਸ਼ਨਰੀ ਵਿਦਵਾਨਾਂ ਤੇ ਜਾਗਰੂਕ ਫਿਲਾਸਫਰਾਂ ਅਤੇ ਅਗਾਂਹ ਵਧੂ ਸੁਹਿਰਦ ਸਿੱਖਾਂ ਵਿੱਚ ਹੋਰ ਵੱਧ ਗਿਆ। ਭਾਵੇਂ ਬਾਦਲੀ ਜਥੇਦਾਰ ਵੇਦਾਂਤੀ ਵੱਲੋਂ ਉਨ੍ਹਾਂ ਦੀਆਂ ਪੁਸਤਕਾਂ ਤੇ ਪਾਬੰਦੀ ਲਾਈ ਗਈ ਪਰ ਫਿਰ ਵੀ ਲੋਕਾਂ ਨੇ ਖਰੀਦੀਆਂ, ਪੜੀਆਂ ਅਤੇ ਅੱਜ ਤੱਕ ਵੀ ਮੰਗ ਚੱਲ ਰਹੀ ਤੇ ਸਟਾਕ ਵੀ ਮੁੱਕ ਗਿਆ ਹੈ। ਅਜੇ ਵੀ ਉਨਾਂ ਦੇ ਘਰ ਕਨੇਡਾ, ਸ੍ਰ. ਕੇਹਰ ਸਿੰਘ ਚੰਡੀਗੜ, ਸ੍ਰ. ਇੰਦਰ ਸਿੰਘ ਘੱਗਾ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਅਵਤਾਰ ਸਿੰਘ ਮਿਸ਼ਨਰੀ ਤੋਂ ਮਿਲ ਜਾਂਦੀਆਂ ਹਨ। ਭਾਂਵੇ ਵਿਚਾਰਾਂ ਦੀ ਭਿੰਨਤਾ ਕਰਕੇ ਸਾਬਕਾ ਜਥੇਦਾਰ ਅਕਾਲ ਤਖਤ ਪ੍ਰੋ. ਦਰਸ਼ਨ ਸਿੰਘ ਜੀ ਨਾਲ ਵੀ ਉਨ੍ਹਾਂ ਦੇ ਮਤਭੇਦ ਉੱਭਰੇ ਪਰ ਆਖਰੀ ਉਮਰੇ ਉਨ੍ਹਾਂ ਨਾਲ ਸੁਲਾਹ ਹੋ ਗਈ। ਪ੍ਰੋ. ਦਰਸ਼ਨ ਸਿੰਘ ਜੀ ਨੇ ਖਾਲਸਾ ਨਿਊਜ਼, ਸ੍ਰ. ਗੁਰਚਰਨ ਸਿੰਘ ਜਿਉਣ ਵਾਲਾ ਨੇ ਇੰਟ੍ਰਨੈਸ਼ਨਲ ਸਿੰਘ ਸਭਾ ਤੇ ਹੋਰ ਅਖਬਾਰਾਂ, ਸ੍ਰ. ਜੋਗਿੰਦਰ ਸਿੰਘ ਜੀ ਨੇ ਰੋਜ਼ਾਨਾਂ ਸਪੋਕਸਮੈਨ, ਹੋਰ ਵੱਖ ਵੱਖ ਵਿਦਵਾਨਾਂ, ਜਾਗਰੂਕਾਂ ਅਤੇ ਗੁਰਮਤਿ ਪ੍ਰੇਮੀਆਂ ਨੇ ਵੱਖ ਵੱਖ ਵੈਬਸਾਈਟਾਂ, ਫੇਸ ਬੁੱਕ, ਰਸਾਲਿਆਂ ਤੇ ਅਖਬਾਰਾਂ ਵਿੱਚ ਉਨ੍ਹਾਂ ਬਾਰੇ ਖੂਬ ਲਿਖਿਆ ਹੈ। ਇਹ ਤਰਾਸਦੀ ਹੈ ਕਿ ਸਿੱਖ ਕੌਮ ਜੀਂਦੇ ਜੀਅ ਅਜਿਹੇ ਖੋਜੀ ਵਿਦਵਾਨਾਂ ਦੀ ਕਦਰ ਨਹੀਂ ਕਰਦੀ ਕਿਉਂਕਿ ਪੰਥਕ ਸੰਸਥਾਵਾਂ ਉੱਤੇ ਡੇਰੇਦਾਰ ਸੰਪ੍ਰਦਾਈ ਅਤੇ ਸੌੜੀ ਰਾਜਨੀਤੀ ਭਾਰੂ ਹੈ।

ਇਸ ਬੁੱਢੇ ਸ਼ੇਰ ਕੌਮੀ ਹੀਰੇ ਨੇ ਜੋ ਦਿਮਾਗ (ਸਿਰ) ਨੂੰ ਵਰਤਨ ਦੀਆਂ ਨਵੀਆਂ ਪਿਰਤਾਂ ਪਾਈਆਂ ਜਿਨ੍ਹਾਂ ਤੋਂ ਸੇਧ ਲੈ ਮਰਹੂਮ ਗਿ. ਜਗਮੋਹਨ ਸਿੰਘ ਮਿਸ਼ਨਰੀ ਤੇ ਸ੍ਰ, ਮਹਿੰਦਰ ਸਿੰਘ ਜੋਸ਼, ਗਿ. ਜਗਤਾਰ ਸਿੰਘ ਜਾਚਕ, ਭਾਈ ਜਗਜੀਤ ਸਿੰਘ ਸਿਦਕੀ ਤੇ ਕੰਵਲ ਮਹਿੰਦਰ ਪ੍ਰਤਾਪ ਸਿੰਘ ਬਾਨੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਸ੍ਰ. ਇੰਦਰ ਸਿੰਘ ਘੱਗਾ, ਦਸਮ ਗ੍ਰੰਥ ਦਾ ਲਿਖਾਰੀ ਕੌਣ ਦੇ ਲੇਖਕ ਸ੍ਰ. ਜਸਬਿੰਦਰ ਸਿੰਘ ਦੁਬਈ, ਪ੍ਰੋ. ਸਰਬਜੀਤ ਸਿੰਘ ਧੂੰਦਾ ਅਤੇ ਪ੍ਰਸਿੱਧ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਵਰਗੇ ਹੋਰ ਵੀ ਕਈ ਸਿਰਕੱਢ ਵਿਦਵਾਨ ਲਿਖਾਰੀ, ਰੇਡੀਓ ਹੋਸਟ, ਕਥਾਵਾਚਕ ਤੇ ਪ੍ਰਚਾਰਕਾਂ ਨੇ ਖੋਜ ਲਈ ਦਿਲ ਦਿਮਾਗ ਦੀਆਂ ਕਲਮਾਂ ਤੇਜ ਕੀਤੀਆਂ। ਇੱਕ ਡੇਰੇਦਾਰ ਸਾਧ ਤੋਂ ਭਾਈ ਬਣੇ ਭਾਈ ਰਣਜੀਤ ਸਿੰਘ ਤਾਂ ਗੁਰਮਤਿ ਪ੍ਰਚਾਰ ਦੀਆਂ ਅਗਾਂਹ ਵਧੂ ਨਵੇਕਲੀਆਂ ਸਾਂਇੰਟੇਫਿਕ ਨਵੀਆਂ ਪਿਰਤਾਂ ਪਾ ਰਹੇ ਹਨ। ਹੁਣ ਵੱਖ ਵੱਖ ਗਰੁੱਪਾਂ, ਵੈਬਸਾਈਡਾਂ 'ਤੇ ਰੇਡੀਓ ਸਟੇਸ਼ਨਾਂ, ਗੋਸਟੀਆਂ, ਸੈਮੀਨਾਰ, ਟਾਕਸ਼ੋਅ, ਸਵਾਲ-ਜਵਾਬ ਅਤੇ ਹੋਰ ਸੰਤਾਂ-ਗ੍ਰੰਥਾਂ ਦੀ ਚੀਰ-ਫਾੜ ਹੋ ਰਹੀ ਹੈ।

ਅਜਿਹੇ ਸੂਝਵਾਨ ਤੇ ਨਿਧੱੜਕ ਵਿਦਵਾਨ ਕੌਮਾਂ 'ਚ ਕਦੇ ਕਦੇ ਹੀ ਪੈਦਾ ਹੁੰਦੇ ਹਨ। ਸਾਡੀ ਸਭ ਦੀ ਸੱਚੀ ਸ਼ਰਧਾਂਜਲੀ ਉਨ੍ਹਾਂ ਨੂੰ ਇਹ ਹੀ ਹੋਵੇਗੀ ਕਿ ਬਿਪਰੀ ਪੁਜਾਰੀਵਾਦ ਜੋ ਮਰਯਾਦਾ, ਅਖੌਤੀ ਸੰਤਾਂ ਤੇ ਗ੍ਰੰਥਾਂ ਦੀ ਸ਼ਰਧਾ ਸਦਕਾ ਕੌਮ 'ਚ ਫੈਲ ਚੁੱਕਾ ਤੇ ਅਖੌਤੀ ਪ੍ਰਚਾਰਕਾਂ, ਲੇਖਕਾਂ ਤੇ ਵਿਦਵਾਨਾਂ ਵੱਲੋਂ ਫੈਲਾਇਆ ਜਾ ਰਿਹਾ ਹੈ ਉਸ ਦਾ ਸੱਚੇ ਦਿਲੋਂ ਮੁਕਾਬਲਾ ਕਰਦੇ, ਤਿਆਗ ਕਰੀਏ ਤਾਂ ਕਿ ਬਿਪਰ ਰੀਤਾਂ ਸਾਡੇ ਦਿਲ ਦਿਮਾਗ ਤੇ ਖ਼ੂਨ ਚੋਂ ਨਿਕਲ ਜਾਣ। ਅਸੀਂ ਸ਼ਬਦ ਗੁਰੂ ਗਿਆਨ ਦੇ ਵਿਚਾਰਕ ਤੇ ਧਾਰਕ ਬਣੀਏ ਨਾ ਕਿ ਸੀਨਾ-ਬਸੀਨਾ ਚੱਲੀਆਂ ਆ ਰਹੀਆਂ ਥੋਥੀਆਂ ਕਰਮਕਾਂਡੀ ਰੀਤਾਂ ਦੇ, ਨੱਕ ਰੱਖਣ ਖ਼ਾਤਰ ਗੁਲਾਮ ਬਣੇ ਰਹੀਏ! "ਵਿਦਵਾਨਾਂ, ਮਿਸ਼ਨਰੀ ਪ੍ਰਚਾਰਕਾਂ, ਜਾਗਰੂਕਾਂ ਤੇ ਸੁਹਿਰਦ ਪ੍ਰਬੰਧਕਾਂ ਨੂੰ ਉਨ੍ਹਾਂ ਦੀ ਯਾਦ ਵਿੱਚ ਖੋਜ ਕੇਂਦਰ ਖੋਲ੍ਹ ਕੇ ਵੱਡੀ ਪੱਧਰ ਤੇ ਇਹ ਸ਼ੁਭ ਕਾਰਜ ਕਰਨਾ ਚਾਹੀਦਾ ਹੈ"। ਇਹ ਸੀ ਚੰਦ ਸ਼ਬਦਾਂ 'ਚ ਉਨ੍ਹਾਂ ਬਾਰੇ ਕੁਝ ਵਿਚਾਰ ਤੇ ਸ਼ਰਧਾਂਜਲੀ ਬਾਕੀ ਵਿਸਥਾਰ ਨਾਲ ਆਪ ਇੰਟ੍ਰਨੈਸ਼ਨਲ ਸਿੰਘ ਸਭਾ ਕਨੇਡਾ, ਸਿੱਖ ਮਾਰਗ ਡਾਟ ਕਾਮ, ਰੋਜ਼ਾਨਾ ਸਪੋਕਸਮੈਨ ਅਤੇ ਖਾਲਸਾ ਨਿਊਜ਼ ਤੇ ਪੜ੍ਹ ਸਕਦੇ ਹੋ। ਖਾਸ ਕਰ ਸਿਰਦਾਰ ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੀਆਂ ਲਿਖਤਾਂ ਖੁਦ ਪੜ੍ਹ ਵਿਚਾਰ ਕੇ ਹੀ ਉਨ੍ਹਾਂ ਦੀ ਅਸਲੀ ਵਿਚਾਰਧਾਰਾ ਅਤੇ ਘਾਲ ਕਮਾਈ ਬਾਰੇ ਜਾਣਿਆਂ ਜਾ ਸਕਦਾ ਹੈ।


## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਫਰਵਰੀ ਮਹੀਨੇ ਦੇ ਪ੍ਰੋਗਰਾਮ

ਸ. ਕੁਲਦੀਪ ਸਿੰਘ ਧਾਲੀਵਾਲ, ਬੀਬੀ ਖੁਸ਼ੀ ਧਾਲੀਵਾਲ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ 15 ਫਰਵਰੀ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ। 17 ਫਰਵਰੀ ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

ਸਤਿਗੁਰੂ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ 18 ਫਰਵਰੀ ਦਿਨ ਸੋਮਵਾਰ ਨੂੰ ਸ਼ਾਮ 5 ਵਜੇ ਤੋਂ ਰਾਤ 12 ਵਜੇ ਤੱਕ ਸਜਾਏ ਜਾਣਗੇ ਜੀ।

ਗੁਰੂ ਘਰ ਦੀ ਸਲਾਨਾ ਵਰ੍ਹੇਗੰਢ ਨੂੰ ਸਮਰਪਿਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ:

22 ਫਰਵਰੀ 2019 ਦਿਨ ਸ਼ੁੱਕਰਵਾਰ<br>
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ<br>
24 ਫਰਵਰੀ 2019 ਦਿਨ ਐਤਵਾਰ<br>
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ:

ਗੁਰੂ ਘਰ 530-674-2564, ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530-933-3938,<br>
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823, ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370

SHRI GURU RAVIDASS TEMPLE 1480 HAYNE AVENUE, YUBA CITY, CA 95993





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਗੁਰਦੁਆਰਾ ਸੈਨਹੋਜ਼ੇ ਕੈਲੇਫੋਰਨੀਆ ਵਿਖੇ ਚਰਨਜੀਤ ਸਿੰਘ ਪੰਨੂ ਦਾ 'ਮਿੱਟੀ ਦੀ ਮਹਿਕ' ਪਾਕਿਸਤਾਨ ਸਫ਼ਰਨਾਮਾ ਲੋਕ ਅਰਪਣ

**ਸੈਨਹੋਜ਼ੇ (ਬਿਊਰੋ)–** ਗੁਰੂ ਨਾਨਕ ਦੀ ਚਰਨ ਧੂੜ 'ਮਿੱਟੀ ਦੀ ਮਹਿਕ' ਪਾਕਿਸਤਾਨ ਸਫ਼ਰਨਾਮਾ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਲੈ ਕੇ ਹੁਣ ਅਮਰੀਕਾ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ ਦਸ ਜਨਵਰੀ 2019 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਅਤੇ ਹੋਰ ਪ੍ਰੋਫੈਸਰਾਂ ਵਿਦਵਾਨਾਂ ਗਿਆਨ ਦਾ ਭੰਡਾਰ ਦੱਸਿਆ ਕਿ ਪੰਨੂ ਸਾਹਿਬ ਨੇ ਬੜੀ ਬਰੀਕੀ ਤੇ ਬੇਬਾਕੀ ਨਾਲ ਸਿੱਖ ਇਤਿਹਾਸ ਦੀਆਂ ਪੈੜਾਂ ਨੱਪਣਾ ਦੀ ਕੋਸ਼ਿਸ਼ ਕੀਤੀ ਹੈ। ਸੁਖਦੇਵ ਸਿੰਘ ਬੈਨੀਵਾਲ ਨੇ ਇਸ ਪੁਸਤਕ ਨੂੰ ਚਰਨਜੀਤ ਸਿੰਘ ਦੀ ਨਿਵੇਕਲੀ ਪ੍ਰਾਪਤੀ ਦੱਸਿਆ। ਭਈ ਮਨੀ ਸਿੰਘ, ਭਾਈ ਤਾਰੂ ਸਿੰਘ, ਟੋਟੇ ਕਰਵਾ ਕੇ ਝੋਲੀ 'ਚ ਰਿਹਾ ਤਾਂ ਸਾਡੇ ਕੋਲ ਸਾਡੇ ਬੱਚਿਆਂ ਨੂੰ ਦਿਖਾਉਣ ਦਰਸਾਉਣ ਲਈ ਕੁੱਝ ਨਹੀਂ ਬਚੇਗਾ। ਆਪਣੀ ਨਵੀਂ ਪਨੀਰੀ ਨੂੰ ਇਸ ਬਾਰੇ ਗਿਆਨ ਦੇਣ ਲਈ ਸਰਦਾਰ ਪੰਨੂ ਜਿਹੇ ਲਿਖਾਰੀਆਂ ਦੀਆਂ ਅਜੇਹੀਆਂ ਪੁਸਤਕਾਂ ਪੜ੍ਹਨ ਤੇ ਹੋਰਾਂ ਪੜ੍ਹਾਉਣ ਦੀ ਜ਼ਰੂਰਤ ਹੈ। ਸਿੱਖਾਂ ਦੇ ਧਰਮ, ਇਤਿਹਾਸ, ਸਭਿਆਚਾਰ, ਰਾਜਨੀਤੀ ਤੇ ਗੁਰਧਾਮ ਤੇ ਵਿਰਸਾ ਪਿੱਛੇ ਛੱਡ ਕੇ ਚੁੱਪ ਚੁਪੀਤੇ ਨੰਗੀਆਂ ਲੋਥਾਂ ਲੈ ਕੇ ਵਾਹਗੇ ਤੋਂ ਪਾਰ ਟੱਪ ਗਏ।

ਜਨਰਲ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਸਾਬਕਾ ਪ੍ਰਧਾਨ ਹਰੇਦਵ ਸਿੰਘ ਤੱਖਰ, ਨਰਿੰਦਰਪਾਲ ਸਿੰਘ, ਕਿਰਪਾਲ




ਨੇ ਇਸ ਦਾ ਵਿਮੋਚਨ ਕਰਦੇ ਇਸ ਨੂੰ ਪੰਜਾਬੀ ਸਾਹਿੱਤ ਦੀ ਪ੍ਰਾਪਤੀ ਦੱਸਿਆ। ਗੁਰੂ ਘਰ ਸੈਨਹੋਜ਼ੇ ਵਿਖੇ ਇਸ ਨੂੰ ਸੰਗਤਾਂ ਦੇ ਸਨਮੁਖ ਕਰਨ ਸਮੇਂ ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪਾਕਿਸਤਾਨ ਵਿਖੇ ਸਿੱਖਾਂ ਦੇ ਤੀਰਥ, ਇਤਿਹਾਸ, ਰਾਜਨੀਤੀ, ਧਰਮ, ਤੇ ਵਿਰਸੇ ਨੂੰ ਚਰਨਜੀਤ ਸਿੰਘ ਪੰਨੂ ਨੇ ਉੱਥੇ ਜਾ ਕੇ ਬੜੀ ਦਿਲਚਸਪੀ ਨਾਲ ਵੇਖਿਆ, ਜਾਚਿਆ ਤੇ ਛਿਆਹਠ ਫ਼ੋਟੋ ਸਮੇਤ ਕਲਮਬੰਦ ਕਰ ਕੇ ਇਸ ਨੂੰ ਪੁਸਤਕ ਦਾ ਰੂਪ ਦਿੱਤਾ ਹੈ ਜਿਸ ਲਈ ਉਹ ਵਧਾਈ ਦਾ ਪਾਤਰ ਹੈ। ਲੇਖਕ ਨੇ ਪੰਜ ਕਿਤਾਬਾਂ ਗੁਰਦੁਆਰਾ ਲਾਇਬਰੇਰੀ ਨੂੰ ਭੇਟ ਕੀਤੀਆਂ ਹਨ। ਇਹ ਹਵਾਲਾ ਪੁਸਤਕ ਪਾਕਿਸਤਾਨ ਜਾਣ ਵਾਲੇ ਹਰ ਯਾਤਰੀ ਨੂੰ ਅਤੇ ਨਾ ਜਾਣ ਵਾਲੇ ਹਰ ਜਗਿਆਸੂ ਨੂੰ ਪੜ੍ਹ ਕੇ ਲੇਖਕ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਸਟੇਜ ਸਕੱਤਰ ਮੱਘਰ ਸਿੰਘ ਨੇ ਇਸ ਸਫ਼ਰਨਾਮੇ ਨੂੰ ਪਵਾਉਂਦੀਆਂ ਮਾਵਾਂ ਸਮੇਤ ਸਿੱਖਾਂ ਦਾ ਕੁਰਬਾਨੀਆਂ ਭਰਿਆ ਇਤਿਹਾਸ ਉਜਾਗਰ ਹੁੰਦਾ ਹੈ। ਲਹਿੰਦੇ ਤੇ ਚੜ੍ਹਦੇ ਦੋਹਾਂ ਪੰਜਾਬਾਂ ਦੇ ਬਾਸ਼ਿੰਦਿਆਂ ਦੀ ਆਪਸੀ ਮਿਲਵਰਤਨ ਭਾਈਚਾਰੇ ਦੀ ਤੀਬਰ ਤਾਂਘ ਬਹੁਤ ਵਿਆਕਲ ਰੂਪ ਵਿਚ ਵਿਅਕਤ ਹੁੰਦੀ ਹੈ। ਇਸ ਨੂੰ ਪੜ੍ਹ ਕੇ ਪਾਠਕ ਆਪ ਲੇਖਕ ਦੇ ਨਾਲ ਚੱਲਦਾ ਪਾਕਿਸਤਾਨ ਦਾ ਨਜ਼ਾਰਾ ਵੇਖਦਾ ਰਹਿੰਦਾ ਹੈ। ਹੁਣ ਤੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਕਾਰੀਡੋਰ ਖੁੱਲਣ ਦੀ ਖ਼ਬਰ ਨਾਲ ਸਿੱਖਾਂ ਦੀ ਚਿਰੋਕਣੀ ਮੰਗ ਪੂਰੀ ਹੋਣ ਦੀ ਆਸ ਬੱਝੀ ਹੈ। ਲੰਡਨ ਤੋਂ ਪ੍ਰਸਿੱਧ ਕਥਾਵਾਚਕ ਤੇ ਕਈ ਧਾਰਮਿਕ ਪੁਸਤਕਾਂ ਦੇ ਸਿਰਜਨਹਾਰੇ ਗੁਰਬਖ਼ਸ਼ ਸਿੰਘ ਗੁਲਸ਼ਨ ਨੇ ਕਿਹਾ ਕਿ ਸਿੱਖਾਂ ਦਾ ਇਤਿਹਾਸ, ਧਰਮ ਤੇ ਵਿਰਸਾ ਬੜੀ ਸੋਚੀ ਸਮਝੀ ਸਾਜ਼ਿਸ਼ ਅਧੀਨ ਵਿਗਾੜਿਆ ਤੇ ਲਿਤਾੜਿਆ ਜਾ ਰਿਹਾ ਹੈ। ਇਸ ਦੀ ਮੌਲਿਕਤਾ ਪੱਥਰਾਂ ਹੇਠ ਦੱਬੀ ਢੱਕੀ ਜਾ ਰਹੀ ਹੈ। ਜੇ ਇਸ ਤਰ੍ਹਾਂ ਚੱਲਦਾ ਅਮੀਰ ਬਲਵਾਨ ਵਿਰਸੇ ਦੀ ਜੜ੍ਹ ਪਾਕਿਸਤਾਨ ਵਿਚ ਹੈ। ਲੇਖਕ ਨੇ ਬਹੁਤ ਮਿਹਨਤ ਨਾਲ ਸਮਗਰੀ ਜੋੜ ਕੇ ਸੁੰਦਰ ਦਿੱਖ ਵਾਲੀ ਇਸ ਪੁਸਤਕ ਰਾਹੀਂ ਪਾਠਕਾਂ ਨੂੰ ਜਾਗਰੂਕ ਕੀਤਾ ਹੈ। ਲਾਹੌਰ, ਨਨਕਾਣਾ ਸਾਹਿਬ, ਕਰਤਾਰਪੁਰ, ਪੰਜਾ ਸਾਹਿਬ ਤੇ ਹੋਰ ਬਹੁਤ ਸਾਰੇ ਗੁਰਦੁਆਰੇ ਤੇ ਸਿੱਖ ਧਾਮ ਪਾਕਿਸਤਾਨ ਵਿਚ ਰਹਿ ਗਏ। ਭਾਰਤ ਦੀ ਆਜਾਦੀ ਦਾ ਹੀਰੋ ਸ਼ਹੀਦ ਭਗਤ ਸਿੰਘ ਤੇ ਦੂਰ ਤੱਕ ਧਾਕ ਪਹੁੰਚਾਉਣ ਵਾਲਾ ਸਿੱਖ ਰਾਜ ਦਾ ਇਕੋ ਇਕ ਮਹਾਂਬਲੀ ਮਹਾਰਾਜਾ ਰਣਜੀਤ ਸਿੰਘ ਦੀਆ ਪ੍ਰਾਪਤੀਆਂ ਤੇ ਉਪਲਬਧੀਆਂ ਦੀਆਂ ਜੜ੍ਹਾਂ ਪਾਕਿਸਤਾਨ ਵਿਚ ਹਨ। ਲੇਖਕ ਇਸ ਬਾਰੇ ਹੈਰਾਨੀ ਤੇ ਰੰਜ ਪ੍ਰਗਟਾਉਂਦਾ ਹੈ ਕਿ ਪਾਕਿਸਤਾਨ ਬਣਨ ਵੇਲੇ 1947 ਵਿਚ ਸਾਡੇ ਲੀਡਰਾਂ ਨੂੰ ਕਿਹੜੀ ਮਜਬੂਰੀ ਪੈ ਗਈ ਕਿ ਉਹ ਆਪਣੇ ਜਾਤੀ ਮੁਫਾਦਾਂ ਜਾਂ ਮੁਲਾਹਜੇਦਾਰੀਆਂ ਕਾਰਨ ਗੁੰਗਵੱਟੇ ਬਣੇ ਰਹੇ ਤੇ ਆਪਣੇ ਜਿੰਦ ਜਾਨ ਤੋਂ ਪਿਆਰੇ ਅਟਵਾਲ, ਨਿਰਮਲ ਸਿੰਘ ਅਟਵਾਲ, ਸੁਰਜੀਤ ਬੈਂਸ, ਗੁਰਬਖ਼ਸ਼ ਸਿੰਘ, ਡਾ. ਦਲਵੀਰ ਪੰਨੂ, ਗੁਰਸ਼ਾਨ ਪੰਨੂ, ਸੂਰਤ ਸਿੰਘ, ਐਡਵੋਕੇਟ ਹਰਬੰਸ ਸਿੰਘ ਲੌਂਗੀਆ, ਗਿਆਨੀ ਮਨਮੋਹਣ ਸਿੰਘ, ਜਗਜੀਤ ਸਿੰਘ ਛਾਬੜਾ, ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਅਤੇ ਸੀਨੀਅਰ ਐਸੋਸੀਏਸ਼ਨ ਦੇ ਮੈਂਬਰਾਂ ਨੇ ਰਲ ਕੇ ਚਰਨਜੀਤ ਸਿੰਘ ਪੰਨੂ ਨੂੰ ਮਾਣ ਸਨਮਾਨ ਨਾਲ ਨਿਵਾਜਿਆ। ਚਰਨਜੀਤ ਸਿੰਘ ਪੰਨੂ ਨੇ ਗੁਰਦੁਆਰਾ ਕਮੇਟੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਬਹੁਤ ਰੁਝੇਵਿਆਂ ਭਰੇ ਪ੍ਰੋਗਰਾਮਾਂ ਵਿਚਕਾਰ ਛੋਟੇ ਜਿਹੇ ਨੋਟਿਸ ਵਿਚ ਪੁਸਤਕ ਦੀ ਮੁੱਖ ਦਿਖਾਈ ਕਰਾਈ ਹੈ। ਸੰਗਮ ਪਬਲੀਕੇਸ਼ਨ ਪਟਿਆਲਾ ਵੱਲੋਂ ਛਾਪੀ ਇਸ ਪੁਸਤਕ ਦੀ ਭੇਟ ਵੀਹ ਡਾਲਰ ਹੈ ਜੋ +1 408 608 4961 ਫ਼ੋਨ ਤੋਂ ਆਰਡਰ ਕੀਤੀ ਜਾ ਸਕਦੀ ਹੈ।

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਆਹੁਦੇਦਾਰਾਂ ਦੀ ਹੋਈ ਚੋਣ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਇਕੱਤਰਤਾ ਸਭਾ ਦੇ ਸਰਪ੍ਰਸਤ ਡਾ. ਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ ਤੇ ਸਭ ਨੂੰ ਮੁਬਾਰਕਵਾਦ ਦਿੰਦਿਆਂ ਡਾ. ਜਸਵੰਤ ਰਾਏ ਨੇ ਪਿਛਲੇ ਦੋ ਸਾਲਾਂ ਦੀਆਂ ਸਭਾ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਵਿਚ ਸਭਾ ਨੇ ਮਹੀਨੇਵਾਰ ਮੀਟਿੰਗਾਂ ਤੋਂ ਇਲਾਵਾ ਦਸ ਵੱਡੇ ਸਮਾਗਮਾਂ ਕਰਕੇ ਸਾਹਿਤ ਅਤੇ ਸਮਾਜ ਨੂੰ ਨਵੀਂ ਦਿਸ਼ਾ ਦੇਣ ਦਾ ਸੁਘੜ ਉਪਰਾਲਾ ਕੀਤਾ। ਮੈਂਬਰਸ਼ਿਪ ਨਵਿਆਉਣ ਮਗਰੋਂ ਸਰਵਸੰਮਤੀ ਨਾਲ ਸਭਾ ਦੇ ਮੈਂਬਰਾਂ ਦੀ ਚੋਣ ਕੀਤੀ ਗਈ।ਨਵੇਂ ਪੈਨਲ ਵਿਚ ਡਾ. ਕਰਮਜੀਤ ਸਿੰਘ, ਡਾ. ਮਨਮੋਹਨ ਸਿੰਘ ਤੀਰ, ਜਰਨੈਲ ਸਿੰਘ ਕਨੇਡਾ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਧੀਮਾਨ ਨੂੰ ਸਭਾ ਦੇ ਸਰਪ੍ਰਸਤ, ਮਦਨ ਵੀਰਾ ਨੂੰ ਪ੍ਰਧਾਨ, ਡਾ. ਜਸਵੰਤ ਰਾਏ ਨੂੰ ਜਨਰਲ ਸਕੱਤਰ, ਸੁਰਿੰਦਰ ਕੰਗਵੀ ਅਤੇ ਤ੍ਰਿਪਤਾ ਕੇ. ਸਿੰਘ ਨੂੰ ਮੀਤ ਪ੍ਰਧਾਨ, ਡਾ. ਰਵਿੰਦਰ ਕੌਰ ਅਤੇ ਪ੍ਰੀਤ ਨੀਤਪੁਰ ਨੂੰ ਸਹਾਇਕ ਸਕੱਤਰ, ਪ੍ਰਿੰ. ਸਤਵੰਤ ਕਲੋਟੀ ਨੂੰ ਸਕੱਤਰ, ਸਤੀਸ਼ ਕੁਮਾਰ ਨੂੰ ਵਿੱਤ ਸਕੱਤਰ, ਪ੍ਰਬੰਧਕੀ ਬੋਰਡ ਵਿਚ ਦਰਸਨ ਸਿੰਘ ਦਰਸ਼ਨ, ਡਾ. ਸਰਦੂਲ ਸਿੰਘ, ਡਾ. ਸੁਖਦੇਵ ਸਿੰਘ ਢਿੱਲੋਂ, ਸੁਰਿੰਦਰ ਸੱਲ੍ਹਣ, ਕਾਰਜਕਾਰੀ ਮੈਂਬਰਾਂ 'ਚ ਡਾ. ਪਰਮਜੀਤ ਕੌਰ, ਗੁਰਬਚਨ ਕੌਰ, ਦਵਿੰਦਰ ਕੌਰ, ਅਮਨਗੀਤ ਸਿੰਘ, ਦਾਸ ਭਾਰਤੀ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਡਾ. ਗੁਰਚਰਨ ਸਿੰਘ, ਮਨਜੀਤ ਕੌਰ, ਸੋਮਦੱਤ ਦਿਲਗੀਰ, ਲਵਦੀਪ ਸਿੰਘ, ਆਯੂਸ਼ ਸ਼ਰਮਾ, ਅਵਤਾਰ ਸਿੰਘ ਹੋਠੀ, ਲਖਵਿੰਦਰ ਰਾਮ, ਕੁਲਵਿੰਦਰ ਕੌਰ ਰੂਹਾਨੀ, ਪਰਵੀਨ, ਮਨਪ੍ਰੀਤ ਕੌਰ, ਗੌਰਵ ਕਾਲੀਆ, ਹਰਵਿੰਦਰ ਸਾਹਬੀ, ਅਵਤਾਰ ਲੰਗੇਰੀ ਨੂੰ ਸ਼ਾਮਿਲ ਕੀਤਾ ਗਿਆ।

ਸਾਬੀ ਲੁਧਿਆਣਵੀ ਦੇ ਅਚਨਚੇਤ ਚਲਾਣੇ ਕਾਰਨ ਪੰਜਾਬੀ ਸਾਹਿਤ ਜਗੱ ਵਿਚ ਉਨ੍ਹਾਂ ਵਲੋਂ ਪਾਏ ਅਮੁਲੇ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਅਰਪਿਤ ਕੀਤੀ ਗਈ। ਅਧਿਆਪਕਾਂ ਵਲੋਂ ਆਪਣੀਆਂ ਸੰਵਿਧਾਨਕ ਮੰਗਾਂ ਨੂੰ ਲੈ ਕੇ ਵਿੱਡੇ ਸੰਘਰਸ਼ ਨੂੰ ਸਰਕਾਰ ਵਲੋਂ ਗੈਰ ਸੰਵਿਧਾਨਕ ਤਰੀਕੇ ਨਾਲ ਉਨ੍ਹਾਂ ਦੇ ਟਰਮੀਨੇਟ ਕੀਤੇ ਜਾਣ ਵਾਲੇ ਸਰਕਾਰ ਦੇ ਫੈਸਲੇ ਦੀ ਨਿਖੇਧੀ ਕੀਤੀ ਗਈ।ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਚੰਡੀਗੜ੍ਹ ਵਿਚ 15,16 ਅਤੇ 17 ਫਰਵਰੀ ਨੂੰ ਕੀਤੀ ਜਾ ਰਹੀ ਆਲਮੀ ਪੰਜਾਬੀ ਕਾਨਫਰੰਸ ਨੂੰ ਸਫਲ ਬਣਾਉਣ ਲਈ ਚਰਚਾ ਕੀਤੀ ਗਈ।




ਇਸ ਮੌਕੇ ਹਾਜ਼ਰ ਸਾਹਿਤਕਾਰਾਂ ਵਲੋਂ ਆਪਣੀਆਂ ਰਚਨਾਵਾਂ ਨਾਲ ਭਰਵੀ ਹਾਜ਼ਰੀ ਲਗਵਾਈ ਗਈ।ਪ੍ਰਧਾਨਗੀ ਭਾਸ਼ਣ ਵਿਚ ਡਾ. ਕਰਮਜੀਤ ਸਿੰਘ ਨੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਭਵਿਖਮੁਖੀ ਟੀਚੇ ਵੀ ਨਿਰਧਾਰਤ ਕੀਤੇ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ**
**ਮੋਬਾਇਲ ਨੰ: 9815825999**

# ਦਲਵੀਰ ਸਿੰਘ (ਦਿਲ ਨਿੱਝਰ) ਅਮਰੀਕਾ ਦਾ ਕਾਵਿ ਸੰਗ੍ਰਹਿ 'ਦਿਲ ਦੀ ਇਬਾਰਤ' ਦਾ ਲੋਕ ਅਰਪਣ ਕੀਤਾ ਗਿਆ

**ਪਟਿਆਲਾ–** ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਪਟਿਆਲਾ (ਰਜਿ.) ਵੱਲੋਂ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਦੇ ਸਹਿਯੋਗ ਨਾਲ ਸੰਬੰਧਿਤ ਕਾਲਜ ਵਿੱਚ ਪੰਜਾਬੀ "ਸਾਹਿਤਕ ਮਿਲਣੀ" ਪ੍ਰੋਗਰਾਮ ਪ੍ਰਿੰਸੀਪਲ ਰਾਜ ਕੁਮਾਰੀ ਅਤੇ ਮੰਚ ਦੇ ਪ੍ਰਧਾਨ ਮੋਹਣ ਤਿਆਗੀ ਦੀ ਰਹਿਨੁਮਾਈ ਹੇਠ ਕਰਵਾਈ ਗਈ।ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਤਹਿਤ ਇਹ ਸਾਹਿਤਕ ਸਮਾਗਮ ਵੀ ਉਚੇਚੇ ਤੌਰ ਤੇ ਕਰਵਾਇਆ ਗਿਆ। ਡਾ.ਦੀਪਕ ਮਨਮੋਹਣ ਸਿੰਘ ਸੀਨੀਅਰ ਫੈਲੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰਧਾਨਗੀ ਹੇਠ ਹੋਏ। ਇਸ ਸਾਹਿਤਕ ਸਮਾਗਮ ਚ ਪ੍ਰਸਿੱਧ ਪੰਜਾਬੀ ਸ਼ਾਇਰ ਦਲਵੀਰ ਸਿੰਘ (ਦਿਲ ਨਿੱਝਰ) ਨੇ ਅਮਰੀਕਾ ਤੋਂ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।

ਸਮਾਗਮ ਦੇ ਪ੍ਰਧਾਨਗੀ ਭਾਸ਼ਣ ਚ ਬੋਲਦਿਆਂ ਡਾ. ਦੀਪਕ ਮਨਮੋਹਨ ਸਿੰਘ ਨੇ ਅਮਰੀਕੀ ਸ਼ਾਇਰ ਦਿਲ ਨਿੱਝਰ ਜੀ ਆਇਆ ਆਖਦਿਆਂ ਉਹਨਾਂ ਦੀਆਂ ਪੰਜਾਬੀ ਸਾਹਿਤ ਦੇ ਖੇਤਰ ਚ ਪ੍ਰਾਪਤੀਆਂ ਅਤੇ ਸਾਹਿਤ ਦੇ ਖੇਤਰ ਪਾਏ ਯੋਗਦਾਨ ਦੀ ਭਰਪੂਰ ਸਲਾਘਾ ਕੀਤੀ। ਉਹਨਾਂ ਅਜੋਕੇ ਪੀੜ੍ਹੀ ਨੂੰ ਸਾਹਿਤ ਅਤੇ ਕਿਤਾਬਾਂ ਨਾਲ ਜੁੜਨ ਦੀ ਨਸੀਹਤ ਦਿੱਤੀ।



ਪੰਜਾਬੀ ਸ਼ਾਇਰ ਦਲਵੀਰ ਸਿੰਘ (ਦਿਲ ਨਿੱਝਰ) ਅਮਰੀਕਾ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਇਸ ਤਰ੍ਹਾਂ ਦੇ ਸਾਹਿਤਕ ਪ੍ਰੋਗਰਾਮ ਦੇ ਆਯੋਜਨ ਦਾ ਸੁਝਾਅ ਦਿੱਤਾ। ਡਾ. ਕੰਵਰ ਜਸਮਿੰਦਰਪਾਲ ਸਿੰਘ ਸਕੱਤਰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਮੰਚ ਨੇ ਸਮਾਗਮ ਕਾਲਜ ਦੇ ਵਿੱਦਿਆਰਥੀਆਂ ਦੀ ਭਰਵੀਂ ਹਾਜਰੀ ਦੀ ਸਲਾਘਾ ਕਰਦਿਆਂ ਮੰਚ ਦੇ ਪਹਿਲੇ ਪ੍ਰੋਗਰਾਮ ਨੂੰ ਸਫਲ ਬਣਾਉਣ ਚ ਪਾਏ ਯੋਗਦਾਨ ਲਈ ਧੰਨਵਾਦ ਕੀਤਾ। ਇਸ ਸਮਾਗਮ ਚ ਸ਼ਾਇਰ ਦਲਵੀਰ ਸਿੰਘ ਅਮਰੀਕਾ ਦੀ ਕਾਵਿ ਸੰਗ੍ਰਹਿ ਪੁਸਤਕ "ਦਿਲ ਦੀ ਇਬਾਰਤ" ਦਾ ਲੋਕ ਅਰਪਣ ਵੀ ਕੀਤਾ ਗਿਆ। ਸਾਹਿਤਕ ਸਮਾਗਮ ਚ ਕਵਿੱਤਰੀ ਸੰਦੀਪ ਕੌਰ ਬਿਰਧਨੋ, ਸੇਵਾ ਸਿੰਘ ਭਾਸ਼ੋ, ਦਵਿੰਦਰ ਪਟਿਆਲਵੀ, ਡਾ.ਹਰਪ੍ਰੀਤ ਸਿੰਘ ਰਾਣਾ, ਗਾਇਕ ਗੁਰਦੀਪ ਠਾਕੁਰ, ਡਾ.ਰਾਜੇਸ਼ ਬਠਿੰਡਾ, ਸੰਗੀਤਕਾਰ ਤੋਚੀ ਬਾਈ, ਡਾ.ਕੰਵਰ ਜਸਮਿੰਦਰਪਾਲ ਸਿੰਘ ਪ੍ਰੋ. ਵੀਰਦੇਵ ਸਿੰਘ, ਰੁਪਿੰਦਰ ਸਿੰਘ ਲਾਇਬ੍ਰੇਰੀਅਨ ਨੇ ਵੀ ਆਪਣੀਆਂ ਆਪਣੀਆਂ ਸਾਹਤਿਕ ਰਚਨਾਵਾਂ ਪੇਸ਼ ਕਰਕੇ ਸਮਾਗਮ ਨੂੰ ਸਾਹਤਿਕ ਰੰਗ 'ਚ ਰੰਗਿਆ।

**– ਸਤਨਾਮ ਸਿੰਘ ਮੱਟੂ 91-97797-08257**

# ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਪ੍ਰਮਾਤਮਾ ਦੀ ਜਾਣਕਾਰੀ ਸੰਭਵ: ਸੰਤ ਸੋਮ ਲਾਲ

## ਨਿਰੰਕਾਰੀ ਮਿਸ਼ਨ ਵੱਲੋਂ ਕੀਤਾ ਜੈਤੋ ਦੇ ਸਮੂਹ ਪੱਤਰਕਾਰਾਂ ਨੂੰ ਸਨਮਾਨਿਤ

**ਜੈਤੋ–** ਹਰ ਇਨਸਾਨ ਲਈ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਅਤੇ ਸੇਵਾ, ਸਿਮਰਨ, ਸਤਸੰਗ ਜਰੂਰੀ ਹੈ। ਇਹ ਦਾਤ ਹਰ ਯੁੱਗ ਵਿੱਚ ਸਮੇਂ ਦੇ ਪੂਰੇ ਸਤਿਗੁਰੂ ਪਾਸੋਂ ਪ੍ਰਾਣੀ ਮਾਤਰ ਨੂੰ ਪ੍ਰਾਪਤ ਹੁੰਦੀ ਹੈ। ਇਹ ਵਿਚਾਰ ਅੱਜ ਸੰਤ ਨਿਰੰਕਾਰੀ ਸਤਿਸੰਗ ਭਵਨ ਜੈਤੋ ਵਿਖੇ ਵਿਸ਼ਾਲ ਸਤਿਸੰਗ ਦੌਰਾਨ ਬ੍ਰਹਮ ਗਿਆਨੀ ਸੰਤ ਸੋਮ ਲਾਲ ਜੀ ਬੁਢਲਾਡਾ ਵਾਲਿਆਂ ਨੇ ਕਹੇ। ਉਹਨਾਂ ਆਪਣੇ ਬਚਨਾਂ ਵਿੱਚ ਸਮਝਾਇਆ ਕਿ ਜਿਸ ਤਰਾਂ ਦੁੱਧ ਵਿੱਚ ਘਿਉ ਹੁੰਦਾ ਹੈ ਪਰ ਸਿੱਧੇ ਤੌਰ ਤੇ ਵਿਖਾਈ ਨਹੀਂ ਦਿੰਦਾ। ਦੁੱਧ ਨੂੰ ਵਿਧੀ ਪੂਰਵਕ ਗਰਮ ਕਰਕੇ, ਜਾਗ (ਖੱਟਾ) ਲਗਾ ਕੇ ਦਹੀਂ ਬਣਾ ਕੇ ਮੱਖਣ ਬਣਦਾ ਹੈ, ਫਿਰ ਮੱਖਣ ਨੂੰ ਗਰਮ ਕਰਕੇ ਦੇਸੀ ਘਿਉ ਬਣਦਾ ਹੈ। ਇਸੇ ਪ੍ਰਕਾਰ ਆਪਾਂ ਸਾਰੇ ਸੁਣਦੇ ਆ ਰਹੇ ਹਾਂ ਕਿ ਭਗਵਾਨ (ਪ੍ਰਮਾਤਮਾ) ਇਸ ਸੰਸਾਰ ਦੇ ਕਣ ਕਣ, ਪੱਤੇ ਪੱਤੇ ਵਿੱਚ ਸਮਾਇਆ ਹੈ ਪਰ ਇਹ ਰੱਬ (ਨਿਰੰਕਾਰ) ਦਿਖਾਈ ਨਹੀਂ ਦਿੰਦਾ, ਪਰ ਸਮੇਂ ਦੇ ਸਤਿਗੁਰੂ ਦੇ ਚਰਨਾਂ ਵਿੱਚ ਜਾਣ ਨਾਲ ਇਸ ਦੀ ਮੰਗ ਕਰਨ ਤੇ ਇਸ ਦੀ ਜਾਣਕਾਰੀ ਹੋ ਸਕਦੀ ਹੈ। ਇਸ ਕੰਮ ਲਈ ਅੱਜ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਇਸ ਪ੍ਰਮਾਤਮਾ ਦੀ ਜਾਣਕਾਰੀ ਕਰਵਾ ਰਹੇ ਹਨ। ਇਸ ਸਤਿਸੰਗ ਦੌਰਾਨ ਨਿਰੰਕਾਰੀ ਮਿਸ਼ਨ ਦੇ ਪ੍ਰੈਸ ਐਂਡ ਪਬਲੀਸਿਟੀ ਵਿਭਾਗ ਵੱਲੋਂ ਜੈਤੋ ਦੇ ਸਮੂਹ ਪ੍ਰਿੰਟ ਅਤੇ ਇੱਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ ਨੂੰ ਸਨਮਾਨਿਤ ਕੀਤਾ



ਗਿਆ। ਜੈਤੋ ਦੇ ਤਿੰਨੇ ਪ੍ਰੈਸ ਕਲੱਬਾਂ ਸ਼ੇਖ ਫਰੀਦ ਪ੍ਰੈਸ ਕਲੱਬ, ਪ੍ਰੈਸ ਕਲੱਬ ਜੈਤੋ ਅਤੇ ਗੰਗਸਰ ਪ੍ਰੈਸ ਕਲੱਬ ਜੈਤੋ ਦੇ ਸਮੁੱਚੇ ਅਹੁਦੇਦਾਰਾਂ, ਮੈਂਬਰਾਂ ਅਤੇ ਹੋਰ ਪੱਤਰਕਾਰਾਂ ਨੇ ਹਾਜਰ ਹੋ ਕੇ ਇਹ ਸਨਮਾਨ ਹਾਸਲ ਕੀਤਾ। ਸਾਰੀ ਸੰਗਤ ਅਤੇ ਬਾਹਰੋਂ ਆਏ ਹੋਏ ਸਾਰੇ ਮਹਿਮਾਨਾਂ, ਸੰਤਾਂ ਭਗਤਾਂ ਅਤੇ ਅਲੱਗ ਅਲੱਗ ਅਖਬਾਰਾਂ ’ਤੇ ਚੈਨਲਾਂ ਦੇ ਪੱਤਰਕਾਰਾਂ ਨੂੰ ਗੁਰੂ ਕਾ ਲੰਗਰ ਤੇ ਚਾਹ ਪਾਣੀ ਵੀ ਛਕਾਇਆ ਗਿਆ। ਸਥਾਨਕ ਮੁਖੀ ਅਸ਼ੋਕ ਧੀਰ ਨੇ ਆਏ ਹੋਏ ਸਭ ਸੰਤਾਂ, ਮਹਾਤਮਾ, ਪੱਤਰਕਾਰ ਭਾਈਚਾਰੇ ਅਤੇ ਸਮੁੱਚੀ ਸੰਗਤ ਨੂੰ ਜੀ ਆਇਆਂ ਕਿਹਾ ਅਤੇ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਨਿਰੰਕਾਰੀ ਮਿਸ਼ਨ ਦੇ ਮੀਡੀਆ ਸਹਾਇਕ ਪ੍ਰਮੋਦ ਧੀਰ ਜੈਤੋ ਨੇ ਕਿਹਾ ਕਿ ਪੱਤਰਕਾਰ ਸਮਾਜ ਦਾ ਅਨਿੱਖੜਵਾਂ ਅੰਗ, ਸਮਾਜ ਦਾ ਚੌਥਾ ਥੰਮ ਅਤੇ ਰੀਡ ਦੀ ਹੱਡੀ ਹੁੰਦੇ ਹਨ ਅਤੇ ਇਨ੍ਹਾਂ ਬਿਨਾਂ ਸਮਾਜ ਅਧੂਰਾ ਹੈ। ਇਹ ਪੱਤਰਕਾਰ ਸਮਾਜ ਵਿੱਚ ਵਾਪਰ ਰਹੀਆਂ ਚੰਗੀਆਂ ਮਾੜੀਆਂ ਘਟਨਾਵਾਂ, ਸੰਤਾਂ ਮਹਾਂਪੁਰਸ਼ਾਂ ਦੇ ਪ੍ਰਵਚਨ, ਸਮਾਜ ਨੂੰ ਸੇਧ ਦੇਣ ਵਾਲੇ ਲੇਖ ਆਦਿ ਆਪਣੀਆਂ ਆਪਣੀਆਂ ਅਖਬਾਰਾਂ, ਟੀ.ਵੀ ਚੈਨਲਾਂ ਰਾਹੀਂ ਦੁਨੀਆਂ ਦੇ ਕੋਨੇ ਕੋਨੇ ਤੱਕ ਪਹੁੰਚਾਉਂਦੇ ਹਨ ਇਸ ਕਰਕੇ ਸਮਾਜ ਦੇ ਹਰ ਖੇਤਰ ਵਿੱਚ ਪੱਤਰਕਾਰ ਸਨਮਾਨ ਦੇ ਪਾਤਰ ਹਨ ਇਸੇ ਕਰਕੇ ਨਿਰੰਕਾਰੀ ਮਿਸ਼ਨ ਵੀ ਇਹਨਾਂ ਦਾ ਸਨਮਾਨ ’ਤੇ ਸਤਿਕਾਰ ਕਰਦਾ ਹੈ, ਉਹਨਾਂ ਵੀ ਜੈਤੋ ਦੇ ਸਮੂਹ ਪੱਤਰਕਾਰਾਂ ਦਾ ਵਧੀਆ ਸੇਵਾਵਾਂ ਦੇਣ ਲਈ ਧੰਨਵਾਦ ਕਰਦੇ ਹੋਏ ਅੱਗੇ ਤੋਂ ਵੀ ਇਸੇ ਤਰਾਂ ਦੇ ਸਹਿਯੋਗ ਦੀ ਮੰਗ ਕੀਤੀ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸੰਚਾਲਕ ਬਲਵਿੰਦਰ ਸਿੰਘ, ਸ਼ਿਖਸ਼ਕ ਲਖਵੀਰ ਭੱਟੀ, ਬਲਦੇਵ ਸਿੱਧੂ, ਪ੍ਰਮੋਦ ਧੀਰ ਆਦਿ ਨੇ ਭਰਪੂਰ ਸਹਿਯੋਗ ਦਿੱਤਾ।

**ਰਿਪੋਰਟ ਅਤੇ ਤਸਵੀਰ– ਪ੍ਰਮੋਦ ਧੀਰ**

## ਸ਼ਬਰੀਮਾਲਾ ਮੰਦਰ ’ਚ 51 ਔਰਤਾਂ ਨਤਮਸਤਕ ਹੋਈਆਂ

**ਨਵੀਂ ਦਿੱਲੀ–** ਕੇਰਲ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਿਖਰਲੀ ਅਦਾਲਤ ਵੱਲੋਂ ਬੀਤੇ ਸਾਲ ਸਤੰਬਰ ਵਿਚ ਸ਼ਬਰੀਮਾਲਾ ਮੰਦਰ ਵਿਚ ਔਰਤਾਂ ਦੇ ਦਾਖ਼ਲੇ ਤੋਂ ਹਟਾਈ ਰੋਕ ਮਗਰੋਂ 10–50 ਸਾਲ ਉਮਰ ਵਰਗ ਦੀਆਂ 51 ਔਰਤਾਂ ਮੰਦਰ ਵਿਚ ਦਾਖਲ ਹੋ ਕੇ ਮੱਥਾ ਟੇਕ ਚੁੱਕੀਆਂ ਹਨ।

ਕੇਰਲ ਸਰਕਾਰ ਵੱਲੋਂ ਅਦਾਲਤ ਵਿਚ ਪੇਸ਼ ਹੋਏ ਸੀਨੀਅਰ ਵਕੀਲ ਵਿਜੈ ਹੰਸਾਰੀਆ ਨੇ ਦੱਸਿਆ ਕਿ ਰੋਕ ਹਟਣ ਤੋਂ ਬਾਅਦ ਹੁਣ ਤੱਕ 51 ਔਰਤਾਂ ਮੰਦਰ ਵਿਚ ਨਤਮਸਤਕ ਹੋ ਚੁੱਕੀਆਂ ਹਨ ਤੇ ਸਭ ਨੂੰ ਲੋੜੀਂਦੀ ਸੁਰੱਖਿਆ ਦਿੱਤੀ ਗਈ ਹੈ। ਸਰਕਾਰ ਦੇ ਵਕੀਲ ਨੇ ਅਦਾਲਤ ਵਿਚ ਦੱਸਿਆ ਕਿ 10–50 ਸਾਲ ਉਮਰ ਵਰਗ ਦੀਆਂ ਕੁੱਲ 7564 ਔਰਤਾਂ ਨੇ ਦਰਸ਼ਨਾਂ ਲਈ ਰਜਿਸਟ੍ਰੇਸ਼ਨ ਕਰਵਾਈ ਹੈ ਤੇ ਡਿਜੀਟਲ ਸਕੈਨ ਰਿਕਾਰਡ ਮੁਤਾਬਕ ਹੁਣ ਤੱਕ ਇਹਨਾਂ ਵਿਚੋਂ 51 ਔਰਤਾਂ ਨੇ ਦਰਸ਼ਨ ਕੀਤੇ ਹਨ। ਬਿੰਦੂ ਤੇ ਕਨਕਦੁਰਗਾ ਦੀ ਸੁਰੱਖਿਆ ਸਬੰਧੀ ਪਟੀਸ਼ਨ ’ਤੇ ਸਰਕਾਰ ਵਕੀਲ ਨੇ ਕਿਹਾ ਕਿ ਸੁਰੱਖਿਆ ਦਿੱਤੀ ਜਾ ਰਹੀ ਹੈ।

ਅਦਾਲਤ ਨੇ ਕਿਹਾ ਕਿ ਸੁਰੱਖਿਆ ਜਾਰੀ ਰੱਖੀ ਜਾਵੇ। ਸੱਸ ਵੱਲੋਂ ਕੁੱਟਮਾਰ ਦਾ ਸ਼ਿਕਾਰ ਹੋਈ ਕਨਕਦੁਰਗਾ ਦੀ ਸੁਰੱਖਿਆ ਲਈ ਵੀ ਸਰਕਾਰ ਨੇ 19 ਪੁਲਿਸ ਮੁਲਾਜ਼ਮ ਹਸਪਤਾਲ ਵਿਚ ਤਾਇਨਾਤ ਕੀਤੇ ਹੋਏ ਹਨ। ਕੇਰਲ ਸਰਕਾਰ ਵੱਲੋਂ ਅਦਾਲਤ ਵਿਚ ਦਾਖਲ ਕੀਤੇ ਹਲਫ਼ਨਾਮੇ ਨੂੰ ਭਾਜਪਾ ਸ਼ਬਰੀਮਾਲਾ ਕਰਮਾ ਸਮਿਤੀ ਤੇ ਭਗਵਾਨ ਅਯੱਪਾ ਮੰਦਰ ਨਾਲ ਸਬੰਧ ਰੱਖਦੇ ਪੰਡਾਲਮ ਸ਼ਾਹੀ ਪਰਿਵਾਰ ਨੇ ’ਝੂਠਾ’ ਦੱਸਿਆ ਹੈ।

## ਪੰਜਾਬ ਸਰਕਾਰ ਪਿੰਡਾਂ ਦੇ ਸਮੁੱਚੇ ਵਿਕਾਸ ਲਈ ਵਚਨਬੱਧ- ਸਾਧੂ ਸਿੰਘ ਧਰਮਸੋਤ

**ਫਗਵਾੜਾ (ਬੀ. ਕੇ. ਰੱਤੂ)–** ਪੰਜਾਬ ਸਰਕਾਰ ਪਿੰਡਾਂ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਸਬੰਧੀ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਪੰਜਾਬ ਦੇ ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ ਸ. ਸਾਧੂ ਸਿੰਘ ਧਰਮਸੋਤ ਨੇ ਅੱਜ ਪਿੰਡ ਖਲਵਾੜਾ ਕਲੋਨੀ ਵਿਖੇ ਸਰਪੰਚ ਜਗਜੀਵਨ ਲਾਲ ਦੀ ਅਗਵਾਈ ਹੇਠ ਨਵੀਂ ਬਣੀ ਪੰਚਾਇਤ ਵੱਲੋਂ ਕਰਵਾਏ ਸ਼ੁਕਰਾਨਾ ਸਮਾਰੋਹ ਵਿਚ ਸ਼ਿਰਕਤ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਨੂੰ ਸ਼ਹਿਰਾਂ ਵਾਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੂਬੇ ਦੀ ਤਰੱਕੀ ਦੀ ਜਿੰਮੇਵਾਰੀ ਪੰਚਾਇਤਾਂ ਦੇ ਮੋਢਿਆਂ ’ਤੇ ਹੈ, ਕਿਉਂਕਿ ਜੇਕਰ ਪਿੰਡ ਤਰੱਕੀ ਕਰਨਗੇ ਤਾਂ ਹੀ ਸੂਬਾ ਤਰੱਕੀ ਕਰੇਗਾ। ਉਨ੍ਹਾਂ ਪਿੰਡਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਕਿ ਉਹ ਧੜੇਬੰਦੀ ਅਤੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਪਿੰਡਾਂ ਦੀ ਨੁਹਾਰ ਬਦਲਣ। ਇਸ ਮੌਕੇ ਉਨ੍ਹਾਂ ਪਿੰਡ ਖਲਵਾੜਾ ਕਲੋਨੀ ਲਈ ਆਪਣੇ ਅਖਤਿਆਰੀ ਫੰਡ ਵਿਚੋਂ10 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਸਰਪੰਚ ਜਗਜੀਵਨ ਲਾਲ ਤੋਂ ਇਲਾਵਾ ਮੈਂਬਰ ਪੰਚਾਇਤ ਕੁਲਦੀਪ ਸਿੰਘ, ਬੂਟਾ ਰਾਮ,



ਸੁਰਜੀਤ ਕੌਰ, ਚਰਨਜੀਤ, ਗੁਰਪ੍ਰੀਤ ਕੌਰ, ਗੁਰਦੇਵ ਕੌਰ ਅਤੇ ਗੁਰਜੀਤ ਕੁਮਾਰ ਨੂੰ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੇ ਹਲਕਾ ਇੰਚਾਰਜ ਅਤੇ ਸਾਬਕਾ ਕੈਬਨਿਟ ਮੰਤਰੀ ਸ. ਜੋਗਿੰਦਰ ਸਿੰਘ ਮਾਨ ਨੇ ਚੁਣ ਹੋਏ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਪਿੰਡਾਂ ਦੀ ਬਿਹਤਰੀ ਲਈ ਜੀਅ–ਜਾਨ ਨਾਲ ਕੰਮ ਕਰਕੇ ਲੋਕਾਂ ਦੀਆਂ ਉਮੀਦਾਂ ’ਤੇ ਖਰੇ ਉਤਰਨ। ਉਨ੍ਹਾਂ ਕਿਹਾ ਕਿ ਚੋਣਾਂ ਦਾ ਕੰਮ ਸਮਾਗਮ ਹੋ ਚੁੱਕਾ ਹੈ ਅਤੇ ਹੁਣ ਉਨ੍ਹਾਂ ਦਾ ਇਕੋ ਇਕ ਏਜੰਡਾ ਵਿਕਾਸ ਕਰਨਾ ਅਤੇ ਆਪਸੀ ਭਾਈਚਾਰਾ ਬਣਾਈ ਰੱਖਣਾ ਹੋਣਾ ਚਾਹੀਦਾ ਹੈ।

ਇਸ ਮੌਕੇ ਕਾਂਗਰਸ ਦੇ ਦਿਹਾਤੀ ਪ੍ਰਧਾਨ ਸ੍ਰੀ ਦਲਜੀਤ ਰਾਜੂ ਦਰਵੇਸ਼ ਪਿੰਡ ਅਤੇ ਸਾਬਕਾ ਸਰਪੰਚ ਸ੍ਰੀ ਹਰਬੰਸ ਲਾਲ ਨੇ ਵੀ ਨਵੀਂ ਪੰਚਾਇਤ ਨੂੰ ਵਧਾਈ ਦਿੱਤੀ।

ਇਸ ਮੌਕੇ ਬੀ. ਡੀ. ਪੀ. ਓ ਫਗਵਾੜਾ ਹਰਬਲਾਸ ਵਾਗਲਾ, ਪੰਚਾਇਤ ਸਕੱਤਰ ਮਲਕੀਤ ਚੰਦ, ਸੂਬਾ ਕਾਂਗਰਸ ਸਕੱਤਰ ਅਵਤਾਰ ਸਿੰਘ ਸਰਪੰਚ ਪੰਡਵਾ, ਨਵਜਿੰਦਰ ਸਿੰਘ ਬਾਹੀਆ, ਗੁਰਜੀਤ ਪਾਲ ਵਾਲੀਆ, ਸੰਤੋਖ ਸਿੰਘ, ਕਸ਼ਮੀਰ ਸਿੰਘ ਲੱਡੂ, ਪਰਮਜੀਤ ਕਾਕਾ, ਮਾਸਟਰ ਗਿਆਨ ਚੰਦ ਨਈਅਰ, ਅਵਤਾਰ ਸਿੰਘ, ਹਰਭਜਨ ਸਿੰਘ, ਕੁਲਦੀਪ ਸਿੰਘ, ਸ਼ੀਤਲ ਖਲਵਾੜਾ, ਸੇਵਾ ਰਾਮ, ਪ੍ਰਕਾਸ਼ ਰਾਮ, ਡਾ. ਬਲਦੇਵ ਸਿੰਘ, ਕਾਬਲ ਸਿੰਘ, ਬਲਕਾਰ ਚੰਦ, ਰਾਕੇਸ਼ ਕੁਮਾਰ, ਤਰਸੇਮ ਲਾਲ, ਚਰਨਦਾਸ, ਸਤਪਾਲ, ਚੰਨਣ ਰਾਮ, ਤਰਲੋਕ ਚੰਦ, ਦੇਸ ਰਾਜ, ਬਚਨ ਰਾਮ, ਪ੍ਰਦੀਪ ਕੁਮਾਰ, ਸੁਰਜੀਤ ਕੁਮਾਰ ਆਦਿ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

## ਗੁਰਬਾਣੀ ਕੰਠ ਮੁਕਾਬਲਿਆਂ ਵਿਚ ਭੁੱਲਰ ਸਕੂਲ ਦੀ ਚੜ੍ਹਤ

**ਬਟਾਲਾ (ਬਰਨਾਲ)–** ਸਿਖਿਆ ਵਿਭਾਗ ਪੰਜਾਬ ਵੱਲੋ ਵਿਦਿਆਰਥੀਆਂ ਨੂੰ ਹਰ ਪੱਖ ਚ ਪਰਪੱਕ ਕਰਨ ਦੇ ਮਕਸਦ ਨਾਲ ਪੰਜਾਬੀ ਭਾਸਾ ਤੇ ਖਾਸ ਕਰਕੇ ਸ੍ਰੀ ਗੁਰੂ



ਨਾਨਕ ਦੇਵ ਜੀ ਦੇ 550ਵੇ ਪ੍ਰਕਾਸ ਉਤਸਵ ਨੂੰ ਸਮਰਪਿਤ ਸਕੂਲ ਪੱਧਰੀ ਮੁਕਾਬਲੇ ਕਰਵਾਏ ਜਾ ਰਹੇ। ਜਿਲਾ ਦੇ ਜਿਲਾ ਸਿਖਿਆ ਅਫਸਰ ਸੈਕੰਡਰੀ ਸ੍ਰੀ ਮਤੀ ਰਾਕੇਸ਼ ਬਾਲਾ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੈਪ ਬਟਾਲਾ ਵਿਖੇ ਸੈਕੰਡਰੀ ਵਿੰਗ ਦੇ ਗੁਰਬਾਣੀ ਉਚਾਰਨ ਮੁਕਾਬਲੇ ਕਰਵਾਏ ਗਏ। ਜਿਸ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰ ਦਾ ਵਿਦਿਆਰਥੀ ਅੰਮ੍ਰਿਤਪਾਲ ਸਿੰਘ ਗੁਰਬਾਣੀ ਕੰਠ ਮੁਕਾਬਲੇ ਵਿਚ ਪਹਿਲੇ ਸਥਾਨ ਤੇ ਰਿਹਾ। ਸਕੂਲ ਪ੍ਰਬੰਧਕਾਂ ਵਿਚ ਪ੍ਰਿੰਸੀਪਲ ਰਵਿੰਦਰਪਾਲ ਸਿੰਘ ਚਾਹਲ, ਗੁਰਮੀਤ ਸਿੰਘ, ਹਰਜਿੰਦਰ ਸਿੰਘ, ਜਤਿੰਦਰਬੀਰ ਸਿੰਘ, ਕਵਲਪ੍ਰੀਤ ਸਿੰਘ, ਦਵਿੰਦਰ ਸਿੰਘ, ਪਰਵਿੰਦਰ ਕੌਰ, ਪੂਜਾ ਭਾਰਤੀ, ਰਮਨ ਬਾਜਵਾ, ਸੁਮਨਪ੍ਰੀਤ ਕੌਰ, ਰਮਿੰਦਰ ਕੌਰ, ਰੇਖਾ ਸਲਹੋਤਰਾ, ਪਿਆਰਾ ਲਾਲ, ਅਰੁਣ ਕੁਮਾਰ, ਹਰਦੀਪ ਸਿੰਘ, ਤਰਸੇਮ ਸਿੰਘ, ਆਦਿ ਵਿਦਿਆਰਥੀ ਨੂੰ ਸਕੂਲ ਵਿਖੇ ਸਨਮਾਨਿਤ ਕੀਤਾ ਗਿਆ। ਇਸ ਹਾਜਰ ਵਾਈਸ ਪ੍ਰਿੰਸੀਪਲ ਹਰਜਿੰਦਰ ਸਿੰਘ ਨੇ ਵਿਦਿਆਰਥੀ ਨੂੰ ਹੋਰ ਲਗਨ ਤੇ ਮਿਹਨਤ ਨਾਲ ਪੜਨ ਬਾਰੇ ਪ੍ਰੇਰਿਆ ਗਿਆ।

## ਬਹੁਜਨ ਸਮਾਜ ਪਾਰਟੀ ਪੰਜਾਬ ’ਚ ਵੀ ਮਹਾਂਗੱਠਜੋੜ ਬਣਾਉਣ ਦੀ ਤਿਆਰੀ ’ਚ

### ਮਹਾਂਗੱਠਜੋੜ ਵਿੱਚ ਆਪ ਨੂੰ ਵੀ ਸ਼ਾਮਲ ਕਰਨ ਬਾਰੇ ਗੱਲਬਾਤ ਚੱਲ ਰਹੀ ਹੈ : ਰਸ਼ਪਾਲ ਰਾਜੂ

**ਫਗਵਾੜਾ (ਬੀ. ਕੇ. ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਦਾ ਜਨਮ ਦਿਵਸ ਜਨਕਲਿਆਣਕਾਰੀ ਦਿਵਸ ਵੱਜੋਂ ਜੋਰ–ਸ਼ੋਰ ਨਾਲ ਮਨਾਇਆ ਗਿਆ। ਇਸਦੇ ਤਹਿਤ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਏ ਗਏ। 16 ਜਨਵਰੀ ਨੂੰ ਬਸਪਾ ਦੇ ਸੂਬਾ ਪ੍ਰਧਾਨ ਸ. ਰਸ਼ਪਾਲ ਸਿੰਘ ਰਾਜੂ ਦੀ ਯੋਗ ਅਗਵਾਈ ਵਿੱਚ ਪੰਜਾਬ ਦੇ ਮੁੱਖ ਬਸਪਾ ਆਗੂ ਭੈਣ ਕੁਮਾਰੀ ਮਾਇਆਵਤੀ ਦੇ ਨਿਵਾਸ ਸਥਾਨ, ਦਿੱਲੀ ਵਿਖੇ ਉਨ੍ਹਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦੇਣ ਪਹੁੰਚੇ। ਇਨ੍ਹਾਂ ਆਗੂਆਂ ਵਿੱਚ ਵਿਸ਼ੇਸ਼ ਤੌਰ ’ਤੇ ਬਸਪਾ ਪੰਜਾਬ, ਹਰਿਆਣਾ, ਚੰਡੀਗੜ੍ਹ ਇੰਚਾਰਜ ਡਾ. ਮੇਘਰਾਜ ਸਿੰਘ ਤੇ ਸੂਬਾ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਸ਼ਾਮਲ ਸਨ। ਸ. ਰਸ਼ਪਾਲ ਸਿੰਘ ਰਾਜੂ ਨੇ ਦੱਸਿਆ ਕਿ ਭੈਣ ਕੁਮਾਰੀ ਮਾਇਆਵਤੀ ਦੇ ਦਿਸ਼ਾ ਨਿਰਦੇਸ਼ ਤਹਿਤ ਪੰਜਾਬ ਵਿੱਚ ਵੀ ਗੈਰ ਕਾਂਗਰਸ ਤੇ ਗੈਰ ਭਾਜਪਾ ਮਹਾਂਗੱਠਜੋੜ ਕੀਤਾ ਜਾਵੇਗਾ। ਇਸ ਵਿੱਚ ਕਾਂਗਰਸ, ਅਕਾਲੀ ਦਲ ਤੇ ਭਾਜਪਾ ਨੂੰ ਛੱਡ ਕੇ ਬਾਕੀ ਪਾਰਟੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਪੰਜਾਬੀ ਏਕਤਾ ਪਾਰਟੀ, ਲੋਕ ਇਨਸਾਫ ਪਾਰਟੀ, ਸਾਂਸਦ ਧਰਮਵੀਰ ਗਾਂਧੀ ਦੇ ਮੰਚ, ਟਕਸਾਲੀ ਅਕਾਲੀ ਦਲ ਅਤੇ ਯੂਨਾਈਟੇਡ ਅਕਾਲੀ ਦਲ (ਬਰਗਾੜੀ) ਤੋਂ ਇਲਾਵਾ ਆਮ ਆਦਮੀ ਪਾਰਟੀ ਨਾਲ ਵੀ ਗੱਲਬਾਤ ਚੱਲ ਰਹੀ ਹੈ। ਇਨ੍ਹਾਂ ਪਾਰਟੀਆਂ ਦੇ ਮੁਖੀਆਂ ਨਾਲ ਗੱਲਬਾਤ ਹੋ ਚੁੱਕੀ ਹੈ ਤੇ ਛੇਤੀ ਹੀ ਇਹ ਮਹਾਂਗੱਠਜੋੜ ਬਣ ਕੇ ਸਿਰੇ ਚੜ੍ਹ ਜਾਵੇਗਾ। ਸੂਬਾ ਪ੍ਰਧਾਨ ਨੇ ਸਰਬ ਸਮਾਜ ਨੂੰ ਅਪੀਲ ਕੀਤੀ ਕਿ ਉਹ ਲੋਕ ਹਿੱਤਾਂ ਅਤੇ ਛੋਟੇ ਵਪਾਰੀਆਂ, ਕਿਸਾਨਾਂ, ਮਜ਼ਦੂਰਾਂ ਦੇ ਹਿੱਤਾਂ ਲਈ ਲੜ ਰਹੀ ਬਸਪਾ ਦਾ ਸਾਥ ਦੇਵੇ, ਤਾਂਕਿ ਭੈਣ ਕੁਮਾਰੀ ਮਾਇਆਵਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਭੈਣ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਸਾਰੀਆਂ ਪਾਰਟੀਆਂ ਇੱਕ ਮਤ ਹਨ। ਬਸਪਾ ਪੰਜਾਬ ਵਿੱਚ ਬੂਥ ਪੱਧਰ ਤੱਕ ਕੰਮ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਲੋਕਸਭਾ ਚੋਣਾਂ ਲਈ ਟਿਕਟਾਂ ਦੀ ਵੰਡ ਵੀ ਆਮ ਸਹਿਮਤੀ ਨਾਲ ਕਰ ਲਈ ਜਾਵੇਗੀ। ਇਸ ਵਿੱਚ ਕੋਈ ਦਿੱਕਤ (ਉਲਝਣ) ਨਹੀਂ ਹੈ।



## ਗੀਤਕਾਰ ਜਸਵਿੰਦਰ ਰਈਆ ਦਾ ਲਿਖਿਆ ਗੀਤ "ਸੰਕਲਪ ਗੁਰਾਂ ਦਾ ਬੇਗਮਪੁਰਾ" ਗਾਇਕਾ ਆਰਤੀ ਨਈਅਰ ਦੀ ਆਵਾਜ਼ ’ਚ ਜਲਦੀ ਰਿਲੀਜ਼ ਹੋਵੇਗਾ

**ਫਗਵਾੜਾ (ਬੀ.ਕੇ. ਰੱਤੂ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਸਮਰਪਿਤ ਧਾਰਮਿਕ ਗੀਤ " ਸੰਕਲਪ ਗੁਰਾਂ ਦਾ ਬੇਗਮਪੁਰਾ " ਬਹੁਤ ਜਲਦ ਰਿਲੀਜ਼ ਹੋ ਰਿਹਾ ਹੈ। ਇਸ ਸਿੰਗਲ ਟਰੈਕ " ਸੰਕਲਪ ਗੁਰਾਂ ਦਾ ਬੇਗਮਪੁਰਾ " ਦੇ ਲੇਖਕ ਜਸਵਿੰਦਰ ਰੱਤੂ ਰਈਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਿੰਗਲ ਟਰੈਕ ਨੂੰ ਸੁਰੀਲੀ ਗਾਇਕਾ ਆਰਤੀ ਨਈਅਰ ਨੇ ਆਪਣੀ ਆਵਾਜ਼ ’ਚ ਬਹੁਤ ਸੁਚੱਜੇ ਢੰਗ ਨਾਲ ਗਾਇਆ ਹੈ। ਇਸ ਸਿੰਗਲ ਟਰੈਕ ਨੂੰ ਸਾਊਂਡ ਵਿਵਸ ਮਿਊਜ਼ਿਕ ਕੰਪਨੀ ਵਲੋਂ ਰਿਕਾਰਡ ਕੀਤਾ ਹੈ, ਜਦਕਿ ਮਿਊਜ਼ਿਕ ਅਮਰੀਕ ਸਿੰਘ ਨੇ ਦਿੱਤਾ ਹੈ। ਇਸ ਧਾਰਮਿਕ ਗੀਤ ਦੀ ਵੀਡੀਓ ਤਿਲਕ ਰਾਜ ਵਲੋਂ ਬਹੁਤ ਹੀ ਸੁੰਦਰ ਤਰੀਕੇ ਨਾਲ ਤਿਆਰ ਕੀਤੀ ਹੈ। ਇਸ ਗੀਤ ਦੇ ਪ੍ਰੋਡਿਊਸਰ ਰਣਜੀਤ ਮਾਹੀ ਹਨ। ਗੀਤਕਾਰ ਜਸਵਿੰਦਰ ਰਈਆ ਨੇ ਦੱਸਿਆ ਕਿ ਇਸ ਧਾਰਮਿਕ ਸਿੰਗਲ ਟਰੈਕ ਨੂੰ ਤਿਆਰ ਕਰਨ ’ਚ ਸ੍ਰੀ ਗੁਰੂ ਰਵਿਦਾਸ ਦਰਬਾਰ ਕੋਰਪੀ ਗਰੀਸ, ਮਲਕੀਤ ਬਬੇਲੀ, ਪ੍ਰਸ਼ਾਂਤ ਗਾਟ ਤੇ ਪ੍ਰਮਜੀਤ ਜੱਸਲ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ। ਇਸ ਗੀਤ ਨੂੰ ਬਹੁਤ ਜਲਦ ਹੀ ਵੱਡੇ ਪੱਧਰ ’ਤੇ ਰਿਲੀਜ਼ ਕੀਤਾ ਜਾ ਰਿਹਾ ਹੈ।



## ਪੰਜਾਬ ਸਰਕਾਰ ਦਾ ਪੇਂਡੂ ਹਸਪਤਾਲਾਂ ਨੂੰ ਨਿੱਜੀ ਮੁਨਾਫਾਖੋਰਾਂ ਨੂੰ ਵੇਚਣ ਦਾ ਫ਼ੈਸਲਾ ਲੋਕ ਵਿਰੋਧੀ-ਜਮਹੂਰੀ ਅਧਿਕਾਰ ਸਭਾ

**ਬਠਿੰਡਾ–** ਇਥੇ ਪ੍ਰੈਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ ਅਤੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਪ੍ਰੈਸ ਸਕੱਤਰ ਬੂਟਾ ਸਿੰਘ ਅਤੇ ਸਟੇਟ ਸਕੱਤਰੇਤ ਦੇ ਮੈਂਬਰ ਡਾ ਅਜੀਤਪਾਲ ਸਿੰਘ ਨੇ ਪੰਜਾਬ ਸਰਕਾਰ ਦੇ ਪੇਂਡੂ ਸਰਕਾਰੀ ਹਸਪਤਾਲਾਂ ਨੂੰ ਨਿੱਜੀ ਕਾਰੋਬਾਰੀਆਂ ਦੇ ਹਵਾਲੇ ਕਰਨ ਦੇ ਫ਼ੈਸਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਨਾਗਰਿਕਾਂ ਨੂੰ ਢੁੱਕਵੀਆਂ ਸਿਹਤ ਸੇਵਾਵਾਂ ਮੁਹੱਈਆ ਕਰਾਉਣਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਦਾਰੀ ਹੈ। ਇਹਨਾਂ ਸੇਵਾਵਾਂ ਦੀ ਹਾਲਤ ਸੁਧਾਰਨ ਲਈ ਬਜਟ ਵਿਚ ਲੋੜੀਂਦਾ ਵਾਧਾ ਕਰਨ ਦੀ ਬਜਾਏ ਪੰਜਾਬ ਸਰਕਾਰ ਸਰਕਾਰੀ ਸਿਹਤ ਸੰਸਥਾਵਾਂ ਉੱਪਰ ਜਨਤਕ–ਨਿੱਜੀ ਹਿੱਸੇਦਾਰੀ (ਪੀਪੀਪੀ) ਥੋਪਕੇ ਇਹਨਾਂ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੇ ਰਾਹ ਪੈ ਚੁੱਕੀ ਹੈ। ਸਿਹਤ ਸੇਵਾਵਾਂ ਨੂੰ ਨਿੱਜੀ ਕਾਰੋਬਾਰੀਆਂ ਦੇ ਹਵਾਲੇ ਕਰਕੇ ਆਮ ਲੋਕਾਂ ਦੀ ਕੀਮਤ ’ਤੇ ਵੱਡੇ ਮੁਨਾਫ਼ੇ ਕਮਾਉਣ ਦੇ ਮੌਕੇ ਦੇਣ ਦੀ ਇਹ ਨੀਤੀ ਨਾਗਰਿਕਾਂ ਦੇ ਸਿਹਤਮੰਦ ਜ਼ਿੰਦਗੀ ਜਿਊਣ ਦੇ ਮਨੁੱਖੀ ਹੱਕ ਦਾ ਘਾਣ ਹੈ ਜਿਸ ਪ੍ਰਤੀ ਪੰਜਾਬ ਦੇ ਲੋਕਾਂ ਨੂੰ ਸੁਚੇਤ ਹੋ ਕੇ ਇਸ ਵਿਰੁੱਧ ਵਿਸ਼ਾਲ ਲੋਕ ਦਬਾਓ ਲਾਮਬੰਦ ਕਰਨ ਦੀ ਲੋੜ ਹੈ।

# ਬਿਆਸ ਪਿੰਡ ਦਾ ਇਤਿਹਾਸਕ ਛਿੰਝ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ





**ਅਲਾਵਲਪੁਰ (ਮਦਨ ਬੰਗੜ)–** ਬਿਆਸ ਪਿੰਡ ਦਾ ਪੁਰਾਤਨ ਛਿੰਝ ਮੇਲਾ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ, ਮਡਾਰ ਗੋਤ ਜਠੇਰੇ ਪ੍ਰਬੰਧਕ ਕਮੇਟੀ, ਐਨਆਰਆਈ ਵੀਰਾਂ, ਗਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਮੱਲ ਤੇ ਜੈ ਬਾਬਾ ਲੱਖ ਦਾਤਾ ਦੇ ਪਾਵਨ ਦਰਬਾਰ ਤੇ ਮੰਗਲਵਾਰ ਨੂੰ ਧੂਮ ਧੜੱਲੇ ਨਾਲ ਸ਼ੁਰੂ ਹੋਇਆ ਇਸ ਮੌਕੇ ਸਵੇਰੇ ਦਰਬਾਰ ਤੇ ਨਿਸ਼ਾਨ ਸਾਹਿਬ ਚੜ੍ਹਾਉਣ ਤੋਂ ਬਾਅਦ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਦੇ ਭੋਗ ਪਾਏ ਗਏ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਰਾਗੀ ਜੱਥਿਆਂ ਤੇ ਮਿਸ਼ਨਰੀ ਗਾਇਕਾਂ ਵੱਲੋਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ ਬਾਅਦ ਵਿੱਚ ਦੁਪਹਿਰ ਖੁੱਲ੍ਹੇ ਅਖਾੜੇ ਚ ਤੇਲ ਚੜਈ ਦੀ ਰਸਮ ਤੋਂ ਬਾਅਦ ਸੰਤ ਸੁਰਿੰਦਰ ਦਾਸ ਕਠਾਰ ਵਾਲਿਆਂ ਦੇ ਅਸ਼ੀਰਵਾਦ ਨਾਲ ਸੰਤ ਪ੍ਰਦੀਪ ਦਾਸ ਕਠਾਰ ਵਾਲਿਆਂ ਨੇ ਕੁਸ਼ਤੀਆਂ ਸ਼ੁਰੂ ਕਰਵਾਈਆ।

ਇਸ ਮੌਕੇ ਪੰਜਾਬ ਭਰ ਦੇ ਵੱਖ ਵੱਖ ਰਾਜਾਂ ਤੋਂ ਆਏ ਸੈਂਕੜੇ ਭਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਸ਼ਾਮ ਨੂੰ ਪਟਕੇ ਦੀ ਕੁਸ਼ਤੀ ਦੀ ਸ਼ੁਰੂਆਤ ਮੁੱਖ ਮਹਿਮਾਨ ਏ ਡੀ ਸੀ ਜਸਵੀਰ ਸਿੰਘ ਨੇ ਪ੍ਰਬੰਧਕਾਂ ਨਾਲ ਸਾਂਝੇ ਤੌਰ ਤੇ ਸ਼ੁਰੂ ਕਰਵਾਈ ਪਟਕੇ ਦੀ ਕੁਸ਼ਤੀ ਅਜੇ ਵਰੁਣ ਦਿੱਲੀ ਤੇ 19 ਸਾਲ ਦੇ ਭਲਵਾਨ ਪ੍ਰਿਤਪਾਲ ਫਗਵਾੜਾ ਦੇ ਵਿਚਕਾਰ ਹੋਈ ਕਰੀਬ ਇੱਕ ਘੰਟਾ ਚੱਲੇ ਇਸ ਫ਼ਸਵੇਂ ਮੁਕਾਬਲੇ 'ਚ ਕੋਈ ਵੀ ਭਲਵਾਨ ਕਿਸੇ ਨੂੰ ਚਿਤ ਨਹੀਂ ਕਰ ਸਕਿਆ ਅਖੀਰ ਚ ਪ੍ਰਬੰਧਕਾਂ ਵੱਲੋਂ ਪੁਆਇੰਟਾਂ ਦੇ ਆਧਾਰ ਤੇ ਪਟਕੇ ਦੀ ਕੁਸ਼ਤੀ ਕਰਵਾਈ, ਜਿਸ ਵਿੱਚ ਅਜੇ ਵਰੁਣ ਨੇ ਪ੍ਰੀਤਪਾਲ ਫਗਵਾੜਾ ਨੂੰ ਹਰਾ ਕੇ ਪਟਕਾ ਆਪਣੇ ਨਾਮ ਕੀਤਾ ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਮਹਿੰਦਰ ਸਿੰਘ ਕੇ ਪੀ ਹਲਕਾ ਵਿਧਾਇਕ ਪਵਨ ਕੁਮਾਰ ਟੀਨੂੰ ਡਿਪਟੀ ਮੇਅਰ ਜਲੰਧਰ ਸੁਰਿੰਦਰ ਕੌਰ ਸਾਬਕਾ ਕਾਸਲਰ ਗੁਰਮੀਤ ਚੰਦ ਦੁੱਗਲ ਬਾਬਾ ਮਹਿੰਦਰ ਸਿੰਘ ਤੇ ਪ੍ਰਬੰਧਕ ਚੇਅਰਮੈਨ ਰਾਮ ਪ੍ਰਕਾਸ਼ ਪ੍ਰਧਾਨ ਬਲਵਿੰਦਰ ਕੁਮਾਰ ਬੱਬੀ ਸੰਸਾਰ ਚੰਦ ਨਾਮਦੇਵ ਸਕੱਤਰ ਰਾਮ ਮੂਰਤੀ ਚਮਨ ਲਾਲ ਖ਼ਜ਼ਾਨਚੀ ਬਖਸ਼ੀ ਰਾਮ ਨਿਰਮਲ ਕੁਮਾਰ ਸੇਵਾ ਰਾਮ ਪਿਆਰਾ ਲਾਲ ਦੇਵੀ ਵਿਨੋਦ ਕੁਮਾਰ ਬਲਦੇਵ ਨਾਭਾ ਮਨੋਹਰ ਲਾਲ ਰਾਜ ਮੱਲ ਲਾਲੀ ਯੂਕੇ ਸੰਤ ਮਹਿੰਦਰ ਸਿੰਘ ਸਰਪੰਚ ਸੰਜੀਵ ਕੁਮਾਰ ਰੋਕੀ ਹੈਪਾ ਰੇਸ਼ਮ ਜਿੰਦੂ ਮਦਨ ਲਾਲ ਆਦਿ ਹਾਜ਼ਰ ਸਨ। ਇਸ ਮੌਕੇ ਪਟਕੇ ਦੇ ਜੇਤੂ ਭਲਵਾਨ ਅਜੇ ਵਰੁਣ ਦਿੱਲੀ ਤੇ ਉੱਪ ਜੇਤੂ ਭਲਵਾਨ ਪ੍ਰੀਤਪਾਲ ਫਗਵਾੜਾ ਨੂੰ ਏਡੀਸੀ ਜਸਵੀਰ ਸਿੰਘ ਸੰਤ ਪ੍ਰਦੀਪ ਦਾਸ ਤੇ ਪ੍ਰਬੰਧਕਾਂ ਵੱਲੋਂ ਕ੍ਰਮਵਾਰ 71 ਹਜ਼ਾਰ ਰੁਪਏ ਤੇ 51 ਹਜ਼ਾਰ ਰੁਪਏ ਨਕਦ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਰਵਿੰਦਰਜੀਤ ਕੌਰ ਫਗੂੜਾ ਨਿਊਜ਼ੀਲੈਂਡ ਏਅਰ ਫੋਰਸ 'ਚ ਭਰਤੀ ਹੋਣ ਵਾਲੀ ਬਣੀ ਪਹਿਲੀ ਪੰਜਾਬੀ ਕੁੜੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਲੋਹੜੀ ਦਾ ਤਿਉਹਾਰ ਇਸੇ ਹਫਤੇ ਬੀਤਿਆ ਹੈ ਜਿੱਥੇ ਨਵ ਜਨਮੇ ਪੁੱਤਰਾਂ ਦੇ ਬਰਾਬਰ ਹੀ ਨਵਜੰਮੀਆਂ ਧੀਆਂ ਦੀ ਲੋਹੜੀ ਵੰਡੀ ਗਈ ਹੈ। ਅੰਦਾਜ਼ਾ ਲਾਓ ਜੇਕਰ ਮਾਪਿਆਂ ਦੀ ਕੋਈ ਲਾਡਲੀ ਇਕ ਦਿਨ ਵੱਡਿਆਂ ਹੋ ਕੇ ਅਜਿਹਾ ਇਤਿਹਾਸ ਸਿਰਜ ਦੇਵੇ ਜਿਹੜਾ ਪਹਿਲਾਂ ਕਿਸੇ ਦੇ ਹਿੱਸਾ ਨਾ ਆਇਆ ਹੋਵੇ ਤਾਂ ਕਿਸ ਕਦਰ ਖੁਸ਼ੀ ਦਾ ਸਾਗਰ ਉਨ੍ਹਾਂ ਦੇ ਜਿਗਰ ਦੇ ਵਿਚ ਉਛਲਦਾ ਹੋਵੇਗਾ। ਦੇਸ਼ ਹੋਵੇ ਚਾਹੇ ਵਿਦੇਸ਼ ਧੀਆਂ ਅੱਜਕੱਲ੍ਹ ਹਰ ਥਾਂ ਮੂਹਰੇ ਹਨ। ਨਿਊਜ਼ੀਲੈਂਡ ਵਸਦੇ ਭਾਰਤੀ ਖਾਸ ਕਰ ਪੰਜਾਬੀ ਭਾਈਚਾਰੇ ਲਈ ਖੁਸ਼ੀ ਦੀ ਖਬਰ ਹੈ ਕਿ 'ਦਾ ਰਾਇਲ ਨਿਊਜ਼ੀਲੈਂਡ ਏਅਰ ਫੋਰਸ' ਜਿਸ ਦੀ ਸਥਾਪਨਾ ਕਿਸੇ ਹੋਰ ਰੂਪ ਨਾਲ 1913 ਦੇ ਵਿਚ ਪਹਿਲੀ ਵਾਰ ਤੇ ਫਿਰ 1 ਅਪ੍ਰੈਲ 1937 ਨੂੰ 'ਏਅਰ ਫੋਰਸ ਐਕਟ' (ਆਜ਼ਾਦ ਰੂਪ) ਬਣਾ ਕੇ ਕੀਤੀ ਗਈ ਅਤੇ ਇਸ ਏਅਰ ਫੋਰਸ ਨੇ ਦਰਜਨ



ਤੋਂ ਵੱਧ ਜੰਗਾਂ-ਯੁੱਧਾਂ ਦੇ ਵਿਚ ਭਾਗ ਲਿਆ ਹੈ, ਦੇ ਵਿਚ ਪਹਿਲੀ ਵਾਰ 22 ਸਾਲਾ ਪੰਜਾਬੀ ਕੁੜੀ ਰਵਿੰਦਰਜੀਤ ਕੌਰ ਫਗੂੜਾ ਸ਼ਾਮਿਲ ਹੋ ਗਈ ਹੈ। ਸ. ਗੁਰਪਾਲ ਸਿੰਘ (ਸਰਗਰਮ ਸਿੱਖ ਆਗੂ) ਅਤੇ ਸ੍ਰੀਮਤੀ ਰਾਣਾ ਮਨਵੀਰ ਕੌਰ (ਜੱਦੀ ਪਿੰਡ ਰਾਮ ਨਗਰ ਢੈਹਾ (ਹੁਸ਼ਿਆਰਪੁਰ) ਦੇ ਵਲਿੰਗਟਨ ਸਥਿਤ ਗ੍ਰਹਿ ਵਿਖੇ ਇਸ ਬੱਚੀ ਨੇ 1997 ਦੇ ਵਿਚ ਜਨਮ ਲਿਆ । ਇਥੇ ਦੀ ਜੰਮਪਲ ਅਤੇ ਸਕੂਲੀ ਪੜ੍ਹਾਈ ਹੋਣ ਦੇ ਬਾਵਜੂਦ ਇਸਦੇ ਮਾਪਿਆਂ ਨੇ ਆਪਣੀ ਧੀਅ ਨੂੰ ਐਨੀ ਕੁ ਪੰਜਾਬੀ ਦੀ ਮੁਹਾਰਿਤ ਹਾਸਿਲ ਕਰਵਾ ਦਿੱਤੀ ਕਿ ਉਹ ਬੋਲਣ ਦੇ ਨਾਲ-ਨਾਲ ਪੜ੍ਹਨ ਲਿਖਣ ਵਿਚ ਵੀ ਮੁਹਾਰਿਤ ਰੱਖਦੀ ਹੈ। ਇਸ ਕੁੜੀ ਨੇ ਸੇਕਰਡ ਹਾਰਟ ਸਕੂਲ ਲੋਅਰਹੱਟ ਤੋਂ ਸਕੂਲਿੰਗ ਅਤੇ ਵਿਕਟੋਰੀਆ ਯੂਨੀਵਰਸਿਟੀ ਵਲਿੰਗਟਨ ਤੋਂ ਬੀ, ਕਾਮ ਦੇ ਵਿਚ ਗ੍ਰੈਜੂਏਸ਼ਨ ਕੀਤੀ। ਇਸਦੇ ਨਾਲ-ਨਾਲ ਇਹ ਕੁੜੀ ਵਲੰਟੀਅਰ ਤੌਰ 'ਤੇ 'ਏਅਰ ਫੋਰਸ ਕੈਡੇਟ ਨਿਊਜ਼ੀਲੈਂਡ' ਦੇ ਵਿਚ ਆ-ਪਣੀਆਂ ਸੇਵਾਵਾਂ ਦੇਣੀਆਂ ਜਾਰੀ ਰੱਖੀਆਂ।

# ਸਾਂਝੇ ਅਧਿਆਪਕ ਮੋਰਚੇ ਦੇ ਪੰਜ ਆਗੂਆਂ ਦੀਆਂ ਸੇਵਾਵਾਂ ਖਤਮ (ਟਰਮੀਨੇਟ) ਕਰਨ ਦਾ ਸਰਕਾਰੀ ਫੈਸਲਾ ਇੱਕ ਤਾਨਾਸ਼ਾਹੀ ਕਦਮ:- ਜਮਹੂਰੀ ਅਧਿਕਾਰ ਸਭਾ

**ਬਠਿੰਡਾ–** ਐਸਐਸਏ, ਰਮਸਾ ਤੇ ਆਦਰਸ਼-ਮਾਡਲ ਸਕੂਲਾਂ ਵਿੱਚ ਕੰਮ ਕਰਦੇ 8886 ਅਧਿਆਪਕਾਂ ਨੂੰ ਰੇਗੂਲਰ ਕਰਨ ਬਦਲੇ ਉਹਨਾਂ ਦੀਆਂ ਮੌਜੂਦਾ ਤਨਖਾਹਾ ਵਿੱਚ ਤਿੰਨ-ਚੌਥਾਈ ਕਟੌਤੀ ਕਰਨ ਦੇ ਸਰਕਾਰੀ ਫੈਸਲੇ ਨੂੰ ਰੱਦ ਕਰਵਾ ਕੇ ਮੁਕੰਮਲ ਤਨਖਾਹਾ ਤੇ ਹੀ ਰੇਗੂਲਰ ਕਰਨ ਦੀ ਆਪਣੀ ਮੰਗ ਦੇ ਹੱਕ ਵਿੱਚ ਜਮਹੂਰੀ ਅਤੇ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਅਧਿਆਪਕਾਂ ਦੇ "ਸਾਂਝੇ ਅਧਿਆਪਕ ਮੋਰਚੇ" ਦੇ ਪੰਜ ਆਗੂਆਂ ਦੀਆਂ ਸੇਵਾਵਾਂ ਖਤਮ ਕੀਤੇ ਜਾਣਾ ਸਰਕਾਰ ਦਾ ਇੱਕ ਬੇਹੱਦ ਤਾਨਾਸ਼ਾਹੀ ਕਦਮ ਹੈ, ਇਹ ਵਿਚਾਰ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਦੇ ਪ੍ਰਧਾਨ ਪਿੰਸੀਪਲ ਬੱਗਾ ਸਿੰਘ,ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਸੂਬਾ ਸਕੱਤਰੇਤ ਦੇ ਮੈਂਬਰ ਡਾ: ਅਜੀਤਪਾਲ ਸਿੰਘ ਐਮ ਡੀ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਪ੍ਰਗਟ ਕੀਤੇ ਅਤੇ ਕਿਹਾ ਹੈ ਕਿ ਸਿਹਤਮੰਦ ਤੇ ਸਨਮਾਨਜਨਕ ਜ਼ਿੰਦਗੀ ਜਿਊਣ ਲਈ ਆਪਣੇ ਰੁਜ਼ਗਾਰ ਦੀ ਰਾਖੀ ਕਰਨ ਖਾਤਰ ਸਮਾਜ ਦੇ ਹਰੇਕ ਤਬਕੇ ਨੂੰ ਆਪਣੀਆਂ ਮੰਗਾਂ ਦੇ ਹੱਕ ਵਿੱਚ ਜਥੇਬੰਦਕ ਢੰਗ ਨਾਲ ਸੰਘਰਸ਼ ਕਰਨ ਦਾ ਮੁਢਲਾ ਜਮਹੂਰੀ ਹੱਕ ਹੈ। ਪਿਛਲੇ ਦਸ ਸਾਲਾਂ ਤੋਂ ਮੌਜੂਦਾ ਤਨਖਾਹਾਂ ਤੇ ਕੰਮ ਕਰ ਰਹੇ ਅਧਿਆਪਕਾਂ ਨੂੰ ਰੇਗੂਲਰ ਕਰਨ ਬਦਲੇ ਪਚੱਤਰ ਫ਼ੀਸਦੀ ਤਨਖਾਹ ਕਟੌਤੀ ਲਾਉਣਾ ਤੇ ਫੇਰ ਇਸ ਫਰਮਾਨ ਨੂੰ ਨਾ ਮੰਨਣ ਵਾਲੇ ਅਧਿਆਪਕਾਂ ਦੀਆਂ ਦੂਰ ਦੁਰਾਡੇ ਬਦਲੀਆਂ ਤੇ ਉਹਨਾਂ ਦੇ ਆਗੂਆਂ ਦੀਆਂ ਮੁਅੱਤਲੀਆਂ ਕਰਕੇ ਸਰਕਾਰ ਨੇ ਪਹਿਲਾਂ ਉਹਨਾਂ ਦੇ ਸੰਘਰਸ਼ ਨੂੰ ਲੀਹੋਂ ਲਾਹੁਣ ਦੀ ਕੋਸਿਸ਼ ਕੀਤੀ ਪਰ ਫੇਰ ਅਧਿਆਪਕ ਸੰਘਰਸ਼ ਦੇ 56ਵੇਂ ਦਿਨ ਇੱਕ ਦਸੰਬਰ ਨੂੰ ਸਿੱਖਿਆ ਮੰਤਰੀ ਨੇ ਉਨ੍ਹਾਂ ਦੇ ਧਰਨੇ ਵਿੱਚ ਜਾ ਕੇ ਜਬਰੀ ਕੀਤੀਆਂ ਬਦਲੀਆਂ, ਮੁਅਤਲੀਆਂ ਤੁਰੰਤ ਰੱਦ ਕਰਨ ਤੇ ਅਧਿਆਪਕਾਂ ਦੀ ਤਨਖ਼ਾਹ ਦਾ ਫ਼ੈਸਲਾ ਮੁੱਖ ਮੰਤਰੀ ਨਾਲ ਮੀਟਿੰਗ ਕਰਵਾ ਕੇ ਵਿਚਾਰਨ ਦਾ ਐਲਾਨ ਕੀਤਾ। ਸਿੱਖਿਆ ਮੰਤਰੀ ਵੱਲੋਂ ਕੀਤੇ ਐਲਾਨ ਤੇ ਅਮਲ ਕਰਨ ਦੀ ਬਜਾਏ ਸਰਕਾਰ ਨੇ ਉਲਟਾ ਅਧਿਆਪਕ ਆਗੂਆਂ ਦੀਆਂ ਸੇਵਾਵਾਂ ਖਤਮ ਕਰਕੇ ਉਨ੍ਹਾਂ ਦੇ ਸੰਘਰਸ਼ ਨੂੰ ਲੀਹੋਂ ਲਾਉਣ, ਦਹਿਸ਼ਤ ਪਾਉਣ ਤੇ ਉਨ੍ਹਾਂ ਨੂੰ ਆਗੂ ਰਹਿਤ ਕਰਨ ਦਾ ਜੋ ਕਦਮ ਚੁੱਕਿਆ ਹੈ ਉਹ ਸਰਾਸਰ ਬੇਵਫਾਈ ਤੇ ਤਾਨਾਸ਼ਾਹੀ ਵਾਲਾ ਹੈ, ਤੇ ਇਹ ਸਕੂਲਾਂ 'ਚ ਸਿੱਖਿਆ ਦੇ ਮਾਹੌਲ ਨੂੰ ਵਿਗਾੜਨ ਦਾ ਕੰਮ ਕਰੇਗਾ।

ਇਨ੍ਹਾਂ ਆਗੂਆਂ ਨੇ ਅੱਗੇ ਕਿਹਾ ਕਿ ਵਧਦੀ ਮਹਿ-ਗਾਈ ਦੇ ਮੱਦੇਨਜ਼ਰ ਸਮਾਜ ਦੇ ਸਾਰੇ ਹੀ ਵਰਗ ਘੁੱਟਣ ਮਹਿ-ਸੂਸ ਕਰ ਰਹੇ ਹਨ ਅਤੇ ਉਨ੍ਹਾਂ ਵਾਸਤੇ ਆਪਣੇ ਪਰਿਵਾਰ ਦੀ ਦੋ ਡੰਗ ਦੀ ਰੋਟੀ ਦਾ ਪ੍ਰਬੰਧ ਕਰਨਾ ਮੁਸ਼ਕਲ ਹੋ ਗਿਆ ਹੈ। ਅਜਿਹੇ ਮੌਕੇ ਸਰਕਾਰ ਨੂੰ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਸਮੇਂ ਸਿਰ ਆਪਣੇ ਸੰਵਿਧਾਨਕ ਫ਼ਰਜ਼ ਨਿਭਾਉਣੇ ਚਾਹੀਦੇ ਹਨ।

ਉਲਟਾ ਸਰਕਾਰ ਆਪਣੇ ਕਲਿਆਣਕਾਰੀ ਏਜੰਡੇ ਤੋਂ ਹੱਥ ਪਿਛੇ ਖਿੱਚ ਰਹੀ ਹੈ,ਜਿਸ ਕਰਕੇ ਲੋਕ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਜਮਹੂਰੀ ਅਧਿਕਾਰ ਸਭਾ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਟਰਮੀਨੇਟ ਕੀਤੇ ਪੰਜ ਅਧਿਆਪਕ ਆਗੂਆਂ ਨੂੰ ਤੁਰੰਤ ਬਹਾਲ ਕਰਕੇ ਅਧਿਆਪਕਾਂ ਵੱਲੋਂ ਰੱਖੀਆਂ ਮੰਗਾਂ ਤੇ ਗੌਰ ਕਰਨ ਲਈ ਗੱਲਬਾਤ ਦਾ ਰਾਹ ਖੋਲ੍ਹਣਾ ਚਾਹੀਦਾ ਹੈ।

**– ਡਾ ਅਜੀਤਪਾਲ ਸਿੰਘ**



# ਜਿਨ੍ਹਾਂ ਨੂੰ 'ਲੁੱਟਣ' ਤੋਂ ਰੋਕਿਆ, ਉਨ੍ਹਾਂ ਬਣਾਇਆ 'ਮਹਾਂਗੱਠਜੋੜ': ਮੋਦੀ

**ਸਿਲਵਾਸਾ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਕਿਹਾ ਕਿ ਤਜਵੀਜ਼ਸ਼ੁਦਾ 'ਮਹਾਂਗੱਠਜੋੜ' ਉਨ੍ਹਾਂ ਲੋਕਾਂ ਦਾ ਸਮੂਹ ਹੈ ਜਿਨ੍ਹਾਂ ਨੂੰ ਉਨ੍ਹਾਂ ਦੇਸ਼ 'ਲੁੱਟਣ' ਤੋਂ ਰੋਕਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮਹਾਂਗੱਠਜੋੜ ਉਨ੍ਹਾਂ ਖ਼ਿਲਾਫ਼ ਨਹੀਂ ਪਰ ਦੇਸ਼ ਦੇ ਲੋਕਾਂ ਖ਼ਿਲਾਫ਼ ਹੈ। ਕੋਲਕਾਤਾ ਵਿਚ ਤ੍ਰਿਣਮੂਲ ਕਾਂਗਰਸ (ਟੀਐੱਮਸੀ) ਦੀ ਰੈਲੀ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਨਾਂ ਲਏ ਬਗ਼ੈਰ ਉਨ੍ਹਾਂ ਕਿਹਾ ਕਿ ਸੂਬੇ ਵਿਚ ਭਾਜਪਾ ਦਾ ਸਿਰਫ਼ ਇਕ ਵਿਧਾਇਕ ਹੈ, ਪਰ ਫੇਰ ਵੀ ਵਿਰੋਧੀ ਐਨੇ ਸਹਿਮੇ ਹੋਏ ਹਨ ਕਿ 'ਬਚਾਅ' ਦਾ ਰੌਲਾ ਪਾ ਰਹੇ ਹਨ। ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਚੁੱਕੇ ਕਦਮਾਂ ਨੇ ਕੁਝ ਲੋਕਾਂ ਨੂੰ ਨਾਰਾਜ਼ ਕਰ ਦਿੱਤਾ ਹੈ ਤੇ ਗੱਠਜੋੜ ਡਰ ਵਿਚੋਂ ਉਪਜਿਆ ਹੈ। ਭਾਜਪਾ ਨੂੰ ਪੱਛਮੀ ਬੰਗਾਲ ਵਿਚ ਸਿਆਸੀ ਯਾਤਰਾ ਕੱਢਣ ਤੋਂ ਰੋਕਣ ਬਾਰੇ ਸ੍ਰੀ ਮੋਦੀ ਨੇ ਕਿਹਾ ਕਿ ਟੀਐੱਮਸੀ ਦੀ ਸੱਤਾ ਵਾਲੇ ਰਾਜ ਵਿਚ ਹੋਰਨਾਂ ਸਿਆਸੀ ਧਿਰਾਂ ਨਾਲ ਵੀ ਅਜਿਹਾ ਵਿਹਾਰ ਕੀਤਾ ਜਾ ਰਿਹਾ ਹੈ।

**ਵਿਰੋਧੀਆਂ ਦੀ ਰੈਲੀ ਨਿੱਜੀ ਹਿੱਤਾਂ ਤੋਂ ਪ੍ਰੇਰਿਤ**

ਤ੍ਰਿਣਮੂਲ ਕਾਂਗਰਸ ਸੁਪਰੀਮੋ ਮਮਤਾ ਬੈਨਰਜੀ ਵੱਲੋਂ ਕੋਲਕਾਤਾ ਵਿਚ ਕਰਵਾਈ ਵਿਰੋਧੀ ਪਾਰਟੀਆਂ ਦੀ ਸਾਂਝੀ ਰੈਲੀ ਨੂੰ ਭਾਜਪਾ ਨੇ 'ਨਿੱਜੀ ਹਿੱਤਾਂ ਤੋਂ ਪ੍ਰੇਰਿਤ ਤੇ ਵਿਚਾਰਧਾਰਾਵਾਂ ਦੇ ਟਕਰਾਅ ਵਾਲਾ ਇਕੱਠ' ਕਰਾਰ ਦਿੱਤਾ ਹੈ। ਭਾਜਪਾ ਨੇ ਦੇਸ਼ ਵਿਚ ਫਿਰ ਤੋਂ ਸਰਕਾਰ ਕਾਇਮ ਕਰਨ ਦਾ ਵੀ ਭਰੋਸਾ ਜਤਾਇਆ ਹੈ। ਇੱਥੇ ਪਾਰਟੀ ਦਫ਼ਤਰ ਵਿਚ ਮੀਡੀਆ



ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਭਾਜਪਾ ਦੇ ਕੌਮੀ ਤਰਜਮਾਨ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ ਪਾਰਟੀ ਅਜਿਹੇ ਸਮਾਗਮਾਂ ਤੋਂ ਬਿਲਕੁਲ ਫ਼ਿਕਰਮੰਦ ਨਹੀਂ ਹੈ। ਉਨ੍ਹਾਂ ਇਸ ਨੂੰ ਮੋਦੀ ਵਿਰੋਧੀ ਅਭਿਆਸ ਕਰਾਰ ਦਿੱਤਾ। ਰੂਡੀ ਨੇ ਕਿਹਾ ਕਿ ਮਮਤਾ ਬੈਨਰਜੀ ਨੇ ਰੈਲੀ ਨੂੰ 'ਯੂਨਾਈਟਿਡ (ਸੰਯੁਕਤ) ਇੰਡੀਆ' ਦਾ ਨਾਂ ਦਿੱਤਾ ਹੈ, ਪਰ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਏਕਤਾ ਨੂੰ ਖ਼ਤਰਾ ਕਿੱਥੇ ਹੈ। ਉਨ੍ਹਾਂ ਕਿਹਾ ਕਿ ਖੱਬੇ ਪੱਖੀ ਪਾਰਟੀਆਂ ਨੇ ਤਾਂ ਰੈਲੀ ਵਿਚ ਹਿੱਸਾ ਹੀ ਨਹੀਂ ਲਿਆ। ਇਸ ਤੋਂ ਇਲਾਵਾ ਐੱਸਪੀ ਤੇ ਬਸਪਾ ਦਾ ਗੱਠਜੋੜ ਯੂਪੀ ਵਿਚ ਕਾਂਗਰਸ ਦੀ ਆਲੋਚਨਾ ਕਰ ਰਿਹਾ ਹੈ। ਰੂਡੀ ਨੇ ਸਵਾਲ ਕੀਤਾ ਕਿ ਇਸ ਗੱਠਜੋੜ ਦਾ ਆਗੂ ਕੌਣ ਹੈ? ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕੋਲਕਾਤਾ ਰੈਲੀ ਨੂੰ 'ਮੌਕਾਪ੍ਰਸਤਾਂ ਦਾ ਇਕੱਠ' ਗਰਦਾਨਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ 'ਇਕ ਮਜ਼ਬੂਤ ਸਰਕਾਰ ਦੀ ਲੋੜ ਹੈ ਨਾ ਕਿ ਮਜਬੂਰ ਸਰਕਾਰ ਦੀ'। ਉਨ੍ਹਾਂ ਕਿਹਾ ਕਿ ਇਨ੍ਹਾਂ ਧਿਰਾਂ ਦਾ ਇੱਕੋ-ਇਕ ਏਜੰਡਾ ਪ੍ਰਧਾਨ ਮੰਤਰੀ ਮੋਦੀ ਨੂੰ ਹਰਾਉਣਾ ਹੈ ਤੇ ਦੇਸ਼ ਦੇ ਵਿਕਾਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸੇ ਦੌਰਾਨ ਸਾਬਕਾ ਕੇਂਦਰੀ ਮੰਤਰੀ ਤੇ ਪਟਨਾ ਤੋਂ ਭਾਜਪਾ ਦੇ ਸੰਸਦ ਮੈਂਬਰ ਸ਼ਤਰੂਘਣ ਸਿਨਹਾ ਦੇ ਵਿਰੋਧੀ ਪਾਰਟੀਆਂ ਦੀ ਰੈਲੀ 'ਚ ਸ਼ਾਮਲ ਹੋਣ 'ਤੇ ਰੂਡੀ ਨੇ ਕਿਹਾ ਕਿ ਸ਼ਤਰੂਘਣ ਮੌਕਾਪ੍ਰਸਤ ਆਗੂ ਹਨ ਤੇ ਉਨ੍ਹਾਂ ਦੇ ਇਸ ਰਵੱਈਏ ਦਾ ਗੰਭੀਰ ਨੋਟਿਸ ਲਿਆ ਜਾਵੇਗਾ।

# ਈਵੀਐੱਮਜ਼ ਨਾਲ ਛੇੜਛਾੜ: ਚੋਣ ਕਮਿਸ਼ਨ ਵੱਲੋਂ ਸ਼ੁਜਾ ਖ਼ਿਲਾਫ਼ ਸ਼ਿਕਾਇਤ

**ਨਵੀਂ ਦਿੱਲੀ–** ਖ਼ੁਦ ਨੂੰ ਸਾਈਬਰ ਮਾਹਿਰ ਦੱਸ ਕੇ ਲੋਕ ਸਭਾ ਚੋਣਾਂ 2014 ਵਿਚ ਧਾਂਦਲੀ ਹੋਣ ਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐੱਮਜ਼) ਦੇ ਹੈਕ (ਛੇੜਛਾੜ) ਹੋਣ ਦਾ ਦਾਅਵਾ ਵਾਲੇ ਵਿਅਕਤੀ ਖ਼ਿਲਾਫ਼ ਚੋਣ ਕਮਿਸ਼ਨ ਨੇ ਦਿੱਲੀ ਪੁਲੀਸ ਨੂੰ ਐੱਫਆਈਆਰ ਦਰਜ ਕਰਨ ਲਈ ਕਿਹਾ ਹੈ। ਕਮਿਸ਼ਨ ਨੇ ਕਿਹਾ ਹੈ ਕਿ ਸਈਦ ਸ਼ੁਜਾ ਨੇ ਅਫ਼ਵਾਹ ਫੈਲਾ ਕੇ ਸਹਿਮ ਪੈਦਾ ਕਰਨ ਸਬੰਧੀ ਇਕ ਕਾਨੂੰਨ ਦੀ ਉਲ-ਘਣਾ ਕੀਤੀ ਹੈ। ਚੋਣ ਕਮਿਸ਼ਨ ਨੇ ਸ਼ਿਕਾਇਤ ਵਿਚ ਸ਼ੁਜਾ ਦੇ ਦਾਅਵਿਆਂ ਦੀ 'ਤੁਰੰਤ ਜਾਂਚ' ਮੰਗੀ ਹੈ। ਉਸ ਨੇ ਇਹ ਦਾਅਵਾ ਸੋਮਵਾਰ ਲੰਡਨ ਵਿਚ ਹੋਏ ਇਕ ਈਵੈਂਟ ਵਿਚ ਕੀਤਾ ਸੀ। ਭਾਜਪਾ ਨੇ 'ਸਾਈਬਰ ਮਾਹਿਰ' ਦੇ ਦਾਅਵਿਆਂ ਨੂੰ ਕਾਂਗਰਸ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਕਾਂਗਰਸ ਭਾਰਤੀ ਲੋਕਤੰਤਰ ਤੇ ਚੋਣ ਕਮਿਸ਼ਨ ਨੂੰ 'ਬਦਨਾਮ' ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ 'ਸਾਈਬਰ ਮਾਹਿਰ' ਨੇ ਦਾਅਵਾ ਕੀਤਾ ਸੀ ਕਿ ਭਾਜਪਾ ਨੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨਾਲ ਛੇੜਛਾੜ ਕਰ ਕੇ 2014 ਦੀਆਂ ਲੋਕ ਸਭਾ ਚੋਣਾਂ ਜਿੱਤੀਆਂ ਸਨ। ਪ੍ਰਸਾਦ ਨੇ ਕਿਹਾ ਕਿ ਕਾਂਗਰਸ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿਚ ਆਪਣੀ ਹਾਰ ਸਪੱਸ਼ਟ ਨਜ਼ਰ ਆ ਰਹੀ ਹੈ ਤੇ ਇਸੇ ਲਈ ਪਾਰਟੀ ਹੁਣ ਹਰ ਹੱਥਕੰਡਾ ਅਪਣਾ ਕੇ ਵਿਰੋਧੀਆਂ ਦੀ ਸਾਖ਼ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਲੰਡਨ ਵਿਚ ਮੀਡੀਆਂ ਕਾਨਫ਼ਰੰਸ ਕਰਵਾਉਣ ਵਾਲੀ ਇੰਡੀਅਨ ਜਰਨਲਿਸਟ'ਸ ਐਸੋਸੀਏਸ਼ਨ ਦਾ ਮੁਖੀ ਆਸ਼ੀਸ਼ ਰੇਅ ਹੈ ਤੇ ਉਹ 'ਪੱਕਾ ਕਾਂਗਰਸੀ' ਹੈ। ਪ੍ਰਸਾਦ ਨੇ ਦਾਅਵਾ ਕੀਤਾ ਕਿ ਉਹ ਉਹ ਕਾਂਗਰਸ ਪੱਖੀ ਨੈਸ਼ਨਲ ਹੈਰਾਲਡ ਲਈ ਲਿਖਦਾ ਰਿਹਾ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਉਹ ਕਾਂਗਰਸ ਲਈ ਪ੍ਰਚਾਰ ਵੀ ਕਰਦਾ ਹੈ। ਇਸ ਤੋਂ ਇਲਾਵਾ ਉਸ ਨੇ ਰਾਹੁਲ ਗਾਂਧੀ ਲਈ ਲੰਡਨ 'ਚ ਜਨਤਕ ਇਕੱਠ ਦਾ ਵੀ ਪ੍ਰਬੰਧ ਕੀਤਾ ਸੀ। ਭਾਜਪਾ ਦੀ ਟਿੱਪਣੀ 'ਤੇ ਹਾਲੇ ਤੱਕ ਰੇਅ ਦੀ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਪ੍ਰਸਾਦ ਨੇ ਲੰਡਨ ਦੀ ਕਾਨਫ਼ਰੰਸ ਵਿਚ ਕਾਂਗਰਸੀ ਆਗੂ ਕਪਿਲ ਸਿੱਬਲ ਦੀ ਮੌਜੂਦਗੀ 'ਤੇ ਵੀ ਸਵਾਲ ਉਠਾਇਆ। ਉਨ੍ਹਾਂ ਕਿਹਾ ਕਿ ਦਾਅਵਾ ਕਰਨ ਵਾਲੇ ਸ਼ੁਜਾ ਨੇ ਵੀ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਹੈ ਤੇ ਇਹ ਸਾਰਾ ਸਿਆਸੀ ਡਰਾਮਾ ਹੈ।

ਪ੍ਰਸਾਦ ਨੇ ਦੋਸ਼ ਲਾਇਆ ਕਿ ਪੱਛਮੀ ਬੰਗਾਲ ਵਿਚ ਹੋਈਆਂ ਸਥਾਨਕ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੇ ਬੈਲਟ ਪੇਪਰਾਂ ਨਾਲ ਛੇੜਛਾੜ ਕੀਤੀ ਸੀ ਕਿਉਂਕਿ ਈਵੀਐੱਮ ਨਹੀਂ ਵਰਤੀਆਂ ਗਈਆਂ।

# ਜਨਵਰੀ ਮਹੀਨੇ ਦੇ ਸੰਗਰਾਮੀਆਂ ਨੂੰ ਸਮਰਪਿਤ ਭਖ਼ਦੇ ਸੁਆਲਾਂ 'ਤੇ ਵਿਚਾਰ-ਚਰਚਾ 23 ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਆਜ਼ਾਦੀ ਸੰਗਰਾਮ ਅਤੇ ਇਨਕਲਾਬੀ ਲਹਿਰਾਂ ਦੇ ਝੰਡਾ ਬਰਦਾਰਾਂ ਦੀ ਯਾਦ 'ਚ ਹਰ ਮਹੀਨੇ ਅਹਿਮ ਭਖ਼ਦੇ ਸੁਆਲਾਂ ਉਪਰ ਚਲਦੇ ਪੂਰੇ ਵਰ੍ਹੇ 'ਚ ਵਿਚਾਰ ਗੋਸ਼ਟੀਆਂ ਕਰਨ ਦੇ ਕੀਤੇ ਤਾਜ਼ਾ ਫੈਸਲੇ ਦੀ ਲੜੀ 'ਚ ਜਨਵਰੀ ਮਹੀਨੇ ਦੀ 23 ਤਾਰੀਖ਼ 2 ਵਜੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੌਲਵੀ ਬਰਕਤ ਉੱਲ੍ਹਾ ਖਾਂ, ਸੋਹਣ ਲਾਲ ਪਾਠਕ, ਸ਼ਿਵ ਵਰਮਾ, ਭਾਈ ਮੇਵਾ ਸਿੰਘ ਲੋਪੋਕੇ, ਸੇਵਾ ਸਿੰਘ ਠੀਕਰੀਵਾਲਾ, ਰੋਸ਼ਨ ਸਿੰਘ (ਕਾਕੋਰੀ ਕੇਸ), ਸੁਭਾਸ਼ ਚੰਦਰ ਬੋਸ, ਬਾਬੂ ਮੰਗੂ ਰਾਮ, ਨਾਮਧਾਰੀ ਕੂਕਾ ਸਾਕਾ ਦੇ ਸ਼ਹੀਦਾਂ, ਕਾਮਰੇਡ ਗੰਧਰਵ ਸੈਨ ਕੋਛੜ, ਚੈਨ ਸਿੰਘ ਚੈਨ ਅਤੇ ਜਨਵਰੀ ਮਹੀਨੇ ਦੇ ਸਮੂਹ ਗ਼ਦਰੀ ਦੇਸ਼ ਭਗਤਾਂ ਦੀ ਯਾਦ 'ਚ "ਆਜ਼ਾਦੀ ਸੰਗਰਾਮੀਆਂ ਦੇ ਸੁਪਨੇ ਅਤੇ ਅਜੋਕੇ ਸਮੇਂ ਜਮਹੂਰੀ ਹੱਕਾਂ ਉਪਰ ਹਮਲੇ" ਵਿਸ਼ੇ ਉਪਰ ਗੰਭੀਰ ਵਿਚਾਰ-ਚਰਚਾ ਕੀਤੀ ਜਾਏਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਹਨਾਂ ਮਹਾਨ ਦੇਸ਼ ਭਗਤਾਂ ਨੂੰ ਰਵਾਇਤੀ ਅੰਦਾਜ਼ 'ਚ ਸਿਜਦਾ ਕਰਨ ਦੀ ਬਜਾਏ ਅਸਲ 'ਚ ਉਹਨਾਂ ਨੇ ਜਿਨ੍ਹਾਂ ਆਜ਼ਾਦੀ, ਜਮਹੂਰੀਅਤ ਅਤੇ ਬਰਾਬਰੀ ਲਈ ਸੰਗਰਾਮ ਕੀਤਾ, ਦੇਸ਼ ਭਗਤ ਯਾਦਗਾਰ ਹਾਲ 'ਚ 23 ਜਨਵਰੀ ਨੂੰ ਹੋਣ ਵਾਲੇ ਵਿਚਾਰ-ਚਰਚਾ 'ਚ ਉਹਨਾਂ ਆਦਰਸ਼ਾਂ ਦੀ ਪੂਰਤੀ ਲਈ ਜੂਝਦੀਆਂ ਸ਼ਕਤੀਆਂ ਉਪਰ ਬੋਲੇ ਜਾ ਰਹੇ ਫ਼ਿਰਕੂ ਹਕੂਮਤੀ ਹੱਲਿਆਂ ਖਿਲਾਫ਼ ਜਨਤਕ ਸੰਗਰਾਮ ਮਜ਼ਬੂਤ ਕਰਨ ਦਾ ਸੰਕਲਪ ਉਭਾਰਿਆ ਜਾਵੇਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੇਖਕਾਂ, ਸਾਹਿਤਕਾਰਾਂ ਨੂੰ ਵਿਚਾਰ-ਚਰਚਾ 'ਚ ਸ਼ਿਰਕਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ

**ਬਠਿੰਡਾ (ਗੁਰਬਾਜ ਗਿੱਲ)–** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ: ਪੰਜਾਬ ਦੇ ਬਲਾਕ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਸਰਕਟ ਹਾਊਸ (ਰੈਸਟ ਹਾਊਸ) ਵਿਖੇ ਬਲਾਕ ਪ੍ਰਧਾਨ ਡਾ. ਰਛਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਖਾਸ ਤੌਰ ਤੇ ਡਾ. ਜਗਜੀਤ ਸਿੰਘ ਖਾਲਸਾ ਜਿਲਾ ਪ੍ਰਧਾਨ ਨੇ ਸ਼ਿਰਕਤ ਕੀਤੀ, ਇਸ ਮੌਕੇ ਤੇ ਨਵੇ ਸਾਲ ਦਾ ਕਲੰਡਰ ਜਾਰੀ ਕੀਤਾ ਗਿਆ। ਜਿਲਾ ਪ੍ਰਧਾਨ ਨੇ ਡਾ. ਸਾਥੀਆ ਨੂੰ ਆਇਡੈਂਟਟੀ ਕਾਰਡ ਜਾਰੀ ਕੀਤੇ ਅਤੇ ਨਾਮ ਵਾਲੇ ਬੈਚ (ਨੇਮ ਪਲੇਟ) ਵੀ ਵੰਡੇ ਅਤੇ ਕਲੰਡਰ ਵੰਡੇ। ਇਸ ਮੌਕੇ ਡਾ. ਖਾਲਸਾ ਨੇ ਸਾਰੇ ਡਾ. ਸਾਥੀਆਂ ਨੂੰ ਵਿਸ਼ੇਸ਼ ਹਦਾਇਤਾਂ ਵੀ ਜਾਰੀ ਕੀਤੀਆਂ ਅਤੇ ਸਾਫ-ਸੁਥਰੀ ਪ੍ਰੈਕਟਿਸ ਕਰਨ ਬਾਰੇ ਕਿਹਾ ਕਿ ਨਸ਼ਿਆਂ ਤੋ ਰਹਿਤ ਸਾਫ-



ਸੁਥਰੀ ਪ੍ਰੈਕਟਿਸ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਡਾ. ਰਛਪਾਲ ਸਿੰਘ ਸੰਧੂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਯੂਨੀਅਨ ਨੂੰ ਡਾ. ਖੁਸ਼ੀ ਰਾਮ ਦੀ ਮੌਤ ਦਾ ਬਹੁਤ ਵੱਡਾ ਸਦਮਾ ਪਹੁੰਚਿਆ ਹੈ ਅਤੇ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਇਸ ਮੌਕੇ ਡਾ. ਜਗਜੀਤ ਸਿੰਘ ਖਾਲਸਾ ਜਿਲਾ ਪ੍ਰਧਾਨ, ਡਾ. ਰਛਪਾਲ ਸਿੰਘ ਸੰਧੂ ਬਲਾਕ ਪ੍ਰਧਾਨ, ਡਾ. ਅੰਮ੍ਰਿਤਪਾਲ ਸਿੰਘ ਜਰਨਲ ਸਕੱਤਰ, ਡਾ. ਕੁਲਵੰਤ ਸਿੰਘ, ਡਾ. ਰਜਿੰਦਰ ਕੁਮਾਰ, ਡਾ. ਐਚ ਐਸ ਵੋਹਰਾ ਜਿਲਾ ਖਜਾਨਚੀ, ਡਾ. ਸੁਖਦੇਵ ਸਿੰਘ, ਡਾ. ਸੰਦੀਪ ਕੁਮਾਰ, ਡਾ. ਯਸ਼ਪਾਲ ਗੁਲਾਟੀ , ਡਾ. ਸੁਰੇਸ਼ ਕੁਮਾਰ, ਡਾ. ਰਮੇਸ਼ ਕੁਮਾਰ, ਡਾ. ਧਰਮ ਪ੍ਰਵਾਨਾਂ, ਡਾ. ਕੰਵਲਜੀਤ ਸਿੰਘ, ਡਾ. ਸਤਪਾਲ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿੱਚ ਡਾ. ਸਾਥੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# 'ਪੈਂਤੀ ਹਾੜ੍ਹ' ਕਹਾਣੀ ਸੰਗ੍ਰਹਿ 'ਤੇ ਚਰਚਾ ਨੇ ਕੱਢੇ ਤੱਤ - ਸਾਹਿਤ ਸਮਾਜ ਦਾ ਸ਼ੀਸ਼ਾ ਤੇ ਚੇਤਨਾ ਦਾ ਚਾਨਣ ਹੁੰਦਾ ਹੈ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਰਮੇਸ਼ ਮਾਲੜੀ ਦੇ ਕਹਾਣੀ ਸੰਗ੍ਰਹਿ 'ਪੈਂਤੀ ਹਾੜ੍ਹ' ਉਪਰ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਡਾ. ਰਜਨੀਸ਼ ਬਹਾਦਰ, ਨਾਮਵਰ ਕਹਾਣੀਕਾਰ ਅਤਰਜੀਤ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੀ ਪ੍ਰਧਾਨਗੀ 'ਚ ਹੋਈ ਵਿਚਾਰ-ਚਰਚਾ ਨੇ 'ਪੈਂਤੀ ਹਾੜ੍ਹ' ਉਪਰ ਬਹੁਤ ਹੀ ਸਾਰਥਕ, ਪ੍ਰੇਰਨਾਦਾਇਕ ਅਤੇ ਨਵ-ਸਿਰਜਣ ਦੀ ਗੱਲ ਅੱਗੇ ਤੋਰਦਿਆਂ ਸਾਰ ਤੱਤ ਕੱਢਿਆ ਕਿ ਸਾਹਿਤ, ਸਮਾਜ ਦਾ ਸ਼ੀਸ਼ਾ ਤੇ ਚੇਤਨਾ ਦਾ ਚਾਨਣ ਹੁੰਦਾ ਹੈ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਸਾਹਿਤ ਚਿੰਤਨ ਉਪਰ ਜ਼ੋਰ ਦਿੱਤਾ।

'ਪੈਂਤੀ ਹਾੜ੍ਹ' ਕਹਾਣੀ ਸੰਗ੍ਰਹਿ ਉਪਰ ਵਿਚਾਰ-ਚਰਚਾ ਦਾ ਆਗਾਜ਼ ਮੰਨੇ-ਪ੍ਰਮੰਨੇ ਆਲੋਚਕ ਵਿਦਵਾਨ ਡਾ. ਰਜਨੀਸ਼ ਬਹਾਦਰ ਦੇ ਕੁੰਜੀਵਤ ਵਿਚਾਰਾਂ ਨਾਲ ਹੋਇਆ।

ਡਾ. ਰਜਨੀਸ਼ ਬਹਾਦਰ ਨੇ ਕਿਹਾ ਕਿ ਹਰਮੇਸ਼ ਮਾਲੜੀ ਜਿੱਥੇ ਦਲਿਤ ਸਮਾਜ ਦੀ ਪੀੜ੍ਹ, ਦਰਦ, ਲੁੱਟ-ਖਸੁੱਟ, ਵਿਤਕਰੇ, ਅਨਿਆਂ ਅਤੇ ਜਲੀਲਤਾ ਝੱਲਣ ਦੀ ਕਹਾਣੀ 'ਚ ਬੁਣਤੀ ਪਾਉਂਦਾ ਹੈ, ਉਥੇ ਉਹ ਇਸ ਸਮਾਜਕ ਯਥਾਰਥ ਅੰਦਰ ਪਨਪਦੇ, ਉਸਲਵੱਟੇ ਲੈਂਦੇ ਵਿਦਰੋਹ ਦੀਆਂ ਤਰੰਗਾਂ ਨੂੰ ਬਹੁਤ ਹੀ ਕਲਾਤਮਕ ਹੁਨਰਮੰਦੀ ਨਾਲ ਸਿਰਜਦਾ ਹੈ।

ਡਾ. ਰਜਨੀਸ਼ ਬਹਾਦਰ ਨੇ ਕਿਹਾ ਕਿ ਹਰਮੇਸ਼ ਮਾਲੜੀ ਦੇ ਕਹਾਣੀ ਸੰਗ੍ਰਹਿ ਵਿੱਚ ਸਹਿਜਤਾ ਅਤੇ ਸੁਹਜਤਾ ਪ੍ਰਧਾਨ ਹੈ। 'ਪੈਂਤੀ ਹਾੜ੍ਹ', 'ਇੱਕ ਹੱਥ ਤਾੜੀ', 'ਪਨਾਹਗੀਰ', 'ਮਾਈ ਭੂਤ ਗਲੇਟੋ' ਕਹਾਣੀਆਂ ਉਪਰ ਵਿਸਥਾਰ ਪੂਰਵਕ ਗੱਲ ਕਰਦਿਆਂ ਡਾ. ਰਜਨੀਸ਼ ਬਹਾਦਰ ਨੇ ਕਿਹਾ ਕਿ ਹਰਮੇਸ਼ ਨੇ ਸਮਾਜ ਦੇ ਧੁਰ ਪਤਾਲ ਅੰਦਰ ਵਿਚਰਦੇ ਵਿਰੋਧਾਂ ਅਤੇ ਅੰਤਰ-ਵਿਰੋਧਾਂ ਨੂੰ ਬਾਖ਼ੂਬੀ ਦ੍ਰਿਸ਼ਟੀਗੋਚਰ ਕੀਤਾ ਹੈ।

ਡਾ. ਰਜਨੀਸ਼ ਬਹਾਦਰ ਨੇ ਹਰਮੇਸ਼ ਨੂੰ ਮਸ਼ਵਰਾ ਦਿੱਤਾ ਕਿ ਕਹਾਣੀ ਵਿੱਚ ਕੇਂਦਰ ਬਿੰਦੂ ਤੋਂ ਪਾਠਕ ਦਾ ਧਿਆਨ ਵੰਡਿਆ ਨਾ ਜਾਵੇ ਅਤੇ ਕਹਾਣੀ 'ਚ ਖਿਲਾਅ ਨਾ ਆਵੇ। ਕਹਾਣੀ





ਬੁਣਨ ਸਮੇਂ ਧਿਆਨ ਰੱਖੇ ਤਾਂ ਉਹ ਭਵਿੱਖ 'ਚ ਕਹਾਣੀ ਸਿਰਜਣਾ ਦੇ ਪਿੜ੍ਹ ਅੰਦਰ ਉਚੇਰੀ ਪਰਵਾਜ਼ ਭਰ ਸਕੇ।

ਡਾ. ਪਰਮਿੰਦਰ ਨੇ ਕਹਾਣੀ ਸੰਗ੍ਰਹਿ ਉਪਰ ਚਰਚਾ ਅੱਗੇ ਤੋਰਦਿਆਂ ਕਿਹਾ ਕਿ ਹਰਮੇਸ਼ ਦਲਿਤ ਸਮਾਜ ਦੇ ਬਹੁ-ਪੱਖੀ ਸੰਕਟ ਨੂੰ ਆਪਣੀਆਂ ਕਹਾਣੀਆਂ 'ਚ ਬਹੁਤ ਹੀ ਸ਼ਾਨਾਮੱਤੇ ਅੰਦਾਜ਼ 'ਚ ਪੇਸ਼ ਕਰਦਾ ਹੈ। ਸਮਾਜਕ ਤਬਦੀਲੀ ਲਈ ਤਾਂਘਦੇ ਲੋਕਾਂ ਦੀ ਭਟਕਣ ਨੂੰ ਬੁੱਝਦਿਆਂ ਮੁਕਤੀ ਮਾਰਗ ਵੱਲ ਸੈਨਤ ਕਰਦੀਆਂ ਕਹਾਣੀਆਂ 'ਚ ਸੁਭਾਵਕਤਾ ਦੀ ਤੋਰ ਬਹੁਤ ਹੀ ਮਹੱਤਵਪੂਰਣ ਹੈ। ਡਾ. ਪਰਮਿੰਦਰ ਨੇ ਕਿਹਾ ਕਿ ਸਮਾਜ ਦੀ ਵੰਨ-ਸੁਵੰਨਤਾ ਨੂੰ ਧਰਤੀ ਦੀ ਧੜਕਣ ਨਾਲ ਜੁੜਿਆ ਹਰਮੇਸ਼ ਮਾਲੜੀ ਵਰਗਾ ਕਹਾਣੀਕਾਰ ਹੀ ਪਕੜ ਸਕਦਾ ਹੈ ਨਾ ਕਿ ਕੁਲੀਨ ਵਰਗ ਦੇ ਸਰੋਕਾਰਾਂ ਤੱਕ ਮਹਿਦੂਦ ਰਹਿਣ ਵਾਲਾ ਕਲਮਕਾਰ। 'ਸੰਮੀ ਵਾਲੀ ਡਾਂਗ' ਕਹਾਣੀ ਦੇ ਹਵਾਲੇ ਨਾਲ ਉਹਨਾਂ ਕਿਹਾ ਕਿ ਦੱਬੇ ਕੁਚੱਲੇ ਲੋਕਾਂ ਦੀ ਬਗ਼ਾਵਤੀ ਸੁਰ ਨੂੰ ਫੜਕੇ ਪੇਸ਼ ਕਰਨ ਅਤੇ ਅਜੇਹਾ ਨਿਵੇਕਲਾ ਕਹਾਣੀ ਸੰਗ੍ਰਹਿ ਸਿਰਜਣ ਲਈ ਮਾਲੜੀ ਮੁਬਾਰਕ ਦਾ ਹੱਕਦਾਰ ਹੈ।

ਪ੍ਰੋ. ਗੋਪਾਲ ਬੁੱਟਰ ਨੇ ਮਿਹਨਤਕਸ਼ਾਂ ਦੀ ਕਹਾਣੀਆਂ ਰੂਪੀ ਇਸ ਦਸਤਾਵੇਜ਼ ਨੂੰ ਮਾਲੜੀ ਦਾ ਹਾਸਲ ਦੱਸਿਆ।

ਪ੍ਰੋ. ਸਤਿੰਦਰ ਕੌਰ ਨੇ ਕੁੱਝ ਕਹਾਣੀਆਂ ਦੀ ਚਰਮਸੀਮਾਂ ਬਾਰੇ ਸੁਆਲ ਰੱਖੇ।

ਡਾ. ਸੈਲੇਸ਼ ਨੇ ਕਿਹਾ ਕਿ ਖ਼ੂਬਸੂਰਤ ਕਹਾਣੀ ਸੰਗ੍ਰਹਿ ਲਈ ਹਰਮੇਸ਼ ਦੀ ਮਿਹਨਤ ਨੂੰ ਸਲਾਮ ਹੈ। ਉਹਨਾਂ ਕਿਹਾ ਕਿ ਦਲਿਤਾਂ ਬਾਰੇ ਜਿੰਨੀ ਸ਼ਿਦਤ ਨਾਲ ਹਾਲਤ ਦਾ ਚਿਤਰਣ ਹੈ, ਉਸ ਪੱਧਰ 'ਤੇ ਬਗ਼ਾਵਤੀ ਚਿੰਤਨ ਨਹੀਂ ਉਭਰਦਾ।

ਉੱਘੇ ਵਿਦਵਾਨ ਹਰਵਿੰਦਰ ਭੰਡਾਲ ਨੇ 'ਪੈਂਤੀ ਹਾੜ੍ਹ' ਉਪਰ ਗੰਭੀਰ ਉਸਾਰੂ ਆਲੋਚਨਾਤਮਕ ਦ੍ਰਿਸ਼ਟੀ ਸਿਰਜਦਿਆਂ ਕਿਹਾ ਕਿ ਇੱਕ ਪ੍ਰਤੀਬੱਧਤ ਸੰਘਰਸ਼ਸ਼ੀਲ ਕਾਮੇ ਅਤੇ ਲੇਖਕ ਦੇ ਦੋਹਰੇ ਕਾਰਜ਼ ਕਰਦੇ ਹਰਮੇਸ਼ ਮਾਲੜੀ ਨੇ ਜੋਖ਼ਮ ਭਰੇ ਕਦਮ ਸਫ਼ਲਤਾ ਪੂਰਵਕ ਚੁੱਕਣ ਦੀ ਹਿੰਮਤ ਦਿਖਾਈ ਹੈ।

ਹਰਵਿੰਦਰ ਭੰਡਾਲ ਨੇ ਉਮੀਦ ਜਿਤਾਈ ਕਿ ਹਰਮੇਸ਼ ਕਹਾਣੀਆਂ 'ਚ ਹੋਰ ਪਰਪੱਕਤਾ ਅਤੇ ਗੁੰਦਵਾਂਪਣ ਲਿਆਏਗਾ। ਇਸ ਨਾਲ ਉਸਦੀ ਸਾਰਥਕ ਸਿਰਜਣਾ ਹੋਰ ਵੀ ਲੰਮੀ ਪੁਲਾਂਘ ਪੁੱਟੇਗੀ। ਪਲਸ ਮੰਚ ਦੇ ਮੀਤ ਪ੍ਰਧਾਨ ਹੰਸਾ ਸਿੰਘ ਨੇ ਬੋਲਦਿਆਂ ਕਿਹਾ ਕਿ ਸਮਾਜ ਦਾ ਸ਼ੀਸ਼ਾ ਅਤੇ ਪ੍ਰਤੀਰੋਧ ਦਾ ਬਿੰਬ ਹੈ ਮਾਲੜੀ ਦਾ ਕਹਾਣੀ ਸੰਗ੍ਰਹਿ।

ਪੁਸਤਕ ਦੇ ਲੇਖਕ ਹਰਮੇਸ਼ ਮਾਲੜੀ ਨੇ ਸਵੈ-ਚਿੰਤਨ ਕਰਦਿਆਂ ਵਿਸ਼ਵਾਸ਼ ਦੁਆਇਆ ਕਿ ਉਹ ਪੁਸਤਕ ਸਬੰਧੀ ਮਿਲੀ ਮੁਹੱਬਤ ਨੂੰ ਸੰਭਾਲਣਗੇ ਵੀ ਅਤੇ ਆਏ ਅਮੁੱਲੇ ਸੁਝਾਵਾਂ ਨੂੰ ਲੜ ਬੰਨ੍ਹਣਗੇ। ਪ੍ਰਧਾਨਗੀ ਮੰਡਲ ਦੀ ਤਰਫ਼ੋਂ ਬੋਲਦਿਆਂ ਕਹਾਣੀਕਾਰ ਅਤਰਜੀਤ ਨੇ ਮਾਲੜੀ ਦੇ ਰਚਨਾ-ਸੰਸਾਰ ਅੰਦਰ ਸਮੋਈਆਂ ਅਮੁੱਲੀਆਂ ਅਰਥ ਸੰਭਾਵਨਾਵਾਂ ਦਾ ਜ਼ਿਕਰ ਕੀਤਾ। ਵਿਚਾਰ-ਚਰਚਾ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ। ਉਹਨਾਂ ਨੇ ਇਸੇ ਤਰ੍ਹਾਂ 23 ਜਨਵਰੀ 2 ਵਜੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਸੋਹਣ ਸਿੰਘ ਭਕਨਾ, ਗੰਧਰਵ ਸੈਨ ਕੋਛੜ ਅਤੇ ਜਨਵਰੀ ਮਹੀਨੇ ਦੇ ਸਮੂਹ ਗ਼ਦਰੀ ਦੇਸ਼ ਭਗਤਾਂ ਦੀ ਯਾਦ 'ਚ ਹੋ ਰਹੇ ਸਮਾਗਮ 'ਚ ਪੁੱਜਣ ਦਾ ਸਭ ਨੂੰ ਸੱਦਾ ਦਿੱਤਾ।

**ਜਾਰੀ ਕਰਤਾ: ਅਮੋਲਕ ਸਿੰਘ**

**91- 94170 76735**

# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

## ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਗਟ ਦਿਹਾੜਾ 22, 23, 24 ਫਰਵਰੀ 2019 ਨੂੰ

*Guru Piari Sadh Sangat Ji,*

Devoted families are requesting entire Sangat to attend the following functions:

**February 22-23-24, 2019 Gurupurb Sri Guru Ravidass Ji**

Sri Guru Ravidass Sabha CA, Pittsburg is celebrating the 642nd Parkash Utsav of SATGURU RAVIDASS JI on Sunday, February 24, 2019 at the gurughar as per program noted below:

**ARAMBH SHRI AKHAND PATH**
February 22, 2019 (FRIDAY) 9:30 AM

**BHOG SHRI AKHAND PATH**
February 24, 2019 (SUNDAY) 9:30 AM

**KIRTAN DIWAN** After Bhog Ceremony until 2:00 PM

Sangat will perform Langer, Path and Parshad Sewa for this program. Prominent Kirtani Jathas, distinguished Speakers and community leaders well versed with life and teachings of Satguru will enhance this Kirtan Diwan.

Nishan Sahib Hoisting Ceremony will be held on February 23rd 2019 (Saturday) at 11:00 AM. Ramesh Suman and Bibi Gyan Suman will be doing this sewa.



Entire Sangat is cordially invited to participate in this celebration with family and friends and receive the benign blessings of Sri Guru Ravidass Ji. Satguru Ravidass Ji was a great religious and social reformer. He dedicated his whole life for the welfare of the humanity. Guru Ji preached social harmony and stood against caste discrimination.

ਹਮ ਸਰਿ ਦੀਨੁ ਦਇਆ ਲੁਨ ਤੁਮਸਰਿ ਅਬਪਤੀਆ ਰੁਕਿਆ ਕੀਜੈ॥
ਬਚਨੀ ਤੋਰ ਮੋਰ ਮਨੁਮਾਨੈ ਜਨਕ ਉਪੂਰਨੁ ਦੀਜੈ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa. Please contact President Kashmiri Bhatia at (408)460-0262 or Chairman Ramesh Suman at (925)366-3618 or General Secretary Dilbag Singh at (209)834-4641. We need your help and support. Your contributions will be greatly appreciated.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

# Professor Lalit Khandare visited Sri Guru Ravidass Temple Pittsburg



Dr. Lalit P. Khandare & his wife with Mr. V. K. Chumber & his wife








Read more: www.ambedkartimes.com

Lalit has received a Ph.D. in Social Work & Public Policy (Minor) from Indiana University. He has M.A. in Social Work (Tata Institute of Social Sciences) and Master of Philosophy in Planning and Development (Indian Institute of Technology Bombay). Lilt's doctoral thesis was focused on "Domestic Violence and Empowerment: A National Study on Scheduled Caste Women in India." His M.Phil. research is on ""CSR Policies on Diversity and Discrimination in the Workplace in India: A study of Advocacy by Dalit International Solidarity Organization." He is engaged in research and publication in the area of housing & urban redevelopment, public health, domestic violence, caste-based discrimination, and social inclusion. He has taught course in B.S.W. and M.S.W. program at Indiana University in the area of statistics, research, social policy, and field practicum. He has presented his work in various universities and conferences at USA, India, Peru, Germany, and UK. His research has received particular attention at global symposiums and conferences at U.K. Parliament, World Bank, Berlin Urban Roundtable, and Oxford University Poverty & Human Development Initiative.

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ ਤੀਸਰਾ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਭਾਈ ਸਾਹਿਬ ਬਲਰਾਜ ਸਿੰਘ ਰੰਧਾਵਾ ਬੀਬੀ ਜਸਵਿੰਦਰ ਕੌਰ ਰੰਧਾਵਾ ਪਰਿਵਾਰ ਵਲੋਂ ਹੋਈ। ਸ਼੍ਰੀ ਅਖੰਡ ਪਾਠ ਜਨਵਰੀ 14 ਸੋਮਵਾਰ ਸਵੇਰੇ 10:30 ਵਜੇ ਆਰੰਭ ਹੋਏ ਅਤੇ ਬੁੱਧਵਾਰ, ਜਨਵਰੀ 16 ਨੂੰ ਧੁਰ ਕੀ ਬਾਣੀ ਦੇ ਭੋਗ ਸਵੇਰੇ 10:30 ਵਜੇ ਪਏ ਗਏ।

ਚੌਥੇ ਸ਼੍ਰੀ ਅਖੰਡ (ਸਹਿਜ) ਪਾਠ ਸਾਹਿਬ ਜੀ ਦੇ ਭੋਗ ਜਨਵਰੀ 20 ਐਤਵਾਰ ਦੇ ਦਿਵਾਨਾ (9:30ਅਮ ਤੋਂ 1:30ਪਮ) ਵਿੱਚ ਸਵੇਰੇ 10:00 ਵਜੇ ਪਾਏ ਗਏ ਜਿਨ੍ਹਾਂ ਦੀ ਸੇਵਾ ਗੁਰੂਘਰ ਦੇ ਵਜ਼ੀਰ ਅਤੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਜਸਪਾਲ ਸਿੰਘ ਅਤੇ ਪਰਿਵਾਰ ਵਲੋਂ ਆਪਣੇ ਬੱਚਿਆਂ ਦੇ ਜਨਮ ਦਿਨ ਦੀਆਂ ਖੁਸ਼ੀਆਂ ਵਿਚ ਅਤੇ ਸਰਬੱਤ ਦੇ ਭਲੇ ਲਈ ਹੋਈ। ਇਸ ਮੌਕੇ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ, ਭਾਈ ਸੁਖਜੀਵਨ ਸਿੰਘ ਜੀ ਦੇ ਜੱਥੇ, ਭਾਈ ਜਗਜੀਤ ਸਿੰਘ ਜੋਗੀ ਦੇ ਜੱਥੇ, ਭਾਈ ਸੁਖਵਿੰਦਰ ਸਿੰਘ ਦੇ ਜੱਥੇ, ਭਾਈ ਜਸਪਾਲ ਸਿੰਘ ਸਾਰੰਗ ਅਤੇ ਹੋਰ ਜੱਥਿਆਂ ਵਲੋਂ ਕੀਰਤਨ ਦਿਵਾਨ ਸਜਾਏ ਗਏ ਅਤੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ।

ਅਗਲੇ ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ ਪੰਜਵੇ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਗੁਰੂਘਰ ਦੀ ਜੋ ਸੰਗਤ ਪੋਸਟ ਆਫ਼ਿਸ ਦੇ ਮੁਲਾਜ਼ਮ ਹਨ ਵਲੋਂ ਹੋ ਰਹੀ ਹੈ। ਸ਼੍ਰੀ ਅਖੰਡ ਪਾਠ ਜਨਵਰੀ 25 ਸ਼ੁੱਕਰਵਾਰ ਸਵੇਰੇ 10:00 ਵਜੇ ਆਰੰਭ ਹੋਣਗੇ ਅਤੇ ਐਤਵਾਰ, ਜਨਵਰੀ 27 ਨੂੰ ਧੁਰ ਕੀ ਬਾਣੀ ਦੇ ਭੋਗ ਸਵੇਰੇ 10:00 ਵਜੇ ਪਏ ਜਾਣਗੇ, 11 ਵਜੇ ਅਰਦਾਸਾਂ ਅਤੇ ਹੁਕਮਨਾਮੇ ਉਪਰੰਤ ਸਵੇਰੇ 11:30 ਵਜੇ ਤੋਂ ਦੁਪਹਿਰ 2 ਵਜੇ ਤੱਕ ਕੀਰਤਨ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਜਸਪਾਲ ਸਿੰਘ ਜੀ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ, ਭਾਈ ਸਾਹਿਬ ਭਾਈ ਸੁਖਜੀਵਨ ਸਿੰਘ ਜੀ ਦਾ ਜੱਥਾ ਅਤੇ ਹੋਰ ਰਾਗੀ ਸਾਹਿਬਾਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਸਹਿਤ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ ਜੀ। ਗੁਰੂਘਰ ਵਿਖੇ ਨਗਰ ਕੀਰਤਨ ਦੇ ਸਮਾਗਮਾਂ ਨੂੰ ਸਪੌਂਸਰ ਕਰਨ ਲਈ ਸੇਵਾਵਾਂ ਖੁਲੀਆਂ ਹਨ।

**ਸੰਪਰਕ: ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ**
**ਸ਼੍ਰੀ ਰਾਜ ਬੱਧਣ (916) 601-3842**
**ਸ਼੍ਰੀ ਇੰਦਰਜੀਤ ਪੜਵੱਗਾ (916) 276-2538**
**ਸ਼੍ਰੀ ਤੇਜਪਾਲ ਵਿਰਕ (916) 912-5678**


















ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਜਸਪਾਲ ਸਿੰਘ ਜੀ ਦੇ ਮਾਤਾ-ਪਿਤਾ ਦੇ ਅਮਰੀਕਾ ਆਉਣ ਦੀ ਖੁਸ਼ੀ ਵਿਚ ਸਿਰੋਪਾਓ ਭੇਂਟ ਕਰਦੇ ਹੋਏ।



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਦਿਹਾੜਾ ਮਨਾਇਆ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਗੁਰਪੁਰਬ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਪਵਿੱਤਰ ਸਰਪ੍ਰਸਤੀ ਹੇਠ ਜਨਵਰੀ 18, 19, 20 (2019) ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ, ਜਿਸ ਵਿਚ 19 ਜਨਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 20 ਜਨਵਰੀ ਦਿਨ ਐਤਵਾਰ ਨੂੰ ਪਾਏ ਗਏ।

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਬਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਤੇ ਕਕਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਭਾਈ ਗੁਰਦੀਪ ਸਿੰਘ ਹੀਰਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ। 19 ਜਨਵਰੀ ਦਿਨ ਸ਼ਨਿਚਰਵਾਰ ਨੂੰ ਸ਼ਾਮ 3.30 ਵਜੇ ਗੁਰੂ ਘਰ ਵਿਖੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ (ਬਸਤਰ) ਦੀ ਸੇਵਾ ਕੀਤੀ ਗਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਢੱਡਾ ਫਤਿਹ ਸਿੰਘ































**ਹੁਸ਼ਿਆਰਪੁਰ-** ਇਹ ਸਕੂਲ ਹੁਸ਼ਿਆਰਪੁਰ ਤੋਂ 14-15 ਕਿਲੋਮੀਟਰ ਦੀ ਦੂਰੀ ਤੇ ਹੈ। ਇਹ ਪੇਂਡੂ ਖੇਤਰ ਵਿਚ ਸਥਿਤ ਹੈ। ਇਹ ਸਕੂਲ ਸ਼ਾਮ ਚੁਰਾਸੀ ਤੋਂ ਹਰਿਆਣਾ ਜਾਂਦੀ ਸੜਕ 'ਤੇ ਸਥਿਤ ਹੈ। ਇਸ ਸਕੂਲ ਵਿਚ ਇਸ ਸਮੇਂ ਲੱਗਭੱਗ 600 ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਸ ਸਕੂਲ ਵਿਚ 40 ਦੇ ਕਰੀਬ ਅਧਿਆਪਕ ਹਨ, ਜੋ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਹਨ। ਇਸ ਸਕੂਲ ਵਿਚ ਸਾਇੰਸ, ਕਾਮਰਸ, ਵੋਕੇਸ਼ਨ, ਆਰਟਸ ਗਰੁੱਪ ਦੇ ਵਿਦਿਆਰਥੀ ਪੜ੍ਹ ਰਹੇ ਹਨ। ਸਟਾਫ ਬਹੁਤ ਮਿਹਨਤੀ ਹੈ। ਸ਼ੁਰੂ ਤੋਂ ਇਸ ਸਕੂਲ ਨੂੰ ਪਿੰਡ ਅਤੇ ਇਲਾਕੇ ਦੇ ਐਨ. ਆਰ. ਆਈ. ਵੀਰਾਂ ਦਾ ਬਹੁਤ ਸਹਿਯੋਗ ਹੈ। ਉਹਨਾਂ ਵੱਲੋਂ ਸਮੇਂ-ਸਮੇਂ ਸਿਰ ਸਕੂਲ ਨੂੰ ਜ਼ਮੀਨ ਤੇ ਪੈਸੇ ਦੇ ਕੇ ਮਦਦ ਕੀਤੀ ਜਾਂਦੀ ਹੈ। 2018 ਵਿਚ ਇਸ ਸਕੂਲ ਨੂੰ ਸਿੱਖਿਆ ਵਿਭਾਗ ਵੱਲੋਂ ਸਮਾਰਟ ਸਕੂਲਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ। ਹੁਣ ਇਹ ਸਕੂਲ ਇਲਾਕੇ ਵਿਚ ਸਮਾਰਟ ਸਕੂਲ ਦੇ ਨਾਂ ਨਾਲ ਪ੍ਰਸਿੱਧ ਹੋ ਚੁੱਕਾ ਹੈ। ਇੱਥੋਂ ਦੇ ਵਿਦਿਆਰਥੀਆਂ ਦੀ ਯੂਨੀਫਾਰਮ ਦਿਲ ਖਿੱਚਵੀਂ ਹੋਣ ਕਰਕੇ ਸਾਰਿਆਂ ਦੇ ਮਨ ਨੂੰ ਭਾਉਂਦੀ ਹੈ। ਇੱਥੋਂ ਦੇ ਵਿਦਿਆਰਥੀ ਅੰਗਰੇਜ਼ੀ ਭਾਸ਼ਾ ਵਿਚ ਵਾਰਤਾਲਾਪ ਕਰਦੇ ਹਨ। ਲੜਕੀਆਂ ਨੂੰ ਯੂਨੀਫਾਰਮ ਮੁਫਤ ਦਿੱਤੀ ਜਾਂਦੀ ਹੈ। ਇਸ ਸਕੂਲ ਵਿਚ ਸਮਾਰਟ ਕਲਾਸਾਂ ਰਾਹੀਂ ਪੜ੍ਹਾਈ ਕਰਵਾਈ ਜਾਂਦੀ ਹੈ। ਬੱਚਿਆਂ ਲਈ ਈ-ਲਾਇਬ੍ਰੇਰੀ ਐਜੂਸੈਟ ਰਾਹੀਂ ਬੱਚਿਆਂ ਨੂੰ ਪੜ੍ਹਾਈ ਦਿੱਤੀ ਜਾਂਦੀ ਹੈ। ਸਕੂਲ ਵੱਲੋਂ ਬੱਚਿਆਂ ਨੂੰ ਘਰੋਂ ਲਿਆਉਣ ਤੇ ਛੱਡਣ ਲਈ ਬੱਸਾਂ ਦਾ ਪ੍ਰਬੰਧ ਐਨ. ਆਰ. ਆਈ. ਵੀਰਾਂ ਤੇ ਮਾਪਿਆਂ ਅਤੇ ਸਕੂਲ ਦੇ ਅਧਿਆਪਕਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਸਕੂਲ ਵਿਚ ਸਵੇਰ ਤੇ ਸ਼ਾਮ ਨੂੰ 1 ਘੰਟਾ ਵਿਸ਼ੇਸ਼ ਕਲਾਸਾਂ ਲਗਾਈਆਂ ਜਾਂਦੀਆਂ ਹਨ ਤੇ ਨਾਲ ਹੀ ਅੰਗਰੇਜ਼ੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਅੰ-ਗਰੇਜ਼ੀ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ, ਜਿਸ ਦੇ ਨਤੀਜੇ ਵਜੋਂ ਵਿਦਿਆਰਥੀਆਂ ਵਿਚ ਅੰਗਰੇਜ਼ੀ ਭਾਸ਼ਾ ਬੋਲਣ ਦਾ ਆਤਮ ਵਿਸ਼ਵਾਸ ਪੈਦਾ ਹੋਇਆ ਹੈ।

ਇਸ ਸਕੂਲ ਤੇ ਇੱਥੋਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮਿਲਣ ਲਈ ਦੇਸ਼-ਵਿਦੇਸ਼ ਤੋਂ ਐਨ. ਆਰ. ਆਈ. ਵੀਰ ਆ ਰਹੇ ਹਨ।

ਡਿਪਾਰਟਮੈਂਟ ਸਕੂਲ ਐਜੂਕੇਸ਼ਨ ਤੇ ਸਿੱਖਿਆ ਵਿਭਾਗ ਦੇ ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ (ਆਈ. ਏ. ਐਸ.) ਦੇ ਦਿਲੋਂ ਧੰਨਵਾਦੀ ਹਾਂ, ਜਿਹਨਾਂ ਦੀ ਉੱਚੀ ਤੇ ਉਸਾਰੂ ਸੋਚ ਸਦਕਾ ਪੰਜਾਬ ਦੇ ਪਿੰਡਾਂ ਦੇ ਅਣਗੌਲੇ ਪਿੰਡਾਂ ਦੀ ਨੁਹਾਰ ਬੜੀ ਤੇਜ਼ੀ ਨਾਲ ਬਦਲੀ ਜਾ ਰਹੀ ਹੈ। ਸ੍ਰੀ ਕ੍ਰਿਸ਼ਨ ਕੁਮਾਰ ਜੀ ਦੀ ਅਣਥੱਕ ਮਿਹਨਤ ਤੇ ਸਕੂਲ ਨੂੰ ਸਹਿਯੋਗ ਅਤੇ ਸਕੂਲ ਮੁਖੀ ਤੇ ਅਧਿਆਪਕਾਂ ਨੂੰ ਦਿੱਤੀ ਜਾ ਰਹੀ ਯੋਗ ਅਗਵਾਈ ਸਦਕਾ ਅਸੀਂ ਆਪਣੇ ਸਕੂਲ ਨੂੰ ਇਸ ਮੁਕਾਮ ਤੱਕ ਲੈ ਕੇ ਆਉਂਦਾ ਹੈ।

ਐਨ. ਆਰ. ਆਈ. ਵੀਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਆਪਣੀ ਖੂਨ-ਪਸੀਨੇ ਦੀ ਕਮਾਈ ਵਿਚੋਂ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਵਧੀਆ ਪੜ੍ਹਾਈ ਅਤੇ ਸਕੂਲ ਨੂੰ ਵਧੀਆ ਬਣਾਉਣ ਵਿਚ ਸਹਿਯੋਗ ਦਿੱਤਾ।

**-ਸਲਿੰਦਰ ਸਿੰਘ, ਪ੍ਰਿੰਸੀਪਲ,**
**ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ**
**ਢੱਡਾ ਫਤਿਹ ਸਿੰਘ (ਹੁਸ਼ਿਆਰਪੁਰ) ਪੰਜਾਬ**

## Remembering Babu Mangu Ram Mugowalia

**Prem K. Chumber**
**Editor-In-Chief: Ambedkar Times & Desh Doaba**



Babu Mangu Ram Mugowalia has become a household name among the SCs of Punjab. He was the main force behind the emergence of historic Ad Dharm movement in the pre-partition Punjab. It was the Ad Dharm movement that paved the way for the emancipation and empowerment of the lowest of the low not only in Punjab, but also became a role model for the radical Dalit movement throughout India. Babu Mangu Ram Mugowalia stood with Babasaheb Dr B.R Ambedkar like a rock during latter's struggle for separate electoral status for the Depressed Classes (later on designated as Scheduled Castes) at the London Round Table conferences. Again it was this very Dalit movement that gave them a counter-public in the form of their distinct religion called 'Ad Dharm'. In the Census of 1931, around half a million SCs returned themselves as followers of the newly established Ad Dharm religion. Another equally great achievement of the Ad Dharm movement was that under the able leadership of Babu Mangu Ram Mugowalia, it contested Punjab Provincial assembly elections in 1937 & 1946, which made the SCs of Punjab equally an important stake-holder in the state legislature, perhaps for the first time in the history of the political power structure of the colonial India. This movement his its headquarters at Jalandhar city and was financially supported by Seth Kishan Das of famous Bottan Mandi where Babasaheb Dr B.R Ambedkar gave his first electoral address on October 27, 1951 as a prelude to the first general election in Independent India. The next day Babasaheb held mock parliamentary at the campus of DAV College Jalandhar where he addressed the students and the faculty together. In fact, the tremendous response to the call of Babasaheb Dr B.R Ambedkar from the politically mature land of Punjab was the direct outcome of the fertile political ground prepared by Babu Mangu Ram Mugowalia. The Ad Dharm movement began its long journey from the first mammoth Jalsa (conference), which was organized at the Ad Dharm school ground of Mahilpur town of Punjab.

Babu Mangu Ram Mugowalia played a dominant role in chiseling the distinct markers of the separate Dalit Qaum identity in Punjab. He restored them their lost heroes, Gurus, rich cultural heritage and brought forth an urge to become rulers themselves. It was this very urge which got further sharpened under the stewardship of Babasaheb Dr B.R Ambedkar. If one has to make sense of Dalit consciousness and Dalit social mobility in Punjab one has to refer to the great pioneer work done by Babu Mangu Ram Mugowalia that he commenced immediately after returning from America after going through hard times at places on foreign lands. The forum of "Ambedkar Times" and "Desh Doaba" offered its floral tribute to Great Ghadri Baba Babu Mangu Ram Mugowalia on this special occasion of his 133rd Birth Anniversary.

**Read more: www.ambedkartimes.com**

## ਭਾਰਤ ਦੇ ਗਣਤੰਤਰ ਦਿਵਸ 'ਤੇ ਵਿਸ਼ੇਸ਼

# 'ਰਾਸ਼ਟਰਵਾਦ ਤੇ ਭਾਰਤ ਦੀ ਸੁਤੰਤਰਤਾ'



ਪ੍ਰੋ: ਐਚ.ਐਲ.ਕਪੂਰ
001- 916- 587-4002

1857 ਦੀ ਭਾਰਤ ਦੀ ਆਜ਼ਾਦੀ ਲਈ ਲੜੀ ਗਈ ਕ੍ਰਾਂਤੀਕਾਰੀ ਲੜਾਈ ਬੁਰੀ ਤਰ੍ਹਾਂ ਫੇਲ੍ਹ ਹੋ ਗਈ। ਇਸ ਲੜਾਈ ਲਈ ਭਾਰਤ ਦੇ ਲੋਕਾਂ 'ਚ ਬੜਾ ਜੋਸ਼ ਸੀ। ਇਸ ਲੜਾਈ 'ਚ ਲੋਕਾਂ ਨੇ ਕੁਰਬਾਨੀਆਂ ਵੀ ਬਹੁਤ ਦਿੱਤੀਆਂ। ਇਸ ਕ੍ਰਾਂਤੀਕਾਰੀ ਲੜਾਈ ਦਾ ਉੱਤਰੀ ਤੇ ਮੱਧ ਭਾਰਤ 'ਚ ਬੜਾ ਜ਼ੋਰ ਸੀ। ਬ੍ਰਿਟਿਸ਼ ਸਰਕਾਰ ਦੀ ਫੌਜ 'ਚ ਜਿਹੜੇ ਭਾਰਤੀ ਸਿਪਾਹੀ ਸਨ, ਉਹਨਾਂ ਨੇ ਕਈ ਅੰਗਰੇਜ਼ ਸਰਕਾਰ ਦੇ ਗੋਰੇ ਅਫਸਰ ਮਾਰ ਵੀ ਦਿੱਤੇ ਸਨ ਪਰ ਇਸ ਕ੍ਰਾਂਤੀਕਾਰੀ ਲੜਾਈ 'ਚ ਤਾਲਮੇਲ ਦੀ ਘਾਟ ਨੇ ਇਸ ਕ੍ਰਾਂਤੀ ਨੂੰ ਅਸਫਲ ਬਣਾ ਦਿੱਤਾ। ਇਹ ਕ੍ਰਾਂਤੀਕਾਰੀ ਲੜਾਈ ਭਾਰਤ ਦੇ ਵੱਖ-ਵੱਖ ਫੌਜੀ ਕੈਂਪਾਂ 'ਚ ਵੱਖ-ਵੱਖ ਸਮੇਂ 'ਤੇ ਆਰੰਭ ਹੋਈ ਤੇ ਅੰਗਰੇਜ਼ ਸਰਕਾਰ ਨੂੰ ਇਸ ਨੂੰ ਦਬਾਉਣ ਦਾ ਚੰਗਾ ਮੌਕਾ ਮਿਲਦਾ ਰਿਹਾ। ਇਹ ਕ੍ਰਾਂਤੀਕਾਰੀ ਅੰਦੋਲਨ ਸਮੁੱਚੇ ਭਾਰਤ 'ਚ ਵੀ ਨਹੀਂ ਫੈਲ ਸਕਿਆ ਤੇ ਨਾ ਹੀ ਇਹ ਇਕ ਰਾਸ਼ਟਰਵਾਦੀ ਕ੍ਰਾਂਤੀਕਾਰੀ ਅੰਦੋਲਨ ਬਣ ਸਕਿਆ। ਅੰਗਰੇਜ਼ ਸਰਕਾਰ ਨੇ ਭਾਰਤ ਦੇ ਕਈ ਨੇਤਾਵਾਂ ਤੇ ਫੌਜੀ ਸਿਪਾਹੀਆਂ ਨੂੰ ਫਟ-ਫਟ ਕੇ ਗੋਲੀਆਂ ਮਾਰ ਦਿੱਤੀਆਂ। ਬਹਾਦਰ ਸ਼ਾਹ ਨੂੰ ਜਲਾਵਤਨ ਕਰਕੇ ਰੰਗੂਨ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਤੇ ਉਸਦੀ 1862 ਈਸਵੀ 'ਚ ਉਥੇ ਹੀ ਮੌਤ ਹੋ ਗਈ। ਇਸਦਾ ਨਤੀਜਾ ਇਹ ਨਿਕਲਿਆ ਕਿ ਭਾਰਤੀਆਂ ਦੀ ਇਹ ਲੜਾਈ ਈਸਟ ਇੰਡੀਆ ਕੰਪਨੀ ਦੇ ਖ਼ਿਲਾਫ਼ ਸੀ। ਇਸ ਕ੍ਰਾਂਤੀ ਨੂੰ ਦਬਾਉਣ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਇਸ ਕੰਪਨੀ ਤੋਂ ਭਾਰਤ ਦਾ ਸਿੱਧਾ ਚਾਰਜ ਆਪਣੇ ਅਧੀਨ ਕਰ ਲਿਆ।

1857 ਦੇ ਗਦਰ ਦਾ ਸਮਾਂ 10 ਮਈ 1857 ਤੋਂ 1 ਨਵੰਬਰ 1858 (ਕੋਈ ਇਕ ਸਾਲ ਤੇ ਛੇ ਮਹੀਨੇ) ਤੱਕ ਦਾ ਬਣਦਾ ਹੈ। ਪਰ ਕੂਕਾ ਲਹਿਰ ਦੇ ਸੰਸਥਾਪਕ ਬਾਬਾ ਰਾਮ ਸਿੰਘ ਜੀ ਨੇ ਤਕਰੀਬਨ ਇਕ ਮਹੀਨਾ ਉਕਤ ਸਮੇਂ ਤੋਂ ਪਹਿਲਾਂ ਹੀ ਭਾਵੇਂ ਤਾਲਮੇਲ ਦੀ ਘਾਟ ਹੋਣ ਦੇ ਕਾਰਨ ਕਰਕੇ ਮਿਤੀ 12 ਅਪ੍ਰੈਲ 1857 ਨੂੰ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿਖੇ ਵਿਸਾਖੀ ਵਾਲੇ ਦਿਨ ਇਕ ਸਫੈਦ ਰੰਗ ਦਾ ਝੰਡਾ ਲਹਿਰਾ ਕੇ ਜੋ ਕਿ ਸ਼ਾਂਤੀ ਤੇ ਆਜ਼ਾਦੀ ਦਾ ਪ੍ਰਤੀਕ ਹੈ, ਅੰਗਰੇਜ਼ ਸਰਕਾਰ ਦੇ ਵਿਰੋਧ ਵਜੋਂ ਸਥਾਪਤ ਕਰ ਦਿੱਤਾ ਸੀ। ਕੂਕਾ ਲਹਿਰ ਦੀਆਂ ਕੁਰਬਾਨੀਆਂ ਤੇ ਲੰਮੇ ਸੰਘਰਸ਼ ਨੇ ਅੰਗਰੇਜ਼ ਸਰਕਾਰ ਵਿਰੁੱਧ 'ਸਿਵਲ ਨਾ-ਫੁਰਮਾਨੀ (ਨਾਮਿਲਵਰਤਨ) ਚਲਾ ਕੇ ਕੋਈ ਦੋ ਦਹਾਕਿਆਂ ਦੇ ਕਰੀਬ ਅੰਗਰੇਜ਼ ਸਰਕਾਰ ਦੇ ਨੱਕ 'ਚ ਦਮ ਕਰੀ ਰੱਖਿਆ। ਕਾਫੀ ਦੇਰ ਬਾਅਦ 1920 'ਚ ਇਸੇ ਨਾ-ਫੁਰਮਾਨੀ ਦੇ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਮਹਾਤਮਾ ਗਾਂਧੀ ਨੇ ਵੀ ਨਾ-ਮਿਲਵਰਤਨ ਲਹਿਰ ਨਾਲ ਬੜੀ ਸਫਲਤਾ ਪ੍ਰਾਪਤ ਕੀਤੀ ਸੀ। ਇਸ ਲਈ ਭਾਰਤ ਦੀ ਆਜ਼ਾਦੀ ਦੀ ਲਹਿਰ 'ਚ ਕੂਕਿਆਂ ਵੱਲੋਂ ਪਾਇਆ ਗਿਆ ਮਹਾਨ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਇਸ ਗਦਰ ਦੀ ਅਸਫਲਤਾ ਦੇ ਕਈ ਸਾਲਾਂ ਬਾਅਦ ਸੰਨ 1875 ਵਿਚ ਮੁਸਲਮਾਨ ਨੇਤਾ ਸਰ ਸਈਅਦ ਅਹਿਮਦ ਖਾਨ ਨੇ ਮੁਸਲਮਾਨ ਬੱਚਿਆਂ ਨੂੰ ਯੂਰਪੀਨ ਢੰਗ ਦੀ ਆਧੁਨਿਕ ਸਿੱਖਿਆ ਦੇਣ ਲਈ, ਇਕ ਕਾਲਜ ਖੋਲ੍ਹਣ ਦੀ ਮੰਗ ਰੱਖ ਕੇ ਸੰਘਰਸ਼ ਆਰੰਭ ਕਰ ਦਿੱਤਾ। ਸੰਨ 1875 'ਚ ਅੰਗਰੇਜ਼ ਸਰਕਾਰ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਤੇ ਅਲੀਗੜ੍ਹ ਵਿਖੇ 'ਮੁਹੰਮਡਨ ਐਂਗਲੋ-ਓਰੀਐਂਟਲ ਕਾਲਜ' ਖੁੱਲ੍ਹ ਗਿਆ, ਜਿਹੜਾ ਕਿ 1920 'ਚ ਨਾਮ ਤਬਦੀਲ ਕਰਕੇ 'ਅਲੀਗੜ੍ਹ ਯੂਨੀਵਰਸਿਟੀ' ਬਣ ਗਿਆ। ਇਸ ਤਰ੍ਹਾਂ ਭਾਰਤ ਦੇ ਮੁਸਲਮਾਨਾਂ ਨੇ ਕ੍ਰਾਂਤੀ ਦੀ ਪਹਿਲੀ ਲੜਾਈ ਦੇ ਥੋੜ੍ਹੇ ਸਮੇਂ ਬਾਅਦ ਹੀ ਆਪਣੀ ਵੱਖਰੀ ਪਛਾਣ ਬਣਾਉਣੀ ਆਰੰਭ ਕਰ ਦਿੱਤੀ ਤੇ ਕਦੀ ਵੀ ਦੇਸ਼ ਦੀ ਮੁੱਖ ਧਾਰਾ 'ਚ ਆਪਣੀ ਭਾਗੀਦਾਰੀ ਨਹੀਂ ਪਾਈ ਤੇ ਭਾਰਤ ਦੀ ਰਾਸ਼ਟਰਵਾਦੀ ਨੀਤੀ 'ਚ ਸ਼ਾਮਲ ਨਹੀਂ ਹੋਏ ਤੇ ਆਪਣੀ ਵੱਖਰੀ ਹੀ ਸੁਰ ਅਲਾਪਦੇ ਰਹੇ।

ਭਾਰਤ ਦੇ ਲੋਕਾਂ ਅੰਦਰ ਰਾਸ਼ਟਰਵਾਦ ਦੀ ਭਾਵਨਾ ਦੀ ਚੇਤਨਤਾ ਦਾ ਉਥਾਨ ਉਨੀਵੀਂ ਸਦੀ ਦੇ ਮੱਧ 'ਚ ਸ਼ੁਰੂ ਹੁੰਦਾ ਹੈ। ਇਹ ਆਪਣੀ ਜੁਆਨੀ 'ਤੇ ਉਦੋਂ ਆਉਂਦਾ ਹੈ ਜਦੋਂ 1885 ਈਸਵੀ 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਦ ਸਥਾਪਨਾ ਹੁੰਦੀ ਹੈ। ਕਾਂਗਰਸ ਦੀ ਸਥਾਪਨਾ ਦਾ ਆਰੰਭਕ ਦੌਰ ਬੜਾ ਨਰਮ ਪੰਥੀ ਹੈ। ਉਹ ਇਸ ਸਮੇਂ ਭਾਰਤ 'ਤੇ ਰਾਜ ਕਰ ਰਹੀ ਬਰਤਾਨਵੀ ਸਰਕਾਰ ਨਾਲ ਮੱਧਮਾਰਗੀ ਰਸਤਾ ਅਖਤਿਆਰ ਕਰਦੀ ਹੈ ਪਰ ਸਮੇਂ ਦੇ ਬੀਤਣ ਤੇ ਅੰਗਰੇਜ਼ ਸਰਕਾਰ ਦੀ ਭਾਰਤੀਆਂ ਪ੍ਰਤੀ ਬੇਰੁਖੀ ਤੇ ਉਦਾਸੀਨਤਾ ਕਾਰਨ ਕਾਂਗਰਸ ਦੀ ਰਾਸ਼ਟਰਵਾਦੀ ਸੋਚ 'ਚ ਤੇ ਇਸ ਦੀ ਰੂਪ-ਰੇਖਾ 'ਚ ਬੜੀ ਤਬਦੀਲੀ ਆਉਂਦੀ ਹੈ। ਕਾਂਗਰਸ ਪਾਰਟੀ ਦੇ ਨਰਮ ਪੰਥੀ ਦੌਰ 'ਚ ਪਾਰਟੀ ਵੱਲੋਂ ਅੰਗਰੇਜ਼ ਸਰਕਾਰ ਦੇ ਸਨਮੁਖ ਰੱਖੀਆਂ ਲੋਕ ਹਿਤਾਇਸ਼ੀ ਮੰਗਾਂ ਨੂੰ ਸਰਕਾਰ ਦਰਕਿਨਾਰ ਕਰ ਦਿੰਦੀ ਹੈ। ਸਰਕਾਰ ਦੇ ਇਸ ਤਰ੍ਹਾਂ ਦੇ ਬੇਰੁਖੀਏ ਰਵੱਈਏ ਕਾਰਨ, ਸੁਤੰਤਰਤਾ ਸੰਗਰਾਮੀਆਂ ਤੇ ਭਾਰਤੀ ਲੋਕਾਂ 'ਚ ਗੁੱਸੇ ਦੀ ਲਹਿਰ ਵਧਦੀ ਹੈ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ 'ਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਅੰਗਰੇਜ਼ ਸਰਕਾਰ ਪ੍ਰਤੀ ਆਪਣਾ ਰੁਖ ਹੋਰ ਸਖ਼ਤ ਕਰ ਲਿਆ। ਇਸ ਦਾ ਮੁੱਖ ਕਾਰਨ ਇਹ ਸੀ ਕਿ ਕਾਂਗਰਸ ਦੇ ਕੁਝ ਨੇਤਾਵਾਂ ਨੇ ਅੰਗਰੇਜ਼ ਸਰਕਾਰ ਪ੍ਰਤੀ ਆਪਣੀ ਉਗਰ ਪ੍ਰਵਿਰਤੀ ਅਖਤਿਆਰ ਕਰ ਲਈ ਸੀ। ਇਸ ਉਗਰ ਪ੍ਰਵਿਰਤੀ ਦੇ ਨੇਤਾਵਾਂ ਨੇ, ਕਾਂਗਰਸ ਪਾਰਟੀ ਦੀ ਹੋਂਦ ਵੇਲੇ ਤੋਂ ਚਲੇ ਆ ਰਹੇ ਕੁਝ ਨੇਤਾਵਾਂ ਦੀ ਨਰਮ ਪੰਥੀ ਨੀਤੀ ਦੇ ਖ਼ਿਲਾਫ਼ ਆਪਣਾ ਰੁਖ ਉਗਰ ਕਰ ਲਿਆ ਸੀ।

1906 ਦੀਆਂ ਕਾਂਗਰਸ ਪਾਰਟੀ ਦੀਆਂ ਚੋਣਾਂ 'ਚ ਸ੍ਰੀ ਬਾਲ ਗੰਗਾਧਰ ਤਿਲਕ ਨੂੰ ਅੰਗਰੇਜ਼ ਸਰਕਾਰ ਖ਼ਿਲਾਫ਼ ਆਪਣੇ ਉਗਰ ਰੁਖ ਕਾਰਨ ਪਾਰਟੀ ਮੈਂਬਰ ਨਹੀਂ ਲਿਆ ਗਿਆ। ਇਸ ਲਈ ਉਹਨਾਂ ਤੇ ਉਹਨਾਂ ਦੇ ਉਗਰ ਵਿਚਾਰ ਰੱਖਣ ਵਾਲੇ ਸਮਰਥਕਾਂ ਨੇ ਕਾਂਗਰਸ ਪਾਰਟੀ ਛੱਡ ਦਿੱਤੀ। ਕਾਂਗਰਸ ਦੇ ਦੋਵੇਂ ਧੜੇ ਰਾਸ਼ਟਰਵਾਦ ਦੇ ਹਾਮੀ ਸਨ ਤੇ ਦੋਵੇਂ ਧੜੇ ਚਾਹੁੰਦੇ ਸਨ ਕਿ ਉਹ ਆਪਣੇ-ਆਪਣੇ ਵੱਖਰੇ ਵਿਚਾਰਾਂ ਨਾਲ ਭਾਰਤ ਦੀ ਜ਼ਿਆਦਾ ਤੋਂ ਜ਼ਿਆਦਾ ਆਬਾਦੀ ਨੂੰ ਆਪਣੇ ਨਾਲ ਜੋੜ ਸਕਣ ਤੇ ਦੇਸ਼ ਨੂੰ ਜਿਤਨੀ ਜਲਦੀ ਹੋ ਸਕੇ ਆਜ਼ਾਦ ਕਰਾ ਸਕਣ।

ਦਾਦਾ ਭਾਈ ਨਾਰੋ ਜੀ ਨਰਮ ਦਲ ਦੀ ਹਮਾਇਤ ਕਰਦੇ ਸਨ, ਆਪਣੇ ਵਿਚਾਰ ਨਰਮ ਰੱਖਣ ਕਾਰਨ ਉਹਨਾਂ ਨੇ 'ਬਰਤਾਨੀਆ ਦੇ ਹਾਊਸ ਆਫ਼ ਕਾਮਨਜ਼' ਦੀ ਚੋਣ ਲੜੀ ਤੇ ਉਹ ਜਿੱਤ ਗਏ। ਉਹ ਬਰਤਾਨੀਆ ਦੀ ਹਾਊਸ ਆਫ਼ ਕਾਮਨਜ਼ ਦੇ ਪਹਿਲੇ ਭਾਰਤੀ ਮੈਂਬਰ ਸਨ।

1907 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਪਾਰਟੀ ਦੋ ਧੜਿਆਂ 'ਚ ਵੰਡੀ ਗਈ। ਇਕ ਧੜਾ ਗਰਮ ਦਲ ਤੇ ਦੂਸਰਾ ਧੜਾ ਨਰਮ ਦਲ ਅਖਵਾਉਣ ਲੱਗ ਪਿਆ। ਗਰਮ ਧੜੇ ਦੀ ਅਗਵਾਈ ਸ੍ਰੀ ਬਾਲ ਗੰਗਾਧਰ ਤਿਲਕ ਕਰ ਰਹੇ ਸਨ ਤੇ ਇਹਨਾਂ ਦੀ ਹਮਾਇਤ ਸ੍ਰੀ ਵਿਪਨਚੰਦਰ ਪਾਲ ਤੇ ਸ੍ਰੀ ਲਾਲਾ ਲਾਜਪਤ ਰਾਏ ਜੀ ਤੇ ਇਹਨਾਂ ਦੋਹਾਂ ਦੇ ਸਮਰਥਕ ਕਰ ਰਹੇ ਸਨ। ਨਰਮ ਧੜੇ ਦੀ ਅਗਵਾਈ ਸ੍ਰੀ ਦਾਦਾ ਭਾਈ ਨਾਰੋਜੀ ਤੇ ਸ੍ਰੀ ਗੋਪਾਲ ਕ੍ਰਿਸ਼ਨ ਗੋਖਲੇ ਕਰ ਰਹੇ ਸਨ। ਗੋਪਾਲ ਕ੍ਰਿਸ਼ਨ ਗੋਖਲੇ, ਬਾਲ ਗੰਗਾਧਰ ਤਿਲਕ ਦੀਆਂ ਉਗਰ ਨੀਤੀਆਂ ਦੀ ਖੁੱਲ੍ਹ ਕੇ ਵਿਰੋਧਤਾ ਕਰਦੇ ਸਨ।

ਇਸ ਗਰਮ ਦਲ ਦੇ ਉਗਰ ਰੁਖ ਦਾ ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ ਸਰਕਾਰ 'ਤੇ ਹਮਲੇ ਹੋਰ ਵੱਧ ਗਏ। ਪਰ ਅੰਗਰੇਜ਼ ਸਰਕਾਰ ਨੇ ਇਸ ਉਮਰ ਰੁਖ ਦੀ ਕੋਈ ਬਹੁਤੀ ਪਰਵਾਹ ਨਹੀਂ ਕੀਤਾ ਸਗੋਂ ਭਾਰਤੀਆਂ ਪ੍ਰਤੀ ਆਪਣੀ 'ਦਮਨਕਾਰੀ ਨੀਤੀ' ਨੂੰ ਪਹਿਲਾਂ ਦੀ ਤਰ੍ਹਾਂ ਹੀ ਚਾਲੂ ਰੱਖਿਆ। ਅੰਗਰੇਜ਼ ਸਰਕਾਰ ਨੇ ਭਾਰਤੀਆਂ ਦੀ ਇਸ 'ਰਾਸ਼ਟਰੀ ਲਹਿਰ' ਨੂੰ ਕਮਜ਼ੋਰ ਕਰਨ ਲਈ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਖਤਿਆਰ ਕਰ ਲਈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਮੁਸਲਮਾਨਾਂ ਨੇ ਦੋਹਾਂ ਦਲਾਂ ਦਾ ਕੋਈ ਸਾਥ ਨਹੀਂ ਦਿੱਤਾ ਤੇ ਉਹਨਾਂ ਨੇ ਆਪਣੀ ਨਵੀਂ ਪਾਰਟੀ 'ਮੁਸਲਿਮ ਲੀਗ' ਬਣਾ ਲਈ। ਇਸ ਮੁਸਲਿਮ ਲੀਗ ਨੇ ਰਾਸ਼ਟਰਵਾਦੀ ਨੈਸ਼ਨਲ ਕਾਂਗਰਸ ਦੀਆਂ ਮੰਗਾਂ ਦੇ ਸਮਾਨਾਂਤਰ ਕੁਝ ਆਪਣੀਆਂ ਮੰਗਾਂ ਵੀ ਸਰਕਾਰ ਦੇ ਸਨਮੁਖ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਭਾਵੇਂ ਰਾਸ਼ਟਰਵਾਦੀ ਤੇ ਮੁਸਲਿਮ ਲੀਗ ਦੋਵੇਂ ਲਹਿਰਾਂ ਇਕੋ ਸਮੇਂ ਦੇ ਨੇੜੇ-ਤੇੜੇ ਹੋਂਦ 'ਚ ਆਈਆਂ ਪਰ ਮੁਸਲਿਮ ਲੀਗ ਆਪਣਾ ਵੱਖਰਾ ਪ੍ਰਭਾਵ ਬਹੁਤਾ ਚਿਰ ਸਥਾਈ ਨਾ ਰੱਖ ਸਕੀ।



1900 'ਚ ਭਾਵੇਂ ਕਾਂਗਰਸ ਨੇ ਭਾਰਤ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਆਪਣੇ 'ਚ ਸ਼ਾਮਲ ਕਰ ਲਿਆ ਪਰ ਉਹ ਮੁਸਲਮਾਨਾਂ ਨੂੰ ਇਸ 'ਚ ਸ਼ਾਮਲ ਕਰਨ 'ਚ ਨਾਕਾਮਯਾਬ ਰਹੀ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਉਹਨਾਂ ਦੀ ਸਰਕਾਰੀ ਨੌਕਰੀਆਂ 'ਚ ਸ਼ਮੂਲੀਅਤ ਬੜੀ ਘੱਟ ਹੈ।

ਉਸ ਸਮੇਂ ਹਿੰਦੂ ਧਾਰਮਿਕ ਨੇਤਾ ਇਸ ਗੱਲ ਦਾ ਡਟ ਕੇ ਵਿਰੋਧ ਕਰਦੇ ਸਨ ਕਿ ਮੁਸਲਮਾਨ ਦਲਿਤ ਹਿੰਦੂ ਪਰਿਵਾਰਾਂ ਦਾ ਧਰਮ ਪਰਿਵਰਤਨ ਕਰਕੇ ਉਹਨਾਂ ਨੂੰ ਮੁਸਲਮਾਨ ਬਣਾ ਰਹੇ ਸਨ। ਹਿੰਦੂ ਨੇਤਾ ਮੁਸਲਮਾਨਾਂ ਦਾ ਇਸ ਕਰਕੇ ਵੀ ਵਿਰੋਧ ਕਰਦੇ ਸਨ ਕਿ ਮੁਸਲਮਾਨ ਗਊ ਹੱਤਿਆ ਕਰਦੇ ਸਨ। ਇਸ ਤੋਂ ਇਲਾਵਾ ਹਿੰਦੂ ਸੰਗਠਨ ਉਰਦੂ ਭਾਸ਼ਾ ਦਾ ਵੀ ਵਿਰੋਧ ਕਰਦੇ ਸਨ ਕਿ ਇਸ ਨੂੰ ਅਰਬੀ ਲਿਪੀ 'ਚ ਕਿਉਂ ਲਿਖਿਆ ਜਾਂਦਾ ਹੈ। ਇਹਨਾਂ ਕੁਝ ਕਾਰਨਾਂ ਨੇ ਹਿੰਦੂਆਂ ਤੇ ਮੁਸਲਮਾਨਾਂ 'ਚ ਕਾਫੀ ਦੂਰੀਆਂ ਵਧਾ ਦਿੱਤੀਆਂ। ਇਹਨਾਂ ਕਾਰਨਾਂ ਨੇ ਮੁਸਲਮਾਨਾਂ ਨੂੰ ਭਾਰਤ ਦੀ ਮੁੱਖ ਧਾਰਾ, ਰਾਸ਼ਟਰਵਾਦ 'ਚ ਸ਼ਾਮਲ ਹੋਣ ਤੋਂ ਰੋਕੀ ਰੱਖਿਆ।

ਜਿਉਂ ਹੀ ਬਾਲ ਗੰਗਾਧਰ ਤਿਲਕ ਦੀ ਗ੍ਰਿਫਤਾਰੀ ਹੋਈ, ਭਾਰਤ ਦੇ ਸਾਰੇ ਆਕ੍ਰਮਣਕਾਰੀ ਨੀਤੀ 'ਚ ਵਿਸ਼ਵਾਸ ਰੱਖਣ ਵਾਲਿਆਂ ਦੀ ਰਣਨੀਤੀ 'ਚ ਖੜੋਤ ਆ ਗਈ। ਕਾਂਗਰਸ 'ਚ ਲੋਕਾਂ ਦਾ ਵਿਸ਼ਵਾਸ ਘਟ ਗਿਆ। ਉਹਨਾਂ ਦਿਨਾਂ 'ਚ ਮੁਸਲਮਾਨਾਂ ਦਾ ਇਕ ਵਫ਼ਦ ਭਾਰਤ ਦੇ ਵਾਇਸਰਾਏ ਲਾਰਡ ਮੈਂਟੋ ਮਾਰਲੇ (1905-10) ਨੂੰ ਮਿਲਿਆ। ਉਹਨਾਂ ਨੇ ਆਪਣੀਆਂ ਕਾਫੀ ਚਿਰਾਂ ਤੋਂ ਲਟਕਦੀਆਂ ਮੰਗਾਂ ਦੀ ਮੰਗ ਕੀਤੀ ਕਿ ਉਹਨਾਂ ਦੀ ਸਰਕਾਰੀ ਨੌਕਰੀ 'ਚ ਗਿਣਤੀ ਵਧਾਈ ਜਾਵੇ ਤੇ ਵੋਟ ਦਾ ਅਧਿਕਾਰੀ ਵੀ ਦਿੱਤਾ ਜਾਵੇ। ਬ੍ਰਿਟਿਸ਼ ਸਰਕਾਰ ਨੇ ਮੁਸਲਿਮ ਲੀਗ ਦੀਆਂ ਕੁਝ ਮੰਗਾਂ ਨੂੰ 1909 ਦਾ 'ਇੰਡੀਅਨ ਕੌਂਸਲ ਐਕਟ' ਬਣਾ ਕੇ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਮੁਸਲਿਮ ਲੀਗ ਨੇ ਆਪਣੇ-ਆਪ ਨੂੰ ਹਿੰਦੂ ਬਹੁਗਿਣਤੀ ਕਾਂਗਰਸ ਤੋਂ ਅਲੱਗ ਕਰ ਲਿਆ। ਇਹ ਉਨ੍ਹਾਂ ਦੀ ਕੌਮ ਦੀ, ਭਾਰਤ ਦੀ ਮੁੱਖ ਧਾਰਾ ਵਾਲੀ ਕੌਮ ਤੋਂ ਭਾਵ ਰਾਸ਼ਟਰਵਾਦੀ ਸੋਚ ਤੋਂ ਅਲੱਗ ਹੋਣ ਦੀ ਆਪਣੀ ਆਵਾਜ਼ ਸੀ।

1920 'ਚ ਰਾਸ਼ਟਰੀ ਲਹਿਰ ਨੇ ਆਪਣਾ ਰੁਖ ਹੋਰ ਉਗਰ ਕਰ ਲਿਆ। ਇਸ ਸਮੇਂ 'ਚ ਇਸ ਲਹਿਰ ਨਾਲ ਮਹਾਤਮਾ ਗਾਂਧੀ ਜੀ ਦੇ ਜੁੜਨ ਨਾਲ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਅਗਵਾਈ ਉਨ੍ਹਾਂ ਦੇ ਹੱਥ ਆ ਗਈ ਤੇ ਉਹਨਾਂ ਨੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਕਈ ਲਹਿਰਾਂ ਚਲਾਈਆਂ, ਜਿਸ ਨਾਲ ਭਾਰਤ ਦੀ ਇਸ ਰਾਸ਼ਟਰੀ ਲਹਿਰ ਨੂੰ ਹੋਰ ਤਾਕਤ ਮਿਲ ਗਈ।

ਇਸ ਰਾਸ਼ਟਰੀ ਅੰਦੋਲਨ ਦੀ ਪਹਿਲੀ ਕੜੀ 'ਨਾਮਿਲਵਰਤਨ ਦੀ ਲਹਿਰ' ਸੀ। ਇਸ ਲਹਿਰ ਦਾ 1920 ਤੋਂ 1922 ਤੱਕ ਬਹੁਤ ਜ਼ੋਰ ਰਿਹਾ। ਇਸ ਸਿਵਲ ਨਾ-ਫੁਰਮਾਨੀ ਲਹਿਰ ਨੇ ਅੰਗਰੇਜ਼ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ। ਸਮੁੱਚੇ ਭਾਰਤ 'ਚ ਅੰਗਰੇਜ਼ੀ ਵਸਤਾਂ ਤੇ ਉਹਨਾਂ ਦੀਆਂ ਅਦਾਲਤਾਂ ਦਾ ਬਾਈਕਾਟ ਕੀਤਾ ਗਿਆ। ਇਸ ਕਦਮ ਨਾਲ, ਭਾਰਤ ਦੀ ਇਸ ਰਾਸ਼ਟਰਵਾਦੀ ਲਹਿਰ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ। ਭਾਵੇਂ ਇਸ ਨਾਮਿਲਵਰਤਨ ਲਹਿਰ ਦਾ ਕਾਂਗਰਸ ਪਾਰਟੀ ਨੂੰ ਬਹੁਤ ਲਾਭ ਹੋਇਆ ਤੇ ਪਾਰਟੀ ਭਾਰਤ ਨੂੰ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਸਭ ਤੋਂ ਮੋਹਰਲੀ ਕਤਾਰ 'ਚ ਆਣ ਖੜ੍ਹੀ ਹੋ ਗਈ। ਪਰ ਇਸ ਦੇ ਨਾਲ-ਨਾਲ ਦੂਸਰੀਆਂ ਹੋਰ ਕਈ ਸੰਸਥਾਵਾਂ ਤੇ ਸੰਗਠਨਾਂ ਨੇ ਵੀ ਇਸ ਰਾਸ਼ਟਰਵਾਦੀ ਲਹਿਰ ਨੂੰ ਹੋਰ ਮਜ਼ਬੂਤ ਕਰਨ ਲਈ ਆਪਣਾ-ਆਪਣਾ ਭਰਪੂਰ ਯੋਗਦਾਨ ਪਾਇਆ। ਭਾਵੇਂ ਆਜ਼ਾਦੀ ਦੀ ਮੰਗ ਨੇ 1930 ਤੋਂ ਬਹੁਤ ਜ਼ਿਆਦਾ ਜ਼ੋਰ ਫੜਿਆ ਪਰ ਇਸ ਦਾ ਅਸਲੀ ਚਿਹਰਾ, ਉਸ ਸਮੇਂ ਸਾਹਮਣੇ ਆਇਆ, ਜਦੋਂ 'ਸੰਸਾਰ ਦਾ ਦੂਜਾ ਮਹਾਂਯੁੱਧ' ਆਰੰਭ ਹੋਇਆ। ਇਸ ਸੰਸਾਰ ਦੇ ਦੂਸਰੇ ਮਹਾਂਯੁੱਧ 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਨੇ ਆਪਣਾ ਪੂਰਾ ਸਮਰਥਨ ਅੰਗਰੇਜ਼ ਸਰਕਾਰ ਨੂੰ ਦਿੱਤਾ। ਇਸ ਸਮੇਂ ਕਾਂਗਰਸ ਪਾਰਟੀ ਨੇ ਇਹ ਸੋਚਿਆ ਕਿ ਇਸ ਤਰ੍ਹਾਂ ਅੰਗਰੇਜ਼ ਸਰਕਾਰ ਦਾ ਸਮਰਥਨ ਕਰਨ ਨਾਲ ਉਹ ਆਪੇ ਹੀ ਭਾਰਤ 'ਚੋਂ ਆਪਣਾ ਰਾਜ ਖਤਮ ਕਰਕੇ ਚਲੇ ਜਾਣਗੇ ਪਰ ਇਸ ਤਰ੍ਹਾਂ ਨਹੀਂ ਹੋਇਆ ਤੇ ਅੰਗਰੇਜ਼ ਸਰਕਾਰ ਦਾ ਅਸਲੀ ਚਿਹਰਾ ਬੜੀ ਜਲਦੀ ਨੰਗਾ ਹੋ ਗਿਆ।

ਅੰਗਰੇਜ਼ ਸਰਕਾਰ ਦਾ ਬਦਲਿਆ ਰੁਖ ਦੇਖ ਕੇ ਕਾਂਗਰਸ ਪਾਰਟੀ ਮਹਾਤਮਾ ਗਾਂਧੀ ਦੀ ਅਗਵਾਈ 'ਚ 1942 ਨੂੰ 'ਭਾਰਤ ਛੱਡੋ ਅੰਦੋਲਨ' ਲਈ ਤਿਆਰ ਹੋ ਗਈ ਤੇ ਉਨ੍ਹਾਂ ਨੇ 'ਭਾਰਤ ਛੱਡੋ ਅੰਦੋਲਨ' ਦਾ ਐਲਾਨ ਕਰ ਦਿੱਤਾ। ਇਸ ਅੰਦੋਲਨ ਦਾ ਅੰਗਰੇਜ਼ ਸਰਕਾਰ 'ਤੇ ਇਤਨਾ ਦਬਾਅ ਪਿਆ ਤੇ ਇਹ ਪ੍ਰਭਾਵ ਸਾਰੇ ਸੰਸਾਰ ਪੱਧਰ 'ਤੇ ਦੇਖਿਆ ਗਿਆ ਕਿ ਹੁਣ ਦੁਨੀਆਂ ਦੇ ਦੂਸਰੇ ਮਹਾਂਯੁੱਧ ਦੀ ਸਮਾਪਤੀ ਦੇ ਬਾਅਦ ਅੰਗਰੇਜ਼ ਸਰਕਾਰ ਦਾ ਭਾਰਤ 'ਚ ਟਿਕੇ ਰਹਿਣਾ ਨਾਮੁਮਕਿਨ ਲੱਗਣ ਲੱਗ ਪਿਆ। ਅੰਗਰੇਜ਼ ਸਰਕਾਰ ਨੇ ਵੀ ਅਜਿਹੇ ਦਬਾਅ ਦੇ ਅਧੀਨ ਆਪਣਾ ਮਨ ਬਣਾ ਲਿਆ ਕਿ ਭਾਰਤ 'ਤੇ ਹੁਣ ਹੋਰ ਰਾਜ ਕਰਨਾ ਅਸੰਭਵ ਹੈ ਤੇ ਇੱਥੋਂ ਚਲੇ ਜਾਣਾ ਹੀ ਠੀਕ ਹੋਵੇਗਾ।

ਦੂਸਰੇ ਪਾਸੇ ਮੁਸਲਿਮ ਲੀਗ ਨੇ ਅੰਗਰੇਜ਼ ਸਰਕਾਰ ਸਾਹਮਣੇ ਆਪਣੇ ਲਈ ਵੱਖਰੇ ਦੇਸ਼ ਪਾਕਿਸਤਾਨ ਦੀ ਮੰਗ ਰੱਖ ਦਿੱਤੀ। ਮੁਸਲਿਮ ਲੀਗ ਨੇ ਇਹ ਮਹਿਸੂਸ ਕੀਤਾ ਕਿ ਆਜ਼ਾਦ ਸੰਯੁਕਤ ਭਾਰਤ 'ਚ ਹਿੰਦੂਤਵ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਰਹੇਗਾ। ਸੰਨ 1945-46 ਨੂੰ 'ਕੇਂਦਰੀ ਲੈਜਿਸਲੈਟਿਵ ਅਸੈਂਬਲੀ' ਦੀਆਂ ਹੋਈਆਂ ਚੋਣਾਂ 'ਚ ਮੁਹੰਮਦ ਅਲੀ ਜਿਨਾਹ ਦੀ 'ਮੁਸਲਿਮ ਲੀਗ ਪਾਰਟੀ' ਆਪਣੀਆਂ ਸਾਰੀਆਂ 30 ਰਿਜ਼ਰਵ ਸੀਟਾਂ ਜਿੱਤ ਗਈ। ਮੁਸਲਿਮ ਲੀਗ ਤੇ ਕਾਂਗਰਸ ਪਾਰਟੀ 'ਚ ਗਤੀਰੋਧ ਨੂੰ ਖਤਮ ਕਰਨ ਲਈ ਕਿ ਸਾਰੀਆਂ ਸ਼ਕਤੀਆਂ 'ਇਕੋ ਭਾਰਤੀ ਸੰਗਠਨ' ਕੋਲ ਆ ਜਾਣ, ਇਸ ਲਈ 1946 'ਚ ਤਿੰਨ ਮੈਂਬਰੀ ਕੈਬਨਿਟ ਮਿਸ਼ਨ ਬਣਾਇਆ ਗਿਆ। ਜਿਹੜਾ ਕਿ ਭਾਰਤ 'ਤੇ ਰਾਜ ਪ੍ਰਬੰਧ ਚਲਾਉਣ ਲਈ ਯੋਜਨਾ ਤਿਆਰ ਕਰੇਗਾ।

ਯੋਜਨਾ ਅਨੁਸਾਰ ਦੇਸ਼ ਨੂੰ ਤਿੰਨ ਪ੍ਰਾਂਤਕ ਭਾਗਾਂ 'ਚ ਵੰਡਿਆ ਜਾਵੇਗਾ। ਪਹਿਲੇ ਭਾਰਤ 'ਚ ਹਿੰਦੂ ਬਹੁਆਬਾਦੀ ਹਲਕਾ ਹੋਵੇਗਾ ਤੇ ਇਹ ਹਿੱਸਾ ਆਜ਼ਾਦ ਭਾਰਤ ਦਾ ਇਕ ਪ੍ਰਮੁੱਖ ਭਾਗ ਹੋਵੇਗਾ। ਦੂਸਰਾ ਬੀ ਤੇ ਸੀ ਭਾਗ 'ਚ ਮੁਸਲਮਾਨ ਬਹੁਗਿਣਤੀ ਹਲਕੇ 'ਚ ਸ਼ਾਮਲ ਹੋਵੇਗਾ। ਹਰ ਭਾਗ ਤੇ ਉਸ ਬਹੁਗਿਣਤੀ ਦਾ ਰਾਜ ਹੋਵੇਗਾ ਤੇ ਉਸ ਪਾਸ ਪੂਰੇ ਅਧਿਕਾਰ ਤੇ ਪੂਰਨ ਸੁਤੰਤਰਤਾ ਹੋਵੇਗੀ ਪਰ ਵਿਦੇਸ਼ ਵਿਭਾਗ, ਸੰਚਾਰ ਵਿਭਾਗ, ਫੌਜ ਤੇ ਵਿੱਤ ਵਿਭਾਗ ਦਾ ਸਾਰੇ ਦੇਸ਼ ਦਾ ਪ੍ਰਬੰਧ ਇਹਨਾਂ ਦੇ ਅਧੀਨ ਨਹੀਂ ਹੋਵੇਗਾ।

ਇਸ ਯੋਜਨਾ 'ਚ ਭਾਵੇਂ ਪੰਜਾਬ ਦੀ ਸਿੱਖ ਬਹੁਗਿਣਤੀ ਨੂੰ ਸ਼ਾਮਲ ਨਹੀਂ ਕੀਤਾ ਗਿਆ ਜਿਹੜੀ ਕਿ ਬੀ ਗਰੁੱਪ ਦੇ ਹਲਕਿਆਂ ਦੀ ਸ਼੍ਰੇਣੀ 'ਚ ਆਉਂਦੀ ਸੀ, ਭਾਵੇਂ ਕਿ ਇਸ ਹਲਕੇ 'ਚ ਇਹਨਾਂ ਦੀ ਆਬਾਦੀ ਬਾਕੀ ਦੇਸ਼ ਦੀ ਆਬਾਦੀ ਦੇ ਮੁਕਾਬਲੇ 'ਚ 2 ਪ੍ਰਤੀਸ਼ਤ ਹੀ ਸੀ ਪਰ ਫਿਰ ਵੀ ਸਿੱਖ ਆਪਣੀ ਬਹੁਗਿਣਤੀ ਵਾਲੀ ਪੰਜਾਬ ਸਟੇਟ ਅਲੱਗ ਲੈਣੀ ਚਾਹੁੰਦੇ ਸਨ ਤੇ ਉਹਨਾਂ ਨੇ 1946 'ਚ ਇਕ ਵੱਖਰੀ 'ਆਜ਼ਾਦ ਸਿੱਖ ਸਟੇਟ' ਦੀ ਮੰਗ ਰੱਖ ਦਿੱਤੀ ਸੀ। ਮੁਸਲਿਮ ਲੀਗ ਦੇ ਪ੍ਰਮੁੱਖ ਨੇਤਾ ਵਜੋਂ ਮੁਹੰਮਦ ਅਲੀ ਜਿਨਾਹ ਨੇ ਕੈਬਨਿਟ ਮਿਸ਼ਨ ਦੀ ਇਸ ਤਜਵੀਜ਼ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਸੀ ਪਰ ਫਿਰ ਵੀ ਪੰਡਤ ਜਵਾਹਰ ਲਾਲ ਨਹਿਰੂ ਜਦੋਂ ਦੂਜੀ ਵਾਰ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਗਏ, ਉਹਨਾਂ ਨੇ ਆਪਣੀ ਪਹਿਲੀ ਕਾਨਫਰੰਸ 'ਚ ਇਹ ਐਲਾਨ ਕੀਤਾ ਕਿ 'ਕੋਈ ਵੀ ਵਿਧਾਨਕ ਅਸੈਂਬਲੀ ਇਸ ਗੱਲ ਲਈ ਪਾਬੰਦ ਨਹੀਂ ਹੋਵੇਗੀ ਕਿ ਉਹ 'ਸੰਵਿਧਾਨਕ ਫ਼ਾਰਮੂਲਾ' ਬਣਨ ਤੋਂ ਪਹਿਲਾਂ ਹੀ ਇਸ ਨੂੰ ਮਨਜ਼ੂਰੀ ਦੇ ਦੇਵੇ।" ਮੁਹੰਮਦ ਅਲੀ ਜਿਨਾਹ ਨੇ ਇਸ ਗੱਲ ਨੂੰ ਸਮੇਟਦੇ ਹੋਏ ਆਪਣੀ ਮੁਸਲਿਮ ਲੀਗ ਦੀ ਕਾਰਜਕਾਰੀ ਕਮੇਟੀ ਸਮੇਤ ਇਸ ਰਾਏ ਨੂੰ ਵਾਪਸ ਲੈ ਲਿਆ ਤੇ ਕਿਹਾ ਕਿ, 'ਮੁਸਲਮਾਨ ਇਸ 'ਚ ਸਿੱਧੀ ਦਖ਼ਲ-ਅੰਦਾਜ਼ੀ ਲਈ ਅਗਸਤ 1946 ਦੇ ਅੱਧ 'ਚ ਸੰਘਰਸ਼ ਕਰਨਗੇ।' ਇਸ ਨਾਲ ਹਿੰਦੂ ਤੇ ਮੁਸਲਮਾਨਾਂ 'ਚ ਪਾਗਲਪੁਣੇ ਦੀ ਹੱਦ ਤੱਕ ਦੰਗੇ-ਫਸਾਦ ਆਰੰਭ ਹੋ ਗਏ।

ਮਾਰਚ 1947 ਨੂੰ ਲਾਰਡ ਮਾਊਂਟ ਬੈਟਨ ਭਾਰਤ ਆਇਆ ਤੇ ਉਸ ਨੇ ਪੰਜਾਬ ਤੇ ਬੰਗਾਲ ਦੀ ਵੰਡ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਨਾਲ ਦੋਹਾਂ ਸੂਬਿਆਂ 'ਚ ਖ਼ਾਨਾ-ਜੰਗੀ ਛਿੜ ਗਈ। ਮਹਾਤਮਾ ਗਾਂਧੀ ਜੀ ਨੇ ਇਸ ਵੰਡ ਦੇ ਖਿਆਲ ਦਾ ਰੱਜ ਕੇ ਵਿਰੋਧ ਕੀਤਾ ਤੇ ਲਾਰਡ ਮਾਊਂਟ ਬੈਟਨ ਨੂੰ ਕਿਹਾ ਕਿ ਸਾਨੂੰ ਸੰਯੁਕਤ ਭਾਰਤ ਦੀ ਅਗਵਾਈ ਲਈ ਮੁਹੰਮਦ ਅਲੀ ਜਿਨਾਹ ਦੀ ਲੀਡਰਸ਼ਿਪ ਮਨਜ਼ੂਰ ਹੈ ਪਰ ਅਸੀਂ ਮੁਸਲਮਾਨਾਂ ਲਈ ਇਕ ਵੱਖਰਾ ਦੇਸ਼ ਹੋਵੇ, ਦੀ ਸਖ਼ਤ ਵਿਰੋਧਤਾ ਕਰਦੇ ਹਾਂ। ਪਰ ਮਹਾਤਮਾ ਗਾਂਧੀ ਜੀ ਦੇ ਇਨ੍ਹਾਂ ਵਿਚਾਰਾਂ ਨਾਲ, ਸਮੇਤ ਪੰਡਤ ਜਵਾਹਰ ਲਾਲ ਨਹਿਰੂ ਤੇ ਹੋਰ ਬਹੁਤ ਸਾਰੇ ਕੌਮੀ ਨੇਤਾਵਾਂ ਨੇ ਸਹਿਮਤੀ ਨਹੀਂ ਦਿੱਤੀ। ਜੁਲਾਈ 1947 'ਚ ਬਰਤਾਨੀਆ ਦੀ ਪਾਰਲੀਮੈਂਟ ਨੇ 'ਭਾਰਤ ਦੀ ਆਜ਼ਾਦੀ ਦਾ ਐਕਟ' ਪਾਸ ਕਰ ਦਿੱਤਾ। ਇਸ ਐਕਟ ਅਨੁਸਾਰ ਅਗਸਤ 14 ਤੇ 15, 1947 ਨੂੰ ਪਾਕਿਸਤਾਨ ਤੇ ਭਾਰਤ ਵੰਡ ਹੋ ਕੇ ਦੋ ਅਲੱਗ-ਅਲੱਗ ਦੇਸ਼ ਬਣ ਗਏ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੁਆਰਾ ਬਣਾਇਆ ਗਿਆ ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਭਾਰਤ ਸਰਕਾਰ ਨੇ ਸਵੀਕਾਰ ਕਰ ਲਿਆ ਤੇ ਇਸ ਨੂੰ 26 ਜਨਵਰੀ 1950 ਵਾਲੇ ਦਿਨ ਭਾਰਤ ਸਰਕਾਰ ਨੇ ਲਾਗੂ ਕਰ ਦਿੱਤਾ ਤੇ ਇਸ ਨੂੰ 'ਗਣਤੰਤਰ ਦਿਵਸ' ਦੇ ਤੌਰ 'ਤੇ ਹਰ ਸਾਲ ਉਦੋਂ ਤੋਂ ਹੀ ਮਨਾਇਆ ਜਾਂਦਾ ਹੈ। ਭਾਰਤ ਨੇ ਭਾਵੇਂ ਪਿਛਲੇ ਸੱਤ ਦਹਾਕਿਆਂ 'ਚ ਕਈ ਖੇਤਰਾਂ 'ਚ ਬੜੀ ਤਰੱਕੀ ਕੀਤੀ ਹੈ ਪਰ ਇਸ ਲੰਮੇ ਸਮੇਂ 'ਚ ਭਾਰਤ ਦੇ ਸੰਵਿਧਾਨ ਦੀਆਂ ਭਾਵਨਾਵਾਂ ਦੇ ਅਨੁਸਾਰ ਅਸੀਂ ਸਮੁੱਚੇ ਭਾਰਤੀਆਂ 'ਚ ਰਾਸ਼ਟਰਵਾਦੀ ਭਾਵਨਾਵਾਂ ਪੈਦਾ ਨਹੀਂ ਕਰ ਸਕੇ ਤੇ ਅਸੀਂ ਅੰਤਰ-ਰਾਸ਼ਟਰਵਾਦੀ ਭਾਵਨਾਵਾਂ ਤੋਂ ਅਜੇ ਕੋਹਾਂ ਦੂਰ ਹਾਂ। ਅਸੀਂ ਆਪਣੀਆਂ ਨਿੱਜੀ ਤੇ ਵਰਗਵਾਦੀ ਭਾਵਨਾਵਾਂ ਤੋਂ ਉਪਰ ਹੀ ਨਹੀਂ ਉੱਠ ਸਕੇ। ਚਾਰ-ਚੁਫੇਰੇ ਵਰਗਵਾਦ ਦਾ ਬੋਲਬਾਲਾ ਹੈ। ਇਸ ਵਰਗਵਾਦੀ ਸੋਚ ਨੇ ਮਾਨਵੀ ਕਦਰਾਂ-ਕੀਮਤਾਂ ਦਾ ਬੜਾ ਨੁਕਸਾਨ ਕੀਤਾ ਹੈ। ਮਾਨਵਵਾਦੀ ਤੇ ਰਾਸ਼ਟਰਵਾਦੀ ਸੋਚ ਅਲੋਪ ਹੋ ਚੁੱਕੀ ਹੈ। ਸਾਡਾ ਭਾਰਤੀ ਸਮਾਜ ਜਾਤੀ ਪ੍ਰਧਾਨ ਸਮਾਜ ਹੈ। ਇਸ ਸਮਾਜ 'ਚ 'ਮਾਨਵਵਾਦੀ ਸਮਾਜਿਕ ਬਰਾਬਰੀ' ਨਹੀਂ ਹੈ। ਦੇਸ਼ ਤਾਂ ਹੀ ਪੂਰੀ ਤਰ੍ਹਾਂ ਤਰੱਕੀ ਤੇ ਵਿਕਾਸ ਵਾਲਾ ਬਣ ਸਕਦਾ ਹੈ ਜੇਕਰ ਲੋਕਾਂ ਦੀ ਮਾਨਵਵਾਦੀ, ਰਾਸ਼ਟਰਵਾਦੀ, ਫਿਰ ਅੰਤਰ ਰਾਸ਼ਟਰਵਾਦੀ ਤੇ ਵਿਗਿਆਨਕ ਸੋਚ ਬਣਾਈ ਜਾ ਸਕੇ। ਨਹੀਂ ਤਾਂ ਇਸੇ ਤਰ੍ਹਾਂ ਹੀ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਹੁੰਦਾ ਰਹੇਗਾ। ਦੇਸ਼ 'ਚ ਭ੍ਰਿਸ਼ਟਾਚਾਰ ਵੀ ਆਪਣੀ ਪੂਰੀ ਚਰਮ ਸੀਮਾ 'ਤੇ ਹੈ ਤੇ ਰਾਜਨੀਤਿਕ ਲੋਕਾਂ ਤੇ ਅਫ਼ਸਰਸ਼ਾਹੀ ਨੇ ਇਸ ਨੂੰ ਇਕ ਵਧੀਆ ਵਪਾਰ ਬਣਾ ਲਿਆ ਹੈ ਤੇ ਉਹ ਲੋਕਾਂ ਨੂੰ ਉਹਨਾਂ ਦੇ ਜਾਇਜ਼ ਕੰਮ ਕਰਨ ਲਈ ਜਾਂ ਕਰਾਉਣ ਲਈ ਦੋਹਾਂ ਹੱਥਾਂ ਨਾਲ ਰਿਸ਼ਵਤ ਦੇ ਰੂਪ 'ਚ ਲੁੱਟ ਰਹੇ ਹਨ। ਇਹਨਾਂ ਲੋਕਾਂ ਨੇ ਰਾਜਨੀਤੀ ਨੂੰ, ਸਮਾਜਿਕ ਸੇਵਾ ਦੇ ਢੌਂਗ 'ਚ ਤਬਦੀਲ ਕਰ ਦਿੱਤਾ ਹੈ। ਪੈਸੇ ਦਿਓ ਤੇ ਕੰਮ ਕਰਾਓ ਦੀ ਦੋਹਰੀ ਨੀਤੀ 'ਤੇ ਕੰਮ ਕਰਦੇ ਹਨ ਹਰ ਰੋਜ਼ ਵੱਡੇ-ਵੱਡੇ ਭ੍ਰਿਸ਼ਟਾਚਾਰ ਦੇ ਸਕੈਂਡਲ ਨੰਗੇ ਹੋ ਰਹੇ ਹਨ। ਇਸ ਤੋਂ ਇਲਾਵਾ ਰਹਿੰਦੀ ਖੂੰਹਦੀ ਕਸਰ 'ਆਪੇ ਬਣੇ ਰੱਬਾਂ' ਭਾਵ ਸਾਧਾਂ-ਫਕੀਰਾਂ, ਬਾਬਿਆਂ ਨੇ ਪੂਰੀ ਕਰ ਦਿੱਤੀ ਹੈ। ਉਹ ਆਮ ਜਨਤਾ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਕਰਨ ਤੋਂ ਵਰਜਦੇ ਹਨ ਪਰ ਆਪ ਉਹ ਇਹਨਾਂ ਪੰਜਾਂ ਪ੍ਰਵਿਰਤੀਆਂ ਦਾ ਪੂਰਾ ਆਨੰਦ ਮਾਣਦੇ ਹਨ। ਭੋਲੇ-ਭਾਲੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਜਾਂ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਢੌਂਗ ਕਰਕੇ ਪੈਸਾ ਲੁੱਟਦੇ ਹਨ ਤੇ ਵੱਡੀਆਂ-ਵੱਡੀਆਂ ਕਾਰਾਂ ਤੇ ਨਿੱਜੀ ਜਾਇਦਾਦ ਡੇਰਿਆਂ ਦੇ ਰੂਪ ਵਿਚ ਬਣਾਈ ਜਾ ਰਹੇ ਹਨ। ਇਹ ਸਾਧ-ਫਕੀਰ ਬਾਬੇ ਤੇ ਰਾਜਨੀਤਿਕ ਲੋਕ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਭ ਤੋਂ ਵੱਧ ਅਮੀਰ ਹੋਏ ਹਨ। ਇਹਨਾਂ ਦੇ ਘਪਲਿਆਂ ਤੇ ਅਮਾਨਵੀ ਕਾਰਨਾਮਿਆਂ ਦੇ ਅਦਾਲਤਾਂ ਵਿਚ ਕੇਸ ਚੱਲ ਰਹੇ ਹਨ ਤੇ ਅਦਾਲਤਾਂ 'ਚ ਜ਼ਮਾਨਤਾਂ ਪ੍ਰਾਪਤ ਕਰਨ ਲਈ ਲੇਲ੍ਹੜੀਆਂ ਕੱਢਦੇ ਹਨ। ਕਈਆਂ ਨੂੰ ਤਾਂ ਨਿਆਂ ਪ੍ਰਣਾਲੀ ਨੇ ਉਮਰਾਂ ਭਰ ਲਈ ਜੇਲ੍ਹ 'ਚ ਡੱਕ ਦਿੱਤਾ ਹੈ। ਪਾਠਕ ਵੀਰੋ! ਇਹਨਾਂ ਹੈਵਾਨਾਂ ਤੋਂ ਆਪਣੇ ਆਪ ਨੂੰ ਬਚਾਓ ਤੇ ਆਪਣੀ ਮਿਹਨਤ ਦੀ ਕਮਾਈ ਇਹਨਾਂ ਨੂੰ ਐਵੇਂ ਹੀ ਨਾ ਲੁਟਾਓ। ਇਹ ਸਭ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਭਗੌੜੇ ਹੋਏ ਲੋਕ ਹਨ ਜਾਂ ਕਮਜ਼ੋਰ ਹੋਣ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਨਾ ਕਰਨ ਕਰਕੇ, ਸਾਧ ਬਣੇ ਹਨ। ਇਹਨਾਂ ਪਾਸ ਛਲ-ਕਪਟ ਤੇ ਬੇਈਮਾਨੀ ਤੋਂ ਸਿਵਾਏ ਕੁਝ ਵੀ ਨਹੀਂ ਹੈ ਤੇ ਨਾ ਹੀ ਇਹਨਾਂ ਨੇ ਤੁਹਾਨੂੰ ਰੱਬ ਨੂੰ ਮਿਲਾਉਣ ਦਾ ਕੋਈ ਪ੍ਰਮਾਤਮਾ ਤੋਂ ਲਾਇਸੈਂਸ ਲਿਆ ਹੋਇਆ ਹੈ। ਇਸ ਲਈ ਅੱਜ ਦੇ ਯੁੱਗ 'ਚ ਮਾਨਵਵਾਦੀ, ਸਮਾਜਵਾਦੀ ਸੋਚ, ਸਖ਼ਤ ਕਿਰਤ ਦੀ ਕਮਾਈ ਤੇ ਵਿਗਿਆਨਕ ਸੋਚ ਨਾਲ ਹੀ ਮਨੁੱਖਤਾ ਤਰੱਕੀ ਕਰ ਸਕਦੀ ਹੈ।

ਭਾਰਤ ਦੀ ਅਜੇ ਵੀ 30 ਫੀਸਦੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ। ਇਹਨਾਂ ਉਕਤ ਦੱਸੀ ਗਈ ਸਮਾਜਵਾਦੀ-ਯਥਾਰਥਵਾਦੀ ਸੋਚ ਨਾਲ ਹੀ ਕਲਿਆਣ ਹੋ ਸਕਦਾ ਹੈ। ਇਸ ਲਈ ਇਸ ਵਿਗਿਆਨਕ ਸੋਚ ਨੂੰ ਲਾਗੂ ਕਰਕੇ ਹੀ ਸਮੁੱਚੀ ਮਾਨਵਤਾ 'ਚ ਖੁਸ਼ਹਾਲੀ ਆ ਸਕਦੀ ਹੈ ਤੇ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਸਿਰਜਿਆ ਜਾ ਸਕਦਾ ਹੈ ਤੇ ਦੇਸ਼ ਦੀ ਆਜ਼ਾਦ ਫਿਜ਼ਾ ਦਾ ਆਨੰਦ ਮਾਣਿਆ ਜਾ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦਾ ਸੰਕਲਪ

ਗੁਰੂ ਰਵਿਦਾਸ ਦਾ ਜੀਵਨ ਅਤੇ ਮਿਸ਼ਨ ਉਹਨਾਂ ਲੋਕਾਂ ਦੇ ਲੇਖੇ ਸੀ, ਜਿਹਨਾਂ ਨੂੰ ਇਸ ਸਮਾਜ ਦੇ ਠੇਕੇਦਾਰਾਂ ਨੇ ਲੰਬੇ ਅਰਸੇ ਤੋਂ ਕੋਹ ਕੋਹ ਕੇ ਤਰ੍ਹਾਂ ਤਰ੍ਹਾਂ ਦੀਆਂ ਯਾਤਨਾਵਾਂ ਦੇ ਕੇ ਉਹਨਾਂ ਤੋਂ ਕੰਮ ਵੀ ਲੈਂਦੇ ਆ ਰਹੇ ਸਨ ਅਤੇ ਬਦਲੇ ਵਿਚ ਰੋਟੀ ਅਤੇ ਕੱਪੜੇ ਦੀ ਬਜਾਏ ਭੁੱਖ ਅਤੇ ਗਰੀਬੀ ਵੀ ਦਿੰਦੇ ਆ ਰਹੇ ਸਨ। ਉਹਨਾਂ ਦਾ ਕੋਈ ਵਾਲੀ ਵਾਰਸ ਨਹੀਂ ਸੀ, ਕੋਈ ਬਾਂਹ ਫੜਨ ਵਾਲਾ ਨਹੀਂ ਸੀ। ਉਹਨਾਂ ਦੀ ਇਸ ਲਾਚਾਰੀ ਦੀ ਹਾਲਤ ਵਿਚ ਗੁਰੂ ਜੀ ਨੇ ਉਹਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਸਮਾਜ ਵੱਲੋਂ ਕੀਤੀਆਂ ਜਾ ਰਹੀਆਂ ਘੋਰ ਬੇਇਨਸਾਫ਼ੀਆਂ ਵਿਰੁੱਧ ਇਕ ਬਗਾਵਤ ਖੜ੍ਹੀ ਕਰ ਦਿੱਤੀ। ਗੁਰੂ ਸਾਹਿਬ ਦੀ ਸਮੁੱਚੀ ਬਾਣੀ ਇਹਨਾਂ ਨਾਲ ਹੀ ਸਬੰਧਿਤ ਵਿਚਾਰਾਂ ਨਾਲ ਲਬਰੇਜ਼ ਹੈ। ਉਹ ਇਸ ਤਰ੍ਹਾਂ ਦੀ ਘਟੀਆ ਸਮਾਜਿਕ ਵਿਵਸਥਾ ਨੂੰ ਬਦਲਣਾ ਚਾਹੁੰਦੇ ਸਨ, ਨਿਤਾਣਿਆਂ ਨੂੰ ਤਾਣ ਅਤੇ ਨਿਆਸਰਿਆਂ ਨੂੰ ਆਸਰਾ ਪ੍ਰਦਾਨ ਕਰਨਾ ਚਾਹੁੰਦੇ ਸਨ। ਇਸ ਸੰਦਰਭ ਵਿਚ ਉਹਨਾਂ ਦੇ 'ਬੇਗਮਪੁਰੇ' ਦੇ ਸੰਕਲਪ ਦੀ ਖਾਸ ਮਹੱਤਤਾ ਬਣਦੀ ਹੈ।

ਗੁਰੂ ਰਵਿਦਾਸ ਦੇ ਫ਼ਲਸਫ਼ੇ ਵਿਚ ਆਇਆ ਇਹ 'ਬੇਗਮਪੁਰੇ' ਦਾ ਵਿਚਾਰ ਆਮ ਕਰਕੇ ਦੋ ਤਰ੍ਹਾਂ ਲਿਆ ਜਾਂਦਾ ਹੈ। ਪਹਿਲੀ ਸ਼੍ਰੇਣੀ ਦੇ ਨਿਰੋਲ ਧਾਰਮਿਕ ਵਿਚਾਰਾਂ ਵਾਲੇ ਇਸਨੂੰ ਬਹੁਤ ਉੱਚੀ ਮਾਨਸਿਕ ਅਵਸਥਾ ਮੰਨਦੇ ਹਨ, ਜਿੱਥੇ ਪਹੁੰਚ ਕੇ ਮਨੁੱਖ ਦੁੱਖਾਂ ਅਤੇ ਗਮਾਂ ਤੋਂ ਰਹਿਤ ਹੋ ਜਾਂਦਾ ਹੈ। ਦੂਜੀ ਸ਼੍ਰੇਣੀ ਦੇ ਲੋਕ ਇਸਨੂੰ ਸਮਾਜ ਦੀ ਉਹ ਅਵਸਥਾ ਮੰਨਦੇ ਹਨ, ਜਿਸ ਵਿਚ ਸਭ ਪਾਸਿਆਂ ਤੋਂ ਬਰਾਬਰਤਾ ਦਾ ਪਸਾਰ ਹੁੰਦਾ ਹੋਵੇ ਅਤੇ ਜਿਸ ਨਾਲ ਇਕ ਆਦਰਸ਼ ਸਮਾਜ ਦੀ ਸਿਰਜਣਾ ਹੁੰਦੀ ਹੋਵੇ।ਬੇਗਮਪੁਰੇ ਦੀਆਂ ਇਹ ਦੋਵੇਂ ਅਵਸਥਾਵਾਂ ਆਦਰਸ਼ਕ ਹਨ। ਇਕ ਆਦਰਸ਼ ਵਿਅਕਤੀ ਸਿਰਜਦੀ ਹੈ ਤੇ ਦੂਜੀ ਆਦਰਸ਼ ਸਮਾਜ। ਦੋਵੇਂ ਇਕ-ਦੂਜੇ ਨਾਲ ਰਲਦਾ-ਮਿਲਦਾ ਮੰਤਵ ਪੈਦਾ ਕਰਦੇ ਹਨ। ਆਦਰਸ਼ ਵਿਅਕਤੀਆਂ ਦਾ ਜੋੜ ਜਮ੍ਹਾ ਹੀ ਵਧੀਆ ਸਮਾਜ ਸਿਰਜਦਾ ਹੈ ਅਤੇ ਵਧੀਆ ਸਮਾਜ ਵੀ ਆਦਰਸ਼ ਵਿਅਕਤੀ ਪੈਦਾ ਕਰੇਗਾ। ਦੋਹਾਂ ਦਾ ਆਖਰੀ ਮੰਤਵ ਤਾਂ ਮਨੁੱਖਤਾ ਦੀ ਭਲਾਈ ਹੈ ਜੋ ਖੁਸ਼ੀ ਖੇੜਿਆਂ ਵਾਲਾ ਜੀਵਨ ਬਖ਼ਸ਼ਦਾ ਹੈ।

ਉਂਝ ਤਾਂ ਗੁਰੂ ਰਵਿਦਾਸ ਦਾ ਫਲਸਫਾ ਹੀ ਮਨੁੱਖ ਮਾਤਰ ਦੀ ਸਮੁੱਚੀ ਭਲਾਈ ਨੂੰ ਸਮਰਪਿਤ ਹੈ ਪਰ ਉਹਨਾਂ ਦਾ ਇਹ 'ਬੇਗਮਪੁਰੇ' ਦਾ ਸੰਕਲਪ ਇਕ ਵੱਖਰੀ ਪਛਾਣ ਵਾਲਾ ਹੈ ਜੋ ਗੁਰੂ ਜੀ ਨੂੰ ਇਕ ਮਹਾਨ ਸਮਾਜਵਾਦੀ ਚਿੰਤਕ ਦੀ ਸ਼ਖਸੀਅਤ ਵਜੋਂ ਉਘਾੜਦਾ ਹੈ। ਉਹਨਾਂ ਦਾ ਸਮਾਂ ਇਤਿਹਾਸ ਦਾ ਉਹ ਭਿਆਨਕ ਦੌਰ ਸੀ ਜਿਸ ਵਿਚੋਂ ਸਮਾਜ ਦਾ ਵੱਡਾ ਹਿੱਸਾ ਮਨੁੱਖਤਾ ਦੀ ਪੱਧਰ ਤੋਂ ਹੇਠਾਂ ਗਿਰਾਇਆ ਗਿਆ ਅਛੂਤ ਸ਼ੂਦਰ ਦੇ ਰੂਪ ਵਿਚ ਤਰ੍ਹਾਂ ਤਰ੍ਹਾਂ ਦੇ ਸੰਤਾਪ ਭੋਗ ਰਿਹਾ ਸੀ। ਮਨੁੱਖਾਂ ਤੋਂ ਹੇਠਲੇ ਪੱਧਰ ਜਾਨਵਰਾਂ ਦੀ ਹੁੰਦੀ ਹੈ ਪਰ ਇਹ ਅਛੂਤ ਮਨੁੱਖ ਅਜਿਹੇ 'ਜਾਨਵਰ' ਸੀ ਜੋ ਜਾਨਵਰਾਂ ਤੋਂ ਵੀ ਹੇਠਲੀ ਪੱਧਰ ਤੇ ਜਿਊਣ ਲਈ ਮਜਬੂਰ ਸੀ। ਜਾਨਵਰਾਂ ਨੂੰ ਤਾਂ ਪਾਲਿਆ ਜਾਂਦਾ ਸੀ, ਲਾਡ ਪਿਆਰ ਕੀਤਾ ਜਾਂਦਾ ਸੀ, ਚੁੰਮਿਆ ਚੱਟਿਆ ਜਾਂਦਾ ਸੀ ਪਰ ਅਛੂਤ ਨੂੰ ਛੂਹਣਾ ਤੇ ਪਿਆਰ ਕਰਨਾ ਤਾਂ ਦੂਰ ਦੀ ਗੱਲ ਸੀ, ਉਸਦੇ ਪਰਛਾਵੇਂ ਤੋਂ ਵੀ ਉੱਚ ਜਾਤੀਆਂ ਨੂੰ ਭਿੱਟ ਚੜ੍ਹਦੀ ਸੀ ਤੇ ਉਸਤੋਂ ਦੂਰ ਹੋ ਕੇ ਲੰਘਿਆ ਜਾਂਦਾ ਸੀ। ਪਾਲਤੂ ਜਾਨਵਰਾਂ ਨੂੰ ਜਿੱਥੇ ਲਾਡ ਪਿਆਰ ਦੇ ਨਾਲ ਨਾਲ ਖਾਣ ਨੂੰ ਵੀ ਵਧੀਆ ਦਿੱਤਾ ਜਾਂਦਾ ਸੀ ਤੇ ਦੇਖਭਾਲ ਵੀ ਪੂਰੀ ਕੀਤੀ ਜਾਂਦੀ ਸੀ ਪਰ ਇਸ ਘਟੀਆ ਤੇ ਨੀਚ ਬਣਾਏ ਜਾਨਵਰ ਰੂਪੀ ਮਨੁੱਖ ਨੂੰ ਤਾਂ ਬਚੀ ਖੁਚੀ ਤੇ ਗੰਦੀ ਮੰਦੀ ਜੂਠ ਜਾਂ ਮਰੇ ਡੰਗਰ ਦਾ ਬਿਮਾਰ ਮਾਸ ਅਤੇ ਫਟੀ ਪੁਰਾਣੀ ਉਤਰਨ ਦੇਣ ਉਪਰੰਤ ਵੀ ਉਸਨੂੰ ਫਿਟਕਾਰਾਂ, ਗਾਲ੍ਹਾਂ, ਲਾਹਨਤਾਂ ਤੇ ਕੁੱਟਮਾਰ ਨਾਲ ਨਿਵਾਜਿਆ ਜਾਂਦਾ ਸੀ। ਇਹੋ ਜਿਹੀ ਗੈਰ-ਮਨੁੱਖੀ ਸਮਾਜਿਕ ਵਿਵਸਥਾ ਦੇ ਵਿਰੁੱਧ ਇਕ ਬੁਲੰਦ ਆਵਾਜ਼ ਸੀ ਗੁਰੂ ਜੀ ਦਾ ਇਹ ਸੰਕਲਪ। ਇਕ ਇਨਕਲਾਬ, ਇਕ ਬਗਾਵਤ ਦਾ ਝੰਡਾ ਸੀ ਗੁਰੂ ਜੀ ਦੇ ਇਹ ਕੜਕਦੇ ਬੋਲ। ਇਕ ਸਿੰਘ ਗਰਜਣਾ ਸੀ ਵਕਤ ਦੇ ਭਾਵੇ ਹਾਕਮਾਂ ਵਿਰੁੱਧ ਅਤੇ ਇਕ ਬਿਜਲੀ ਦੀ ਲਿਸ਼ਕ ਦੀ ਚਕਾਚੌਂਧ ਸੀ ਡੂੰਘੀਆਂ ਖਾਈਆਂ ਦੇ ਹਨੇਰਿਆਂ ਲਈ। ਬ੍ਰਾਹਮਣਵਾਦ ਵੱਲੋਂ ਪੈਦਾ ਕੀਤੀ ਗਈ ਵਰਣ ਵਿਵਸਥਾ, ਜਾਤ-ਪਾਤ, ਉਚ-ਨੀਚ, ਘਿਰਣਾ-ਨਫਰਤ ਵਾਲੇ ਸਮਾਜ ਵਿਚ ਬੁਰੀ ਤਰ੍ਹਾਂ ਠੋਕਰਾਂ ਖਾ ਰਹੇ ਤੇ ਨਿੱਤ ਸੂਲੀ ਚੜ੍ਹ ਰਹੇ ਅਛੂਤ ਨੂੰ ਜਗਾ ਕੇ ਉਸਨੂੰ ਮਨੁੱਖਾਂ ਵਾਲਾ ਦਰਜਾ ਦੁਆ ਕੇ ਇਕ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਵਾਲਾ ਸਮਾਜ ਸਿਰਜਣਾ ਦਾ ਸੁਪਨਾ ਸੀ ਗੁਰੂ ਰਵਿਦਾਸ ਦਾ। ਜਿਸ ਸਮਾਜ ਵਿਚ ਨਾ ਟੋਏ ਟਿੱਬੇ ਰਹਿਣ, ਨਾ ਛੋਟਾ-ਵੱਡਾ ਰਹੇ, ਨਾ ਮਾਲਕ-ਗੁਲਾਮ ਰਹੇ। ਇਸ ਸਾਰੇ ਸੰਕਲਪ ਨੂੰ ਇੰਝ ਵਿਚਾਰਿਆ ਤੇ ਉਤਾਰਿਆ ਹੈ ਬੇਗਮਪੁਰੇ ਵਿਚ ਗੁਰੂ ਜੀ ਨੇ:-

ਬੇਗਮਪੁਰਾ ਸਹਰ ਕੋ ਨਾਉ।
ਦੂਖ ਅੰਦੋਹ ਨਹੀ ਤਿਹਿ ਠਾਉ।

ਇਕ ਅਜਿਹੇ ਸ਼ਹਿਰ ਜਾਂ ਦੇਸ਼ ਦੀ ਕਲਪਨਾ ਕੀਤੀ ਜਿਸ ਵਿਚ ਕਿਸੇ ਨੂੰ ਕੋਈ ਗਮ ਨਾ ਹੋਵੇ, ਦੁੱਖ-ਦਰਦ ਜਾਂ ਸੰਤਾਪ ਨਾ ਹੰਢਾਉਣਾ ਪਵੇ। ਇਹ ਸਾਰੀਆਂ ਅਲਾਮਤਾਂ ਅਛੂਤਾਂ ਨੂੰ ਹੀ ਚਿੰਬੜੀਆਂ ਹੋਈਆਂ ਸਨ, ਜਿਹਨਾਂ ਤੋਂ ਅਵਾਜ਼ਾਰ ਹੋਇਆ ਗੁਰੂ ਜੀ ਦਾ ਦਿਲ ਇਕ ਸੁਪਨਮਈ ਨਗਰੀ ਵਸਾਉਣਾ ਲੋਚਦਾ ਹੈ, ਜਿਸ ਵਿਚ ਉਹ ਦੁੱਖਾਂ ਮਾਰੇ ਇਨਸਾਨ ਕੋਈ ਸੁੱਖ ਦਾ ਸਾਹ ਲੈ ਸਕਣ।

ਨਾ ਤਸਵੀਸ ਖਿਰਾਜੁ ਨਾ ਮਾਲੁ।
ਖਉਫੁ ਨ ਖਤਾ ਨ ਤਰਸੁ ਜਵਾਲੁ।

ਉਹ ਖਿਆਲ ਕਰਦੇ ਹਨ ਕਿ ਉਸ ਨਗਰੀ ਵਿਚ ਨਾ ਕੋਈ ਫਿਕਰ (ਤਸਵੀਸ) ਹੋਵੇਗਾ, ਨਾ ਕਿਸੇ ਦੇ ਅਸਬਾਬ (ਮਾਲ) ਤੇ ਮਸੂਲ (ਖਿਰਾਜ) ਹੋਵੇਗਾ। ਨਾ ਡਰ (ਖਉਫ਼) ਹੋਵੇਗਾ, ਨਾ ਫਿਰ ਕੋਈ ਗਲਤੀ (ਖਤਾ) ਕਰੇਗਾ। ਨਾ ਫਿਰ ਕਿਸੇ ਦੀ ਤਰਸਯੋਗ ਹਾਲਤ ਹੋਣ ਨਾਲ ਉਸਦਾ ਮਾਣ ਸਤਿਕਾਰ ਢਹਿੰਦੀਆਂ ਕਲਾਂ ਵਿਚ ਜਾਵੇਗਾ। ਆਮ ਤੌਰ ਤੇ ਬਹੁਤੀਆਂ ਗਲਤੀਆਂ ਜ਼ਿਆਦਾ ਡਰ ਨਾਲ ਵੀ ਹੋ ਜਾਂਦੀਆਂ ਹਨ ਤੇ ਉਹਨਾਂ ਦੀਆਂ ਸਜ਼ਾਵਾਂ ਭੁਗਤਦਿਆਂ ਬੜੀ ਤਰਸਯੋਗ ਹਾਲਤ ਬਣ ਜਾਂਦੀ ਹੈ। ਜਿਵੇਂ ਕਿ ਅਛੂਤਾਂ ਨਾਲ ਹੁੰਦਾ ਰਿਹਾ ਹੈ। ਉਹਨਾਂ ਉਤੇ ਇੰਨੀਆਂ ਪਾਬੰਦੀਆਂ ਦਾ ਡਰ ਭੈਅ ਸੀ ਕਿ ਉਹ ਡਰ ਡਰ ਕੇ ਚਲਦਿਆਂ ਵੀ ਸਜ਼ਾ ਦੇ ਭਾਗੀ ਬਣ ਜਾਂਦੇ ਸਨ। ਸਜ਼ਾ ਵੀ ਗਾਲ੍ਹਾਂ, ਲੱਤਾਂ, ਠੇਡਿਆਂ ਦੀ ਤਾਂ ਆਮ ਹੈ ਹੀ ਸੀ ਪਰ ਕਈ ਵਾਰੀ ਕੰਨਾਂ ਵਿਚ ਗਰਮ ਗਰਮ ਤੇਲ ਜਾਂ ਢਾਲਿਆ ਸਿੱਕਾ ਪਾ ਕੇ ਸਦਾ ਲਈ ਬੋਲੇ ਕਰ ਦੇਣਾ ਜਾਂ ਜੀਭ ਕੱਟ ਕੇ ਗੂੰਗਾ ਬਣਾ ਦੇਣਾ ਵੀ ਸ਼ਾਮਲ ਹੋ ਜਾਂਦਾ ਸੀ। ਇਹੋ ਜਿਹੀ ਹਾਲਤ ਤਰਸਯੋਗ ਹੀ ਨਹੀਂ ਜ਼ਾਰੋ-ਜ਼ਾਰ ਰੋਣ ਵਾਲੀ ਵੀ ਬਣਦੀ ਸੀ। ਉਹ ਜੀਵੇ ਤਾਂ ਸਹੀ ਪਰ ਨਾ ਕੁਝ ਕਹਿ ਸਕੇ ਤੇ ਨਾ ਸੁਣ ਸਕੇ ਬੱਸ ਜ਼ੁਲਮ ਸਹਿੰਦਾ ਰਹੇ, ਵਗਾਰਾਂ ਕਰਦਾ ਰਹੇ ਇਕ ਸੀਲ ਜਾਨਵਰ ਦੀ ਤਰ੍ਹਾਂ। ਅੱਗੇ ਆਖਦੇ ਹਨ:-



ਅਬ ਮੋਹਿ ਖੂਬ ਵਤਨ ਗਹਿ ਪਾਈ।
ਊਹਾਂ ਖੈਰਿ ਸਦਾ ਮੇਰੇ ਭਾਈ।

ਹੁਣ ਮੈਂ ਉਸ ਵਤਨ ਬਾਰੇ ਖੂਬ ਚੰਗੀ ਤਰ੍ਹਾਂ ਜਾਣ ਲਿਆ ਹੈ। ਉਥੇ ਹਮੇਸ਼ਾ ਹੀ ਸੁੱਤੇ ਖੈਰਾਂ ਹਨ। ਇਹ ਗੁਰੂ ਜੀ ਦਾ ਉਹਨਾਂ ਦੁੱਖਾਂ ਮਾਰੇ ਲੋਕਾਂ ਲਈ ਇਕ ਪਿਆਰ ਦੀ ਭਾਵਨਾ ਦਾ ਪ੍ਰਗਟਾਅ ਜਾਪਦਾ ਹੈ, ਜਿਹਨਾਂ ਦੇ ਹਿੱਸੇ ਸੁੱਖ ਨਾਂ ਦੀ ਕੋਈ ਚੀਜ਼ ਕਦੇ ਆਈ ਹੀ ਨਹੀਂ- ਕਿ ਉਹ ਹਮੇਸ਼ਾ ਸੁਖੀ ਵੱਸਣ।

ਕਾਇਮੁ ਦਾਇਮੁ ਸਦਾ ਪਾਤਸਾਹੀ।
ਦੋਮ ਨਾ ਸੋਮ ਏਕ ਸੋ ਆਹੀ।

ਗੁਰੂ ਜੀ ਤਸੱਵਰ ਕਰਦੇ ਹਨ ਕਿ ਉਸ ਨਗਰੀ ਵਿਚ ਸਦਾ ਇਕ ਹੀ ਪਾਤਸ਼ਾਹੀ ਹੋਵੇਗੀ। ਕੋਈ ਦੂਜੀ (ਦੋਮ) ਜਾਂ ਤੀਜੀ (ਸੋਮ) ਦਾ ਰੌਲਾ ਨਹੀਂ ਹੋਵੇਗਾ। ਅੱਜ ਦਾ 'ਅਛੂਤ' ਵੀ ਦੂਜੇ, ਤੀਜੇ ਦਰਜੇ ਦਾ ਗਿਣਿਆ ਜਾਂਦਾ ਹੈ। ਅੱਜ ਵੀ ਉਸਨੂੰ ਤਰ੍ਹਾਂ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਗਿਣਤੀ ਤਾਂ ਅੱਜ ਵੀ ਗਰੀਬੀ ਤੇ ਭੁੱਖਮਰੀ ਨਾਲ ਜੂਝ ਰਹੀ ਹੈ।

ਅਬਾਦਾਨ ਸਦਾ ਮਸਹੂਰ।
ਊਹਾਂ ਗਨੀ ਬਸਹਿ ਮਾਮੂਰ।

ਇਹ ਨਗਰੀ ਸਦਾ ਆਬਾਦ (ਅਬਾਦਾਨ) ਰਹੇਗੀ ਅਤੇ ਮਸ਼ਹੂਰ ਰਹੇਗੀ ਕਿਉਂਕਿ ਇਸ ਵਿਚ ਰਹਿਣ ਵਾਲੇ ਸਾਰੇ ਲੋਕ ਸਰਬ ਸੰਪੰਨ ਅਮੀਰ (ਗਨੀ) ਹੋਣਗੇ, ਕੋਈ ਗਰੀਬ ਨਹੀਂ ਹੋਵੇਗਾ। ਅਮੀਰੀ ਨਾਲ ਹੀ ਭਰਪੂਰ (ਮਾਮੂਰ) ਇਹ ਨਗਰੀ ਰਹੇਗੀ।

ਤਿਉ ਤਿਉ ਸੈਲ ਕਰਹਿ ਜਿਉ ਭਾਵੈ।
ਮਹਿਰਮ ਮਹਲ ਨ ਕੋ ਅਟਕਾਵੈ।

ਬੇਗਮਪੁਰੇ ਵਿਚ ਇਹ ਸਭ ਨੂੰ ਸਹੂਲਤ ਹੋਵੇਗੀ ਕਿ ਉਹ ਜਿੱਥੇ ਚਾਹੁਣ ਜਾ ਸਕਦੇ ਹਨ, ਘੁੰਮ ਫਿਰ ਸਕਦੇ ਹਨ, ਸੈਰ ਸਪਾਟਾ ਕਰ ਸਕਦੇ ਹਨ। ਵੇਖਣ ਨੂੰ ਭਾਵੇਂ ਇਹ ਘੁੰਮਣ-ਫਿਰਨ ਦੀ ਗੱਲ ਸਧਾਰਨ ਜਾਪਦੀ ਹੈ ਪਰ ਗੁਰੂ ਜੀ ਦੇ ਹਰ ਵਿਚਾਰ ਵਿਚ ਇਕ ਸਮਾਜਿਕ ਇਤਿਹਾਸ ਛੁਪਿਆ ਹੋਇਆ ਹੈ। ਇਸਦਾ ਪਿਛੋਕੜ ਇਹ ਹੈ ਕਿ ਉਸ ਵੇਲੇ ਹਰ ਕਿਸੇ ਨੂੰ ਹਰ ਥਾਂ ਜਾਣ ਦੀ ਆਜ਼ਾਦੀ ਨਹੀਂ ਸੀ। ਇਹ ਅਛੂਤ ਹੀ ਸੀ ਜਿਸਦੇ ਖਾਣ-ਪੀਣ ਅਤੇ ਪਹਿਨਣ ਤੇ ਤਾਂ ਪਾਬੰਦੀਆਂ ਹੈ ਹੀ ਸਨ, ਉਸਦੇ ਕਈ ਥਾਂਵਾਂ ਤੇ ਦਾਖਲੇ ਵੀ ਬੰਦ ਸਨ। ਖੂਹਾਂ, ਤਲਾਬਾਂ 'ਤੇ ਉਹ ਨਹੀਂ ਸੀ ਜਾ ਸਕਦਾ, ਉਸਨੂੰ ਮੰਦਰ ਜਾਂ ਕਿਸੇ ਧਾਰਮਿਕ ਸਥਾਨ ਦੇ ਨੇੜੇ ਨਹੀਂ ਸੀ ਫਟਕਣ ਦਿੱਤਾ ਜਾਂਦਾ। ਗਲੀਆਂ ਬਜ਼ਾਰਾਂ ਵਿਚ ਦਾਖਲਾ ਬੰਦ। ਜੇ ਕਿਤੇ ਬਾਹਰ ਨਿਕਲਣਾ ਹੀ ਹੈ ਤਾਂ ਸਿਖਰ ਦੁਪਹਿਰ ਵੇਲੇ ਜਦੋਂ ਪਰਛਾਵਾਂ ਸਭ ਤੋਂ ਛੋਟਾ ਹੁੰਦਾ ਹੈ, ਉਸ ਵੇਲੇ ਨਿਕਲਣ ਦੀ ਆਗਿਆ ਸੀ ਤਾਂ ਜੋ ਇਸ 'ਨੀਚ' ਦਾ ਪਰਛਾਵਾਂ ਕਿਸੇ ਉਚ ਨੂੰ ਭਿੱਟ ਨਾ ਸਕੇ।

ਕਹਿ ਰਵਿਦਾਸ ਖਲਾਸ ਚਮਾਰਾ।
ਜੋ ਹਮ ਸਹਰੀ ਸੁ ਮੀਤੁ ਹਮਾਰਾ।

ਗੁਰੂ ਜੀ ਦਾ ਆਪਣੇ ਨਾਂ ਨਾਲ ਚਮਾਰ ਲਿਖਣਾ ਤੇ ਵਾਰ-ਵਾਰ ਲਿਖਣਾ ਉਹਨਾਂ ਦੀ ਦਲੇਰੀ, ਬਗਾਵਤ ਅਤੇ ਦ੍ਰਿੜ੍ਹਤਾ ਦੀ ਲਖਾਇਕ ਹੈ। ਦਲੇਰੀ ਇਸ ਲਈ ਕਿ ਬ੍ਰਾਹਮਣਵਾਦ ਨੇ ਪ੍ਰਚਾਰ ਰਾਹੀਂ ਨੀਚ ਗਰਦਾਨੀ ਗਈ ਜਾਤੀਆਂ ਜਿਹਨਾਂ ਵਿਚੋਂ ਚਮਾਰ ਵੀ ਇਕ ਸੀ, ਉਹਨਾਂ ਨੂੰ ਇੰਨਾ ਘਟੀਆ ਅਤੇ ਨੀਚ ਬਣਾ ਦਿੱਤਾ ਸੀ ਕਿ ਉਹ ਆਪਣੇ ਆਪ ਨੂੰ ਉਸ ਜਾਤੀ ਨਾਲ ਸੰਬੋਧਤ ਹੋਣ ਦੇ ਅਹਿਸਾਸ ਨਾਲ ਹੀ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਸਨ। ਅਜਿਹੀ ਹੀਣ ਭਾਵਨਾ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਇਸ ਸ਼ਬਦ ਨੂੰ ਵਾਰ-ਵਾਰ ਬੜੀ ਦਲੇਰੀ ਨਾਲ ਵਰਤ ਕੇ ਉਹਨਾਂ ਲੋਕਾਂ ਵਿਚੋਂ ਹੀਣ ਭਾਵਨਾ ਦੂਰ ਕਰਨ ਦਾ ਯਤਨ ਕੀਤਾ ਹੈ। ਇਹ ਕਵਾਇਦ ਅੱਜ ਵੀ ਪੰਜਾਬ ਦੇ ਦੁਆਬਾ ਇਲਾਕੇ ਵਿਚ ਆਪਣੇ ਸਿਖਰ 'ਤੇ ਹੈ, ਜਿੱਥੇ ਆਪਣੇ ਆਪ ਨੂੰ 'ਚਮਾਰ' ਅਖਵਾਉਣਾ ਮਾਣ ਨਾਲ ਸਵੀਕਾਰ ਕੀਤਾ ਜਾਂਦਾ ਹੈ।

ਬਗਾਵਤ ਇਸ ਲਈ ਆਖੀ ਜਾ ਸਕਦੀ ਹੈ ਕਿ ਗੁਰੂ ਜੀ ਦੇ ਵੇਲੇ ਹਰ ਜਾਤੀ ਦੇ ਕੰਮ ਨਿਸ਼ਚਿਤ ਸਨ। ਚਮਾਰ ਦਾ ਕੰਮ ਚਮੜੇ ਨਾਲ ਸਬੰਧਿਤ ਸੀ ਪਰ ਗੁਰੂ ਜੀ ਤਾਂ ਆਪਣੇ ਕੰਮ ਦੇ ਨਾਲ ਨਾਲ ਲੋਕਾਂ ਨੂੰ ਉਸ ਬ੍ਰਾਹਮਣਵਾਦੀ ਪ੍ਰਚਾਰ ਵਿਰੁੱਧ ਜਾਗਰਿਤ ਵੀ ਕਰ ਰਹੇ ਸਨ, ਜਿਸ ਨੇ ਉਹਨਾਂ ਨੂੰ ਨੀਚ ਬਣਾ ਧਰਿਆ ਸੀ। ਬ੍ਰਾਹਮਣਵਾਦ ਨਹੀਂ ਸੀ ਚਾਹੁੰਦਾ ਕਿ ਉਹ ਜਾਗਣ ਪਰ ਗੁਰੂ ਜੀ ਉਹਨਾਂ ਨੂੰ ਜਗਾ ਕੇ ਇਕ ਪ੍ਰਚੱਲਿਤ ਵਿਵਸਥਾ ਵਿਰੁੱਧ ਬਗਾਵਤ ਦਾ ਕੰਮ ਹੀ ਕਰ ਰਹੇ ਸਨ। ਦ੍ਰਿੜ੍ਹਤਾ ਇਸ ਲਈ ਕਿ ਗੁਰੂ ਜੀ ਨੂੰ ਪਤਾ ਸੀ ਕਿ ਉਹ ਜਾਬਰ ਨਾਲ ਟੱਕਰ ਲੈਣ ਦਾ ਕੰਮ ਕਰ ਰਹੇ ਹਨ, ਗਲਤ ਕਦਰਾਂ ਕੀਮਤਾਂ ਨੂੰ ਵੰਗਾਰ ਰਹੇ ਹਨ, ਆਪਣੀਆਂ ਨਿਸ਼ਚਿਤ ਹੱਦਾਂ ਨੂੰ ਤੋੜ ਰਹੇ ਹਨ, ਜਿਸਦਾ ਨਤੀਜਾ ਭੈੜੇ ਤੋਂ ਭੈੜਾ ਵੀ ਹੋ ਸਕਦਾ ਹੈ। ਪਰ ਫਿਰ ਵੀ ਉਹ ਪੂਰੀ ਸ਼ਿੱਦਤ ਨਾਲ ਮਨੁੱਖਤਾ ਲਈ ਆਪਣਾ ਸਭ ਕੁਝ ਲੇਖੇ ਲਾਉਣ ਲਈ ਦ੍ਰਿੜ੍ਹ ਹਨ। ਦ੍ਰਿੜ੍ਹਤਾ ਨਾਲ ਆਪਣੇ ਆਪ ਨੂੰ ਖਾਲਸ ਮੰਨਦੇ ਹਨ, ਸਹੀ ਮੰਨਦੇ ਹਨ ਤੇ ਆਪਣੇ ਵਰਗੇ ਵਿਚਾਰਾਂ ਵਾਲਿਆਂ ਨੂੰ ਹੀ ਆਪਣਾ ਹਮ-ਸ਼ਹਿਰੀ ਅਤੇ ਮਿੱਤਰ ਮੰਨਦੇ ਹਨ। ਉਹਨਾਂ ਨੇ ਪੂਰੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਦੋ ਵੱਖ-ਵੱਖ ਸਭਿਆਤਾਵਾਂ ਵਿਚਕਾਰ ਇਕ ਲਕੀਰ ਖਿੱਚ ਦਿੱਤੀ, ਨਤੀਜਾ ਕੁਝ ਵੀ ਹੋਵੇ ਇਸਦੀ ਪ੍ਰਵਾਹ ਕੀਤੇ ਬਗੈਰ। ਉਹਨਾਂ ਦਾ ਟੀਚਾ ਸਾਫ ਸੀ:-



ਫਤਿਹਜੰਗ ਸਿੰਘ
91-98726-70278

ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ
ਛੋਟ ਬਡੇ ਸਭ ਸਮ ਵਸੇ ਰਹੇ ਰਵਿਦਾਸ ਪ੍ਰਸੰਨ।

ਗੁਰੂ ਰਵਿਦਾਸ ਨੇ ਛੇ ਸਦੀਆਂ ਪਹਿਲਾਂ ਕਿੰਨੇ ਸੁਹਣੇ ਸਮਰੱਥ ਲੋਕ ਰਾਜ, ਸਮਾਜਵਾਦ ਤੇ ਖੁਸ਼ਹਾਲ ਰਾਜ ਦੀ ਕਲਪਨਾ ਕੀਤੀ। ਉਹਨਾਂ ਤੋਂ ਸਦੀਆਂ ਬਾਅਦ ਕਾਰਲ ਮਾਰਕਸ ਦਾ ਸਮਾਜਵਾਦ ਦਾ ਵਿਚਾਰ ਹੋਂਦ ਵਿਚ ਆਇਆ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਵੀ ਜਦੋਂ ਭਾਰਤੀ ਸਮਾਜ ਦਾ ਡੂੰਘਾ ਅਧਿਐਨ ਕੀਤਾ ਤਾਂ ਉਹ ਵੀ ਇਸੇ ਨਤੀਜੇ 'ਤੇ ਪਹੁੰਚੇ ਸਨ ਕਿ ਬ੍ਰਾਹਮਣਵਾਦ ਵੱਲੋਂ ਪੈਦਾ ਕੀਤੇ ਦੁੱਖ ਨਾਲ ਝੰਬੇ ਇਹਨਾਂ ਲੋਕਾਂ ਲਈ ਉਹ ਸੁਖ-ਸੁਵਿਧਾਵਾਂ ਪੈਦਾ ਕੀਤੀਆਂ ਜਾਣ ਤੇ ਇਹਨਾਂ ਦੇ ਉਹ ਮਨੁੱਖੀ ਅਧਿਕਾਰ ਬਹਾਲ ਕਰਵਾਏ ਜਾਣ, ਜਿਹਨਾਂ ਤੋਂ ਇਹਨਾਂ ਲੋਕਾਂ ਨੂੰ ਇਕ ਲੰਮੇ ਸਮੇਂ ਤੋਂ ਜਾਣ-ਬੁੱਝ ਕੇ ਮਹਿਰੂਮ ਕੀਤਾ ਹੋਇਆ ਹੈ।

ਇਸ ਲਈ ਜਦੋਂ ਉਹਨਾਂ ਨੂੰ ਭਾਰਤ ਦਾ ਸੰਵਿਧਾਨ ਲਿਖਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਉਸ ਵੇਲੇ ਇਹਨਾਂ ਲੋਕਾਂ ਲਈ ਕੋਈ 'ਬੇਗਮਪੁਰੇ' ਵਰਗੀ ਹੀ ਕਲਪਨਾ ਕੀਤੀ ਹੋਵੇਗੀ ਕਿਉਂਕਿ ਭਾਰਤੀ ਸੰਵਿਧਾਨ ਦੀ ਰੂਪ-ਰੇਖਾ ਵਿਚ ਬੇਗਮਪੁਰੇ ਦੀ ਛਵੀ ਹੀ ਉਭਰਦੀ ਜਾਪਦੀ ਹੈ। ਬੇਗਮਪੁਰੇ ਵਿਚ ਉਹਨਾਂ ਸਾਰੇ ਮਨੁੱਖੀ ਅਧਿਕਾਰਾਂ ਦੇ ਸਭ ਨੂੰ ਬਰਾਬਰ ਮਿਲਣ ਦੀ ਗੱਲ ਕੀਤੀ ਗਈ ਹੈ ਜੋ ਕਈਆਂ ਤੋਂ ਖੋਹ ਲਏ ਗਏ ਸਨ ਤੇ ਬਾਬਾ ਸਾਹਿਬ ਨੇ ਵੀ ਇਹੀ ਮਨੁੱਖੀ ਅਧਿਕਾਰ ਹਰ ਇਕ ਲਈ ਅਤਿਅੰਤ ਜ਼ਰੂਰੀ ਮੰਨ ਕੇ ਇਹਨਾਂ ਨੂੰ ਸੰਵਿਧਾਨ ਦੇ ਮੁਢਲੇ ਅਧਿਕਾਰਾਂ ਵਿਚ ਸ਼ਾਮਲ ਕਰ ਦਿੱਤਾ ਹੈ। ਸਭ ਨੂੰ ਬਿਨਾਂ ਜਾਤਪਾਤ, ਰੰਗ, ਨਸਲ, ਲਿੰਗ ਭੇਦ ਦੇ ਬਰਾਬਰੀ ਦਾ ਅਧਿਕਾਰ, ਪੜ੍ਹਨ-ਲਿਖਣ ਦਾ ਅਧਿਕਾਰ, ਕੋਈ ਵੀ ਕਿੱਤਾ ਅਪਣਾਉਣ ਦਾ ਅਧਿਕਾਰ, ਸਾਰੇ ਦੇਸ਼ ਵਿਚ ਆਜ਼ਾਦੀ ਨਾਲ ਘੁੰਮਣ-ਫਿਰਨ ਦਾ ਅਧਿਕਾਰ ਆਦਿ ਸਾਰੇ ਇਹ ਗੁਰੂ ਜੀ ਦੇ ਬੇਗਮਪੁਰੇ ਵੱਲ ਹੀ ਤਾਂ ਇਸ਼ਾਰਾ ਕਰ ਰਹੇ ਹਨ। ਜੇ ਇਹਨਾਂ ਅਧਿਕਾਰਾਂ ਨੂੰ ਅੱਜ ਦੇ ਲੋਕ ਰਾਜ ਵਿਚ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਜੋ ਕਿ ਨਹੀਂ ਕੀਤਾ ਜਾ ਰਿਹਾ ਤਾਂ ਇਹ ਇਕ ਆਦਰਸ਼ ਲੋਕ ਰਾਜ ਹੋਵੇਗਾ, ਆਦਰਸ਼ ਸਮਾਜ ਹੋਵੇਗਾ ਤੇ ਆਦਰਸ਼ ਸਮਾਜਵਾਦ ਹੋਵੇਗਾ। ਇਹੀ ਗੁਰੂ ਜੀ ਦਾ ਬੇਗਮਪੁਰਾ ਹੈ, ਜੋ ਬਾਬਾ ਸਾਹਿਬ ਦੇ ਸੰਵਿਧਾਨ ਵਿਚ ਉਲੀਕੇ ਸੰਭਾਵੀ ਲੋਕਰਾਜ ਨਾਲ ਮੇਲ ਖਾਂਦਾ ਹੈ।

ਹੁਣ ਉਸ ਸਦੀਆਂ ਲਤਾੜੇ ਸਮਾਜ ਨੇ ਇਹ ਵੇਖਣਾ ਹੈ, ਲੁੱਟੇ ਪੁੱਟੇ ਤੇ ਲੁੱਟ-ਪੁੱਟ ਰਹੇ ਸਮਾਜ ਨੇ ਵੇਖਣਾ ਹੈ, ਜਾਨਵਰਾਂ ਦੀ ਜੂਨੀ ਭੁਗਤ ਰਹੇ ਲੋਕਾਂ ਨੇ ਵੇਖਣਾ ਹੈ, ਗੈਰ-ਬਰਾਬਰੀ ਤੇ ਭੁੱਖ ਨੰਗ ਨਾਲ ਲੜਦੇ ਆਏ ਤੇ ਲੜ ਰਹੇ ਲੋਕਾਂ ਨੇ ਵੇਖਣਾ ਹੈ ਕਿ ਗੁਰੂ ਰਵਿਦਾਸ ਦਾ ਬੇਗਮਪੁਰਾ ਕਿਵੇਂ ਵਸਾਉਣਾ ਹੈ ਤੇ ਕਦੋਂ ਵਸਾਉਣਾ ਹੈ।

ਡਾ. ਅੰਬੇਡਕਰ ਦੇ ਵਰੋਸਾਏ ਕੁਝ ਸਾਧਨ ਸੰਪੰਨ ਲੋਕਾਂ ਨੇ ਵੀ ਆਪਣੇ ਆਪ ਨੂੰ ਹਲੂਣ ਕੇ ਪੁੱਛਣਾ ਹੈ ਕਿ ਬਾਬਾ ਸਾਹਿਬ ਨੇ ਬੇਗਮਪੁਰਾ ਵਸਾਉਣ ਲਈ ਇਕ ਸੇਧ ਵੀ ਦੇ ਦਿੱਤੀ ਹੈ, ਰਾਹ ਤੇ ਚੱਲਣਾ ਵੀ ਦੱਸ ਦਿੱਤਾ ਹੈ, ਸਾਧਨ ਵੀ ਜੁਟਾ ਦਿੱਤੇ ਹਨ, ਤਮੰਨਾ ਵੀ ਭਰ ਦਿੱਤੀ ਹੈ, ਫਿਰ ਹੁਣ ਕੀ ਵੇਖਣਾ ਬਾਕੀ ਰਹਿ ਗਿਆ ਹੈ? ਬੱਸ ਵੇਖਣਾ ਇਹ ਰਹਿ ਗਿਆ ਹੈ ਕਿ ਹੁਣ ਸਮਾਂ ਕਿੰਨਾ ਲੱਗਦਾ ਹੈ ਕਿ ਇਹ ਪੱਛੜਿਆ ਸਮਾਜ ਆਪਣੇ ਗੁਰੂਆਂ ਅਤੇ ਮਹਾਂਪੁਰਖਾਂ ਦੀ ਆਵਾਜ਼ ਸੁਣੇ ਤੇ ਮੰਨੇ। ਨਹੀਂ ਤਾਂ ਸਮਾਂ ਇੰਤਜ਼ਾਰ ਨਹੀਂ ਕਰਦਾ ਤੇ ਇਤਿਹਾਸ ਵੀ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ।ਪਤਾ ਨਹੀਂ ਫਿਰ ਕਿਹੋ ਜਿਹੇ ਦਿਨ ਆਉਣ, ਕੀ ਸਮਾਂ ਆਵੇ।

# ਇਕੱਲਿਆਂ ਹੋਣਾ ਕਮਜ਼ੋਰੀ ਨਹੀਂ ਤਾਕਤ ਹੈ



ਹਰਪ੍ਰੀਤ ਸਿੰਘ ਬਰਾੜ
ਸਾਬਕਾ ਡੀ ਓ ,174 ਮਿਲਟਰੀ ਹਸਪਤਾਲ
ਮੇਨ ਏਅਰ ਫੋਰਸ ਰੋਡ, ਬਠਿੰਡਾ

ਇਕੱਲੇ ਵਿਅਕਤੀ ਨੂੰ ਕਮਜ਼ੋਰ ਸਮਝਿਆ ਜਾਂਦਾ ਹੈ, ਜਦਕਿ ਅਸਲ ਜ਼ਿੰਦਗੀ 'ਚ ਉਹੀ ਵਿਅਕਤੀ ਸਫਲ ਹੁੰਦਾ ਹੈ, ਜੋ ਇਕੱਲਿਆ ਚੱਲਣ 'ਚ ਵਿਸ਼ਵਾਸ ਕਰਦਾ ਹੈ। ਇਕੱਲੇ ਚੱਲਣ ਦਾ ਸਾਹਸ ਉਹੀ ਵਿਅਕਤੀ ਕਰਦਾ ਹੈ, ਜੋ ਜੋਖਮ ਅਤੇ ਮੁਸੀਬਤਾਂ ਦਾ ਸਾਹਮਣਾ ਕਰਨ ਤੋਂ ਨਹੀਂ ਘਬਰਾਉਂਦਾ। ਜ਼ਿਆਦਾਤਰ ਲੋਕ ਬਣੇ-ਬਣਾਏ ਰਸਤਿਆਂ 'ਤੇ ਭੀੜ ਦੇ ਨਾਲ ਚੱਲਣਾ ਪਸੰਦ ਕਰਦੇ ਹਨ। ਇਹੀ ਕਾਰਨ ਹੈ ਕਿ ਜ਼ਿਆਦਾਤਰ ਲੋਕ ਕੁਝ ਨਵਾਂ ਨਹੀਂ ਕਰ ਪਾਉਂਦੇ। ਜਦੋਂ ਵੀ ਤੁਸੀਂ ਕੁਝ ਨਵਾਂ ਅਤੇ ਬਿਹਤਰ ਕਰ ਰਹੇ ਹੁੰਦੇ ਹੋ ਤਾਂ ਤੁਸੀਂ ਇਕੱਲੇ ਹੁੰਦੇ ਹੋ। ਕਈ ਮਾਇਨਿਆਂ 'ਚ ਇਕੱਲਿਆਂ ਹੋਣਾ ਹੀ ਤੁਹਾਡੀ ਕਾਮਯਾਬੀ ਹੈ। ਹਾਲਾਂਕਿ ਦੁਨੀਆਂ ਇਕੱਲੇ ਆਪਣੀਆਂ ਰਾਹਾਂ 'ਤੇ ਚੱਲਣ ਵਾਲਿਆਂ ਦਾ ਮਜ਼ਾਕ ਵੀ ਬਣਾਉਂਦੀ ਹੈ। ਪਰ ਇਸ ਮਜ਼ਾਕ ਨਾਲ ਆਮ ਆਦਮੀ ਭਾਵੇਂ ਆਪਣਾ ਰਾਹ ਬਦਲ ਲਵੇ, ਪਰ ਜੋ ਆਪਣੇ ਰਾਹ ਨੂੰ ਲੈਕੇ ਦ੍ਰਿੜ੍ਹ ਹਨ ਉਹ ਕਦੇ ਵੀ ਆਪਣੀ ਮੰਜ਼ਿਲ ਤੋਂ ਨਹੀਂ ਭਟਕਦੇ। ਜੋ ਵਿਅਕਤੀ ਦੁਨੀਆਂ ਦੇ ਮਜ਼ਾਕ, ਤਾਨੇ ਅਤੇ



ਵਿਅੰਗਾਂ ਦੀ ਪਰਵਾਹ ਨਾ ਕਰਦੇ ਹੋਏ ਅੱਗੇ ਵਧਦੇ ਚੱਲਦੇ ਹਨ, ਉਹੀ ਇਤਿਹਾਸ ਰਚਦੇ ਹਨ। ਇਹ ਵਿਚਾਰ ਆਉਣਾ ਹੀ ਨਹੀਂ ਚਾਹੀਦਾ ਕਿ ਕੋਈ ਕੰਮ ਇਕੱਲਿਆਂ ਕਰਨ 'ਤੇ ਅਸਫਲਤਾ ਪ੍ਰਾਪਤ ਹੋਵੇਗੀ। ਵਿਅਕਤੀ ਦਾ ਜਨਮ ਵੀ ਤਾਂ ਇਕੱਲਿਆਂ ਹੀ ਹੁੰਦਾ ਹੈ ਅਤੇ ਮੌਤ ਸਮੇਂ ਵੀ ਉਹ ਇਕੱਲਾ ਹੀ ਜਾਂਦਾ ਹੈ। ਹਰ ਵਿਅਕਤੀ ਸੋਚਣ, ਸਮਝਣ, ਵਿਚਾਰ-ਪ੍ਰਕਿਰਿਆ ਅਪਣਾਉਣ ਜਿਹੇ ਕਈ ਮਾਮਲਿਆਂ 'ਚ ਆਪਣੀ ਤਰ੍ਹਾਂ ਇਕੱਲਾ ਹੀ ਹੁੰਦਾ ਹੈ। ਅਜਿਹੇ 'ਚ ਆਪਣੇ ਮੂਲ ਵਿਚਾਰਾਂ ਨੂੰ ਇਕੱਲੇਪਨ ਦੇ ਡਰ ਤੋਂ ਭੀੜ ਦੇ ਨਾਲ ਮਿਲਾ ਲੈਣਾ ਸਹੀ ਨਹੀਂ। ਵਿਅਕਤੀ ਦੇ ਅੰਦਰ ਨਵੇਂ ਵਿਚਾਰ ਅਤੇ ਖੋਜ ਦਾ ਸੰਕਲਪ ਇਕੱਲੇਪਨ 'ਚ ਹੀ ਤਿਆਰ ਹੁੰਦਾ ਹੈ। ਇਹੀ ਕਾਰਨ ਹੈ ਕਿ ਅਕਸਰ ਵਿਗਿਆਨਕ, ਲੇਖਕ ਅਤੇ ਬੁੱਧੀਜੀਵੀ ਵੀ ਇਕੱਲੇ ਕਮਰੇ ਅਤੇ ਇਕਾਂਤ 'ਚ ਹੀ ਆਪਣਾ ਕੰਮ, ਸੋਧ, ਲੇਖਣੀ ਜਾਂ ਵਿਚਾਰਾਂ 'ਤੇ ਕੰਮ ਕਰਨਾ ਪਸੰਦ ਕਰਦੇ ਹਨ। ਇਕੱਲਾ ਵਿਅਕਤੀ ਕਮਜ਼ੋਰ ਨਹੀਂ ਸਗੋਂ ਸਹੀ ਮਾਇਨਿਆਂ 'ਚ ਸ਼ਕਤੀਸ਼ਾਲੀ ਹੁੰਦਾ ਹੈ।

# ਸ਼੍ਰੀ ਗੁਰੂ ਰਵਿਦਾਸ ਮੰਦਿਰ ਸੰਤੋਖਗੜ੍ਹ ਜਿਲ੍ਹਾ ਊਨਾ ਹਿਮਾਚਲ ਪ੍ਰਦੇਸ ਵਿੱਚ ਘਲੂਘਾਰਾ ਦਿਵਸ


ਕੁਲਦੀਪ ਚੰਦ
91-94175-63054

ਭਾਰਤ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਜਾਤ ਅਧਾਰਿਤ ਵਿਤਕਰੇ ਦੀ ਕੁਪ੍ਰਥਾ ਬੇਸ਼ੱਕ ਸਮੇਂ ਦੇ ਨਾਲ ਅਤੇ ਕਨੂੰਨ ਦੀ ਸੱਖਤੀ ਕਾਰਨ ਘੱਟ ਰਹੀ ਹੈ ਪਰ ਮੁਕੰਮਲ ਤੋਰ ਤੇ ਖਤਮ ਨਹੀਂ ਹੋ ਰਹੀ ਹੈ। ਸਮੇਂ ਸਮੇਂ ਤੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਦੀਆਂ ਘਟਨਾਵਾਂ ਮੀਡੀਆ ਦੀਆਂ ਸੁਰੱਖੀਆਂ ਬਣਦੀਆਂ ਹਨ। ਦਲਿਤਾਂ ਨਾਲ ਵਾਪਰ ਰਹੀਆਂ ਸਮਾਜਿਕ, ਧਾਰਮਿਕ, ਆਰਥਿਕ ਅਤਿਆਚਾਰ ਦੀਆਂ ਘਟਨਾਵਾਂ ਕਈ ਵਾਰ ਸੁਣਨ ਅਤੇ ਵੇਖਣ ਨੂੰ ਮਿਲਦੀਆਂ ਹਨ। ਅਜਿਹੀ ਹੀ ਮੰਦਭਾਗੀ ਘਟਨਾ ਹਿਮਾਚਲ ਪ੍ਰਦੇਸ਼ ਦੇ ਜਿਲ੍ਹਾ ਊਨਾ ਦੇ ਕਸਬਾ ਸੰਤੋਖਗੜ੍ਹ ਵਿੱਚ 21-22 ਜਨਵਰੀ ਦੀ ਕੜਾਕੇ ਦੀ ਠੰਡ ਦੀ ਰਾਤ ਨੂੰ ਵਾਪਰੀ ਸੀ ਜਦੋਂ ਪ੍ਰਸ਼ਾਸ਼ਨ ਵਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ ਮੰਦਿਰ ਨੂੰ ਢਹਿ ਢੇਰੀ ਕੀਤਾ ਗਿਆ ਸੀ ਅਤੇ ਇਸਦਾ ਵਿਰੋਧ ਕਰਨ ਵਾਲੇ ਇਲਾਕਾ ਵਾਸੀਆਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਵੱਖ ਵੱਖ ਕੇਸਾਂ ਵਿੱਚ ਅੰਦਰ ਕੀਤਾ ਗਿਆ ਸੀ। ਕਸਬਾ ਸੰਤੋਖਗੜ ਜਿਲ੍ਹਾ ਊਨਾ ਹਿਮਾਚਲ ਪ੍ਰਦੇਸ ਵਿੱਚ 21-22 ਜਨਵਰੀ 2005 ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਤੇ ਅੰਨਾ ਤਸ਼ਦਦ ਕੀਤਾ ਜਿਸਨੂੰ ਯਾਦ ਕਰਕੇ ਹੁਣ ਵੀ ਕਈ ਵਾਰ ਇਲਾਕੇ ਦੇ ਬੱਚੇ ਰਾਤਾਂ ਨੂੰ ਰੋਣ ਲੱਗ ਪੈਂਦੇ ਹਨ। 22 ਜਨਵਰੀ ਨੂੰ ਕੜਕਦੀ ਠੰਡ ਵਿੱਚ ਸਵੇਰੇ ਤੜਕਸਾਰ ਲੱਗਭੱਗ 4 ਵਜੇ ਹੀ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ ਕੀਤੀ ਤਾਂ ਉਨ੍ਹਾਂ ਤੇ ਵੀ ਅੰਨਾ ਤਸ਼ਦਦ ਕੀਤਾ ਗਿਆ। ਸ਼੍ਰੀ ਗੁਰੂ ਰਵਿਦਾਸ ਮਹਾਂ ਸਭਾ ਹਿਮਾਚਲ ਪ੍ਰਦੇਸ਼ ਦੇ ਊਨਾ ਜਿਲ੍ਹਾ ਦੇ ਪ੍ਰਧਾਨ ਵਕੀਲ ਨਰੇਸ਼ ਕੁਮਾਰ ਅਤੇ ਹੋਰ ਆਗੂਆਂ ਬਲਦੇਵ ਚੰਦ ਰਿਟਾਇਰਡ ਤਹਿਸੀਲਦਾਰ, ਸੁਲਿੰਦਰ ਚੋਪੜਾ, ਨਗਰ ਪੰਚਾਇਤ ਮੈਂਬਰ ਰਵੀ ਕਾਂਤ ਬਸੀ, ਸੁਰੇਸ ਵਸਣ, ਬਲਬੀਰ ਬਬਲੂ, ਕਸ਼ਮੀਰੀ ਲਾਲ ਸਿੰਗਾ, ਲੰਬੜਦਾਰ ਬਖਸ਼ੀ ਰਾਮ ਭੱਟੀ ਕੁੰਗੜਤ, ਨਵੀਨ ਮਹੇ, ਜੋੜ ਮੇਲਾ ਕਮੇਟੀ ਆਗੂਆਂ ਚੇਅਰਮੈਨ ਪੀ ਸੀ ਸੰਧੂ, ਪ੍ਰਧਾਨ ਬਲਵੀਰ ਬੱਗਾ, ਸੰਯੋਜਕ ਸ਼ਿੰਗਾਰਾ ਰਾਮ ਸਹੁੰਗੜਾ ਸਾਬਕਾ ਵਿਧਾਇਕ, ਬਲਰਾਮ ਮਹੇ, ਸਾਬਕਾ ਪ੍ਰਧਾਨ ਨਗਰ ਪੰਚਾਇਤ ਨਿਰਮਲਾ ਦੇਵੀ, ਰਾਣੀ ਦੇਵੀ, ਬਚਨੀ ਦੇਵੀ, ਸੱਤਿਆ ਦੇਵੀ, ਅੰਜੂ ਬਾਲਾ, ਕੁਸ਼ਲਿਆ ਦੇਵੀ ਆਦਿ ਨੇ ਦੱਸਿਆ ਕਿ ਕਸਬਾ ਸੰਤੋਖਗੜ੍ਹ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵਲੋਂ ਖਾਲੀ ਪਈ ਥਾਂ ਵਿੱਚ ਅਜਾਦੀ ਤੋਂ ਪਹਿਲਾਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਮਦਿਰ ਬਣਾਇਆ ਗਿਆ ਸੀ। 1952 ਵਿੱਚ ਰਵਿੰਦਰ ਕੁਮਾਰ ਪੁਤੱਰ ਪ੍ਰਮੇਸ਼ਰ ਚੰਦ ਚੱਬਾ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਅਦਾਲਤ ਵਿੱਚ ਕੇਸ ਕਰ ਦਿਤਾ। ਇਸ ਕੇਸ ਵਿੱਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਵਲੋਂ ਵਤਨਾ ਰਾਮ




ਪੁਤੱਰ ਨਿਕੂ ਰਾਮ ਅਦਾਲਤ ਵਿੱਚ ਹਾਜਰ ਹੁੰਦੇ ਸਨ। 21 ਅਪ੍ਰੈਲ 1991 ਨੂੰ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਵਰਗੀ ਬਾਬੂ ਕਾਂਸ਼ੀ ਰਾਮ ਨੇ ਇਸ ਸਥਾਨ ਤੇ ਅਧੁਨਿਕ ਮੰਦਿਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ। ਇਸਤੋਂ ਬਾਦ ਚੱਬਾ ਪਰਿਵਾਰ ਨੇ ਮੰਦਿਰ ਵਾਲੀ ਥਾਂ ਖਾਲੀ ਕਰਵ-ਾਉਣ ਲਈ ਕਨੂੰਨੀ ਕਾਰਵਾਈ ਤੇਜ ਕਰ ਦਿਤੀ। ਇਸ ਮੰਦਿਰ ਦਾ ਕੇਸ ਮਾਣਯੋਗ ਹਾਈ ਕੌਰਟ ਸ਼ਿਮਲਾ ਤੱਕ ਚੱਲਿਆ ਜਿੱਥੇ ਜਗ੍ਹਾ ਖਾਲੀ ਕਰਨ ਦੇ ਹੁਕਮ ਪਾਸ ਹੋਏ। ਮੰਦਿਰ ਕਮੇਟੀ ਆਗੂ ਇਸ ਮਾਮਲੇ ਨੂੰ ਲੈਕੇ ਮਾਣਯੋਗ ਸੁਪਰੀਮ ਕੌਰਟ ਵਿੱਚ ਵੀ ਪੇਸ਼ ਹੋਏ ਪਰੰਤੂ ਉਥੇ ਕੇਸ ਖਾਰਜ ਹੋ ਗਿਆ। 28 ਦਸੰਬਰ 2004 ਨੂੰ ਮਾਣਯੋਗ ਹਿਮਾਚਲ ਹਾਈ ਕੌਰਟ ਦੇ ਜਗ੍ਹਾ ਖਾਲੀ ਕਰਨ ਦੇ ਹੁਕਮਾਂ ਤੋਂ ਬਾਦ ਚੱਬਾ ਪਰਿਵਾਰ ਨੇ ਜਗ੍ਹਾ ਖਾਲੀ ਕਰਵਾਉਣ ਲਈ ਪ੍ਰਸ਼ਾਸ਼ਨਿਕ ਅਧਿਕਾਰੀਆਂ ਤੇ ਦਬਾਅ ਬਣਾਇਆ ਪਰੰਤੂ ਜਦੋਂ ਪ੍ਰਸ਼ਾਸ਼ਨਿਕ ਅਧਿਕਾਰੀ ਇਲਾਕੇ ਦੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕ-ਾਰਾਂ ਦੇ ਇਕੱਠ ਨੂੰ ਵੇਖਕੇ ਵਾਪਸ ਚਲੇ ਗਏ। 22 ਜਨਵਰੀ 2005 ਨੂੰ ਕੜਕਦੀ ਠੰਡ ਵਿੱਚ ਤੜਕਸਾਰ ਜਦੋਂ ਲੋਕ ਅਜੇ ਬਿਸਤਰਿਆਂ ਵਿੱਚ ਹੀ ਸਨ ਪੁਲਿਸ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ ਪਿੰਡ ਵਿੱਚ ਹੱਲਾ ਬੋਲ ਦਿਤਾ ਅਤੇ ਮੰਦਿਰ ਢਹਿ ਢੇਰੀ ਕਰ ਦਿਤਾ। ਮੰਦਿਰ ਬਚਾਉਣ ਲਈ ਰੋਸ ਕਰ ਰਹੇ ਲੋਕਾਂ ਤੇ ਅੰਨਾ ਤਸ਼ਦਦ ਕੀਤਾ ਗਿਆ। ਲੱਗਭੱਗ 100 ਵਿਅਕਤੀਆਂ ਜਿਨ੍ਹਾਂ ਵਿੱਚ 3 ਨਾਬਾਲਿਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਵੱਖ ਵੱਖ ਮਾਮਲਿਆਂ ਅਤੇ ਧਾਰਾਵਾਂ 147, 148, 149, 307, 332, 333, 353 ਅਤੇ 120 ਬੀ ਅਧੀਨ ਗ੍ਰਿਫਤਾਰ ਕਰ ਲਿਆ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਇਲਾਕਿਆਂ ਦੇ 69 ਵਿਅਕਤੀ 22 ਜਨਵਰੀ ਤੋਂ ਲੈਕੇ 26 ਫਰਵਰੀ, 2005 ਤੱਕ ਕੰਡਾ ਜੇਲ, ਊਨਾ ਜੇਲ ਅਤੇ ਸ਼ਿਮਲਾ ਜੇਲ ਵਿੱਚ ਬੰਦ ਰਹੇ, 3 ਨਾਬਾਲਿਗ ਬੱਚਿਆਂ ਜਤਿੰਦਰ ਕੁਮਾਰ, ਅਮ੍ਰਿਤ ਲਾਲ, ਸੁਰੇਸ਼ ਕੁਮਾਰ ਨੂੰ 22 ਜਨਵਰੀ ਤੋਂ 27 ਜਨਵਰੀ ਤੱਕ ਪੁਲਿਸ ਨੇ ਹਿਰਾਸਤ ਵਿੱਚ ਰੱਖਿਆ। 22 ਮਹਿਲਾਵਾਂ ਨੂੰ 22 ਜਨਵਰੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਅਤੇ 23 ਜਨਵਰੀ 2005 ਨੂੰ ਜਮਾਨਤ ਤੇ ਰਿਹਾ ਕੀਤਾ। ਜੋਲੀ ਰਾਮ, ਬਚਨ ਚੰਦ, ਦਾਸ ਰਾਮ, ਸ਼੍ਰੀਮਤੀ ਬਿੰਦੋ ਦੇਵੀ, ਸ਼੍ਰੀਮਤੀ ਵਿਦਿਆ ਦੇਵੀ ਨੂੰ ਮਾਣਯੋਗ ਹਾਈ ਕੌਰਟ ਸ਼ਿਮਲਾ ਤੋਂ ਜਮਾਨਤ ਮਿਲੀ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈਕੇ ਇਲਾਕੇ ਦੇ ਦਲਿਤਾਂ ਨੇ ਭਾਰੀ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿਤਾ ਅਤੇ ਊਨਾ ਵਿੱਚ ਲਗਾਤਾਰ ਰੋਸ ਮੁਜਾਹਰਾ ਕੀਤਾ ਜਿਸ ਵਿੱਚ ਬਲਬੀਰ ਬੱਗਾ, ਹਰੀ ਚੰਦ ਸੰਧੂ, ਪ੍ਰੀਤਮ ਚੰਦ ਸੰਧੂ, ਡਾਕਟਰ ਕੇ ਆਰ ਆਰਿਆ, ਬਲਵੰਤ ਕੁਮਾਰ, ਬਾਬਾ ਸੰਤੋਖ ਦਾਸ, ਸੰਤ ਰਵਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸਮਾਜ, ਅਮਰੀਕ ਦੇਹਲਾਂ ਆਦਿ ਨੇ ਅਗਵਾਈ ਕੀਤੀ ਅਤੇ ਸਰਕਾਰ ਨੂੰ ਗ੍ਰਿਫਤਾਰ ਵਿਅਕਤੀਆਂ ਨੂੰ ਛੱਡਣ ਲਈ ਮਜ਼ਬੂਰ ਕਰ ਦਿਤਾ। ਇਸ ਮਾਮਲੇ ਸਬੰਧੀ 09 ਅਪ੍ਰੈਲ 2005 ਨੂੰ ਬੀ ਐਸ ਪੀ ਰਾਸ਼ਟਰੀ ਪ੍ਰਧਾਨ ਮਾਇਆਵਤੀ ਨੇ ਵੀ ਊਨਾ ਵਿੱਚ ਰੋਸ ਰੈਲੀ ਕੀਤੀ ਤੇ ਸਰਕਾਰ ਤੇ ਦਬਾਅ ਬਣਾਇਆ। ਅਖੀਰ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਸਰਕਾਰ ਨੇ ਪੁਲਿਸ ਚੌਂਕੀ ਵਾਲੀ ਥਾਂ ਮੰਦਿਰ ਕਮੇਟੀ ਨੂੰ ਦੇ ਦਿਤੀ ਅਤੇ 4 ਜੂਨ 2005 ਨੂੰ ਇਸ ਮੋਜੂਦਾ ਮੰਦਿਰ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿੱਚ ਹਿਮਾਚਲ ਪ੍ਰਦੇਸ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਅਪਣੇ ਹੋਰ ਮੰਤਰੀਆਂ ਨਾਲ ਵਿਸ਼ੇਸ਼ ਰੂਪ ਵਿੱਚ ਪਹੁੰਚੇ।

# ਲੜਕੀਆਂ 'ਤੇ ਵੱਧ ਰਹੇ ਅਪਰਾਧ ਸਮਾਜ ਅਤੇ ਦੇਸ਼ ਲਈ ਖਤਰਨਾਕ ਹਨ

24 ਜਨਵਰੀ, 2019 ਨੂੰ ਦੇਸ਼ ਵਿੱਚ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾ ਰਿਹਾ ਹੈ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2009 ਤੋਂ ਸ਼ੁਰੂ ਕੀਤੀ ਗਈ। ਸਰਕਾਰ ਨੇ ਇਸਦੀ ਸ਼ੁਰੂਆਤ 24 ਜਨਵਰੀ ਤੋਂ ਕੀਤੀ ਕਿਉਂਕਿ ਇਸ ਦਿਨ ਹੀ 24 ਜਨਵਰੀ 1966 ਨੂੰ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਇਸ ਮੌਕੇ ਤੇ ਸਰਕਾਰ ਵੱਲੋਂ ਕਈ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਮਹਿਲਾ ਅਤੇ ਬਾਲ ਵਿਕਾਸ ਵਿਭਾਗ ਆਪਣੇ ਪੱਧਰ ਤੇ ਸਮਾਜ ਵਿੱਚ ਬਾਲ ਕੰਨਿਆਵਾਂ ਨੂੰ ਉਹਨਾਂ ਦੇ ਅਧਿਕਾਰਾਂ ਦੇ ਪ੍ਰਤੀ ਜਾਗਰੂਕ ਬਣਾਉਣ ਦੇ ਲਈ ਪ੍ਰੋਗਰਾਮ ਕਰਦਾ ਹੈ। ਭਾਵੇਂ ਅਸੀਂ 21 ਸਦੀ ਵਿੱਚ ਪਹੁੰਚ ਗਏ ਹਾਂ ਪਰ ਅੱਜ ਵੀ ਕੁੜੀਆਂ ਬਾਰੇ ਸਾਡੀ ਸੋਚ ਸਦੀਆਂ ਪੁਰਾਣੀ ਹੈ। ਅੱਜ ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ। ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ। ਬੱਚੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ ਅਤੇ ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚਕੇ ਖਾ ਰਹੇ ਹਨ। ਸਾਡੇ ਦੇਸ਼ ਵਿੱਚ ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਇਸੇ ਤਰਾਂ ਹੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਵੀ ਕੁੜੀਆਂ ਨਾਲ ਅਕਸਰ ਵਿਤਕਰਾ ਕੀਤਾ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ, ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਪੱਖਪਾਤ ਕੀਤਾ ਜਾਂਦਾ ਹੈ। ਬਾਲ ਵਿਆਹ ਦੀ ਕੁਪ੍ਰਥਾ ਜੋਕਿ ਸੱਖਤ ਕਨੂੰਨ ਹੋਣ ਦੇ ਬਾਬਜੂਦ ਕਾਇਮ ਹੈ ਸਾਡੇ ਸਮਾਜ ਨੂੰ ਕਲੰਕਿਤ ਕਰ ਰਹੀ ਹੈ। ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਾ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਬਹੁਤੇ ਘਰਾਂ ਦਾ ਮਾਹੌਲ ਸੋਗਮਈ ਹੋ ਜਾਂਦਾ ਹੈ। ਭਾਰਤ ਵਿੱਚ ਜੇਕਰ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਸ਼ਵ ਵਿੱਚ ਚੀਨ ਤੋਂ ਬਾਅਦ ਇਕ ਅਰਬ ਦੀ ਆਬਾਦੀ ਪਾਰ ਕਰਨ ਵਾਲਾ ਦੂਜਾ ਦੇਸ਼ ਬਣ ਗਿਆ ਹੈ। ਦੇਸ਼ ਦੀ ਆਬਾਦੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੇ ਅਤੇ 2011 ਦੀ ਜਨਗਣਨਾ ਅਨੁਸਾਰ ਦੇਸ਼ ਦੀ ਅਬਾਦੀ 1.03 ਅਰਬ ਤੋਂ ਵਧਕੇ ਲੱਗਭੱਗ 1.21 ਅਰਬ ਹੋ ਗਈ ਹੈ ਪਰ ਜੇਕਰ ਕੁਝ ਘਟਿਆ ਹੈ ਤਾਂ ਉਹ ਹੈ 0-6 ਸਾਲ ਦਾ ਬਾਲ ਲਿੰਗ ਅਨੁਪਾਤ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2001 ਵਿੱਚ ਘੱਟ ਕੇ 927 ਰਹਿ ਗਈਆਂ ਸਨ ਅਤੇ 2011 ਵਿੱਚ ਹੋਰ ਘਟਕੇ 914 ਰਹਿ ਗਈਆਂ ਹਨ। ਜੇਕਰ ਦੇਸ਼ ਦੇ ਕੁੱਝ ਰਾਜਾਂ ਦੀ ਗੱਲ ਕਰੀਏ ਤਾਂ ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਹ ਗਿਣਤੀ 867, ਹਰਿਆਣਾ ਵਿੱਚ ਇਨ੍ਹਾਂ ਦੀ ਗਿਣਤੀ 830, ਹਿਮਾਚਲ ਪ੍ਰਦੇਸ਼ ਵਿੱਚ ਇਹ ਗਿਣਤੀ ਘੱਟ ਕੇ 906, ਜੰਮੂ ਕਸ਼ਮੀਰ ਵਿੱਚ ਇਹ ਗਿਣਤੀ 859 ਰਹਿ ਗਈ ਹੈ। ਅਧੁਨਿਕ ਤਕਨਾਲੋਜੀ ਦਾ ਸਹਾਰਾ ਲੈਕੇ ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ। 'ਸੈਂਟਰ ਫਾਰ ਸ਼ੋਸ਼ਲ ਰਿਸਰਚ' ਸੰਸਥਾ ਅਨੁਸਾਰ ਬੀਤੇ 20 ਸਾਲਾਂ ਵਿੱਚ ਭਾਰਤ ਵਿੱਚ ਲਿੰਗ ਅਧਾਰਿਤ ਗਰਭ ਵਿੱਚ ਬੱਚਾ ਖਤਮ ਕਰਨ ਦੇ ਕਾਰਨ ਇੱਕ ਕਰੋੜ ਤੋਂ ਵੱਧ ਬੱਚੀਆਂ ਜਨਮ ਹੀ ਨਹੀਂ ਲੈ ਸਕੀਆਂ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। ਦਿੱਲੀ ਦੀ ਇੱਕ ਗੈਰ ਸਰਕਾਰੀ ਸੰਸਥਾ ਨੇ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸਰੀਰਕ ਛੇੜਖਾਨੀ ਕੀਤੀ ਗਈ। ਹਰ ਰੋਜ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਸਰਕਾਰ ਵਲੋਂ ਬੱਚਿਆਂ ਨੂੰ ਯੋਨ ਸ਼ੋਸ਼ਣ ਤੋਂ ਬਚਾਉਣ ਲਈ ਲਾਗੂ ਕੀਤੇ ਗਏ ਵਿਸੇਸ ਕਨੂੰਨ ਪੋਸਕੋ ਐਕਟ 2012 ਅਧੀਨ 45498 ਕੇਸ ਰਜਿਸਟਰਡ ਕੀਤੇ ਗਏ ਹਨ, 40379 ਕੇਸਾਂ ਵਿੱਚ ਚਾਰਜ਼ਸ਼ੀਟ ਫਾਇਲ ਹੋਈ ਅਤੇ 4387 ਕੇਸ ਖਤਮ ਕੀਤੇ ਗਏ ਹਨ। ਸਿਰਫ 2888 ਮਾਮਲਿਆਂ ਵਿੱਚ ਦੋਸ਼ ਸਾਬਤ ਹੋਏ ਹਨ ਅਤੇ 1499 ਦੋਸ਼ੀਆਂ ਨੂੰ ਹੀ ਸਜ਼ਾ ਹੋਈ ਹੈ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਨੋਜਵਾਨ ਲੜਕੀਆਂ ਵਿਚੋਂ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਅੱਜ ਪੰਜਾਬ ਵਰਗੇ ਵਿਕਸਿਤ ਸੂਬੇ ਨੂੰ ਕੁੜੀਮਾਰ ਦਾ ਨਾਮ ਦਿਤਾ ਜਾਂਦਾ ਹੈ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ। ਲੜਕੀਆਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਬਜੂਦ ਲੜਕੀਆਂ ਨਾਲ ਪੱਖਪਾਤ ਤੇ ਅਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੇ ਹਨ। ਹਾਲਾਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਕਨੂੰਨ ਦੇ ਰਾਖੇ ਵੀ ਇਨ੍ਹਾਂ ਅਪਰਾਧਾਂ ਵਿੱਚ ਦੋਸ਼ੀ ਹੁੰਦੇ ਹਨ। ਲੜਕੀਆਂ ਬੇਸ਼ੱਕ ਜੀਵਨ ਦੇ ਹਰੇਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਭਾਵੇਂ ਉਹ ਖੇਤਰ ਖੇਡਾਂ, ਰਾਜਨੀਤੀ, ਘਰ ਹੋਵੇ ਜਾਂ ਉਦਯੋਗ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ। ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਕੰਨਿਆ ਜਨਮ ਦਰ ਵਿੱਚ ਵਾਧਾ ਹੋਵੇਗਾ ਅਤੇ ਬੱਚੀਆਂ ਸੁਰੱਖਿਅਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੀ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣਗੇ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਲ ਜਿਨ੍ਹਾ ਵਿੱਚ ਪੀਸੀਪੀਐਨਡੀਟੀ ਐਕਟ 1994, ਪੋਸਕੋ ਐਕਟ 2012, ਸਬਲਾ, ਸੁਕੰਨਿਆ ਸਮਰਿਧੀ ਯੋਜਨਾ, ਪ੍ਰਧਾਨ ਮੰਤਰੀ ਸੁਖਿੱਅਤ ਮਾਤਰਤਵ ਯੋਜਨਾ, ਜਨਨੀ ਸੁਰਖਿੱਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਬੇਟੀ ਬਚਾਓ ਬੇਟੀ ਯੋਜਨਾ ਆਦਿ ਹਨ ਪਰ ਇਸ ਸਭਦੇ ਬਾਬਜੂਦ ਲੜਕੀਆਂ ਦੀ ਹਾਲਤ ਵਿੱਚ ਖਾਸ ਸੁਧਾਰ ਨਹੀਂ ਹੋ ਰਹੇ ਹਨ।




ਜੇਕਰ ਅਸੀਂ ਅਸਲ ਵਿੱਚ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਸਭ ਤੋਂ ਜ਼ਿਆਦਾ ਲੜਕੀਆਂ ਦੀ ਜਾਗਰੂਕਤਾ ਜਰੂਰੀ ਹੈ। ਸਿੱਖਿਆ ਢਾਂਚਾ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਕੁੜੀ-ਮੁੰਡੇ ਦੇ ਵਿੱਚ ਕਿਸੇ ਭੇਦਭਾਵ ਦਾ ਅਹਿਸਾਸ ਨਾ ਹੋਵੇ। ਉਹ ਇੱਕ ਦੂਜੇ ਨੂੰ ਬਰਾਬਰ ਸਮਝਣ। ਦੇਸ ਦੇ ਨੀਤੀ ਨਿਰਮਾਤਾਵਾਂ ਨੂੰ ਲੜਕੀਆਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਇਸ ਦਿਨ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ।

**- ਕੁਲਦੀਪ ਚੰਦ**

ਅੰਗ-ਸੰਗ



ਸ਼ਾਮ ਸਿੰਘ
98141-13338

# ਪਰਖ ਦੀਆਂ ਘੜੀਆਂ

**ਭਾਰਤੀਆਂ ਨੂੰ ਹੁਣ ਪਾਰਟੀਆਂ ਬਾਰੇ ਬਹੁਤਾ ਨਾ ਸੋਚ ਕੇ ਉਹ ਸਿਆਸਤ ਅਪਣਾਉਣੀ ਚਾਹੀਦੀ ਹੈ, ਜਿਹੜੀ ਉਨ੍ਹਾਂ ਦੇ ਆਪਣੇ ਹਿੱਤ ਵਿੱਚ ਹੋਵੇ ਅਤੇ ਮੁਲਕ ਨੂੰ ਵਿਕਾਸ ਵੱਲ ਤੋਰਨ ਦੇ ਸਮਰੱਥ ਹੋਵੇ। ਸਭ ਭਾਰਤੀ ਇਹੋ ਚਾਹੁੰਦੇ ਹੋਣਗੇ ਕਿ ਹਰੇਕ ਦਾ ਜੀਵਨ ਸਹੂਲਤਾਂ ਕਾਰਨ ਖੁਸ਼ੀਆਂ ਨਾਲ ਭਰਿਆ ਹੋਵੇ ਅਤੇ ਚਿੰਤਾ-ਮੁਕਤ ਅਤੇ ਖੁਸ਼ਹਾਲ ਹੋਵੇ। ਜੇ ਲੋਕਾਂ ਨੇ ਆਪਣੇ ਹਿੱਤਾਂ ਅਤੇ ਦੇਸ਼ ਦੇ ਵਿਕਾਸ ਬਾਰੇ ਰੁਝਾਨ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਤਾਂ ਸਿਆਸਤਦਾਨਾਂ ਨੂੰ ਕਨਸੋਅ ਹੋ ਜਾਵੇਗੀ ਕਿ ਲੋਕ ਹੁਣ ਪਹਿਲਾਂ ਵਾਂਗ ਅੱਖਾਂ ਮੀਚ ਕੇ ਹੱਕ ਵਿੱਚ ਨਹੀਂ ਭੁਗਤਣਗੇ, ਸਗੋਂ ਆਪਣੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦੀ ਸ਼ਰਤ ਰੱਖਣ ਲੱਗਣਗੇ।**

ਜਦ ਵੀ ਪਰਖ ਦਾ ਵੇਲਾ ਹੋਵੇ ਤਾਂ ਹਰੇਕ ਨੂੰ ਜਾਗਣ ਦੀ ਵੀ ਜ਼ਰੂਰਤ ਹੈ ਅਤੇ ਸੁਚੇਤ ਹੋਣ ਦੀ ਵੀ, ਵਕਤ ਦੇ ਚਿਹਰਿਆਂ ਨੂੰ ਗਹਿਰਾਈ ਨਾਲ ਪੜ੍ਹੇ ਜਾਣ ਦੀ ਲੋੜ ਵੀ ਹੈ ਅਤੇ ਇਸ ਦੇ ਬਦਲਦੇ ਤੇਵਰਾਂ ਨੂੰ ਵੀ। ਪਰਖ ਹਰੇਕ ਦੀ ਹੋਣੀ ਹੁੰਦੀ ਹੈ, ਇਸ ਤੋਂ ਕੋਈ ਨਹੀਂ ਬਚ ਸਕਦਾ। ਭਾਵੇਂ ਕੋਈ ਜਿੰਨਾ ਮਰਜ਼ੀ ਚੀਖਦਾ-ਪੁਕਾਰਦਾ ਰਹੇ, ਪਰ ਇਮਤਿਹਾਨ ਤੋਂ ਬਚ ਕੇ ਲੰਘਣਾ ਕਿਸੇ ਦੇ ਵੱਸ ਦੀ ਗੱਲ ਨਹੀਂ।

ਪਰਖ ਜਦ ਵੀ ਹੋਵੇ ਡਰ ਅਤੇ ਘਬਰਾਹਟ ਨੂੰ ਨੇੜੇ ਨਹੀਂ ਫਟਕਣ ਦੇਣਾ ਚਾਹੀਦਾ, ਸਗੋਂ ਚੜ੍ਹਦੀ ਕਲਾ 'ਤੇ ਸਵਾਰ ਹੋਣ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਆਸਾਨੀ ਨਾਲ ਅੱਗੇ ਵਧਣ ਲਈ ਰਾਹ ਲੱਭੇ ਜਾ ਸਕਣ। ਅਜਿਹਾ ਤਾਂ ਹੀ ਸੰਭਵ ਹੈ, ਜੇ ਸੋਚ ਸਫਰ ਦੀ ਥਕਾਵਟ ਵੱਲ ਨਾ ਹੋਵੇ, ਸਗੋਂ ਟੀਚੇ ਜਾਂ ਮਿੱਥੇ ਹੋਏ ਨਿਸ਼ਾਨੇ ਵੱਲ ਹੋਵੇ। ਇਸ ਤਰ੍ਹਾਂ ਹੋਣ ਨਾਲ ਪਰਖ ਦੀਆਂ ਘੜੀਆਂ ਨਾ ਤਾਂ ਬੋਝ ਲੱਗਦੀਆਂ ਹਨ ਅਤੇ ਨਾ ਹੀ ਤਕਲੀਫ਼ਾਂ ਦਾ ਜੰਜਾਲ।

ਦੁਨੀਆ ਭਰ ਦੇ ਲੋਕਾਂ ਦੀ ਪਰਖ ਅਕਸਰ ਹੀ ਹੁੰਦੀ ਰਹਿੰਦੀ ਹੈ, ਜਿਸ ਦਾ ਸਾਹਮਣਾ ਹਰ ਕੋਈ ਆਪਣੀ ਸਮਰੱਥਾ ਅਨੁਸਾਰ ਵੀ ਕਰਦਾ ਹੈ ਅਤੇ ਢੰਗਾਂ ਨਾਲ ਵੀ। ਇਹ ਢੰਗ-ਤਰੀਕੇ ਹਰ ਥਾਂ ਵੱਖੋ-ਵੱਖਰੇ ਵੀ ਹੁੰਦੇ ਹਨ ਅਤੇ ਕਈ ਵਾਰ ਅਚੰਭੇ ਵਾਲੇ ਵੀ। ਪਰਖ ਦੀਆਂ ਘੜੀਆਂ ਦਾ ਸਾਹਮਣਾ ਕਰਦਿਆਂ ਕਈ ਵਾਰ ਲਾਭ ਹੁੰਦੇ ਹਨ ਅਤੇ ਕਈ ਵਾਰ ਤਾਂ ਬਹੁਤ ਵੱਡੇ ਨੁਕਸਾਨ।

ਭਾਰਤ ਦੇ ਲੋਕਾਂ ਲਈ ਤਾਂ ਘੜੀ-ਘੜੀ ਪਰਖ ਦੀਆਂ ਘੜੀਆਂ ਆਉਂਦੀਆਂ ਰਹਿੰਦੀਆਂ ਹਨ। ਕਿਉਂਕਿ ਇਮਤਿਹਾਨ ਹੀ ਏਨੇ ਹੁੰਦੇ ਰਹਿੰਦੇ ਹਨ, ਜਿਨ੍ਹਾਂ ਦੀ ਗਿਣਤੀ ਕਰਨੀ ਆਸਾਨ ਕੰਮ ਨਹੀਂ। ਫੇਰ ਵੀ ਬਲਿਹਾਰੇ ਜਾਈਏ ਭਾਰਤੀਆਂ ਦੇ, ਜਿਹੜੇ ਕਈ ਵਾਰ ਏਨੀ ਕਮਾਲ ਕਰਦੇ ਹਨ ਕਿ ਖੱਬੀ ਖਾਨ ਸਰਕਾਰਾਂ ਨੂੰ ਉਲਟਾ ਮਾਰਦੀਆਂ ਤੇ ਦੂਜੀ ਵਾਰ ਰਾਹ ਨਹੀਂ ਲੱਭਣ ਦਿੰਦੀਆਂ।

ਪਿਛਲੇ ਕਾਫ਼ੀ ਅਰਸੇ ਤੋਂ ਭਾਰਤ ਦਹਿਸ਼ਤ ਦੇ ਸ਼ਿਕੰਜੇ ਵਿੱਚ ਫਸਿਆ ਹੋਇਆ ਹੈ, ਜਿਸ 'ਚੋਂ ਨਿਕਲਣ ਬਾਰੇ ਜੇ ਨਾ ਸੋਚਿਆ ਗਿਆ ਤਾਂ ਚੰਗੇ ਭਵਿੱਖ ਦੀ ਆਸ ਨਹੀਂ ਕੀਤੀ ਜਾ ਸਕਦੀ। ਜੇ ਭਵਿੱਖ ਵਿੱਚ ਚੰਗੇ ਦਿਨਾਂ ਦੀ ਉਮੀਦ ਰੱਖਣੀ ਹੈ ਤਾਂ ਨਵੀਆਂ ਕਲਾ-ਜੁਗਤਾਂ ਨਾਲ ਸੋਚ ਕੇ ਉਹ ਨਵੇਂ ਪੈਂਤੜੇ ਲੈਣੇ ਪੈਣਗੇ, ਜਿਹੜੇ ਹੰਕਾਰੀਆਂ ਨੂੰ ਸਬਕ ਸਿਖਾ ਸਕਣ।

ਹੁਣ ਭਾਰਤੀਆਂ ਨੂੰ ਇਹ ਸੋਚਣਾ ਪੈਣਾ ਹੈ ਕਿ ਉਨ੍ਹਾਂ ਦਹਿਸ਼ਤਜ਼ਦਾ ਮਾਹੌਲ ਵਿੱਚ ਰਹਿਣ ਨੂੰ ਤਰਜੀਹ ਦੇਣੀ ਹੈ ਜਾਂ ਫਿਰ ਡਰ-ਰਹਿਤ ਆਜ਼ਾਦ ਫਿਜ਼ਾ ਨੂੰ ਸਿਰਜਣ ਦੀ। ਫ਼ਿਰਕਾਪ੍ਰਸਤੀ ਦੀਆਂ ਅਦਾਵਾਂ ਵਿੱਚ ਰਹਿਣਾ ਹੈ ਜਾਂ ਫਿਰ ਜ਼ਹਿਰੀਲੀਆਂ ਹਵਾਵਾਂ ਵਿੱਚ। ਜਾਪਦਾ ਹੈ ਕਿ ਭਾਰਤੀ ਅਣਖ 'ਤੇ ਸਵਾਰ ਹੋ ਕੇ ਨਵੇਂਪਨ ਨੂੰ ਆਵਾਜ਼ ਦੇਣਗੇ।

ਬੇਰੁਜ਼ਗਾਰ ਲੋਕ, ਭੁੱਖਾਂ ਮਾਰੇ ਲੋਕ, ਕਰਜ਼ਿਆਂ ਦੀ ਮਾਰ ਹੇਠ ਆਏ ਕਿਸਾਨ-ਮਜ਼ਦੂਰ ਅਤੇ ਸਾਰਾ ਦਿਨ ਪਸੀਨਾ ਵਹਾ ਕੇ ਦੋ ਡੰਗ ਦੀ ਰੋਟੀ ਵਾਸਤੇ ਤਰਸਦੇ ਲੋਕ ਜ਼ਰੂਰ ਮੁਲਕ ਦੇ ਹਾਲਾਤ ਨੂੰ ਜਾਣ ਕੇ ਪੜ੍ਹ ਕੇ ਅਜਿਹੇ ਕਦਮ ਉਠਾਉਣ ਦੇ ਯਤਨ ਕਰਨਗੇ, ਜਿਹੜੇ ਹਾਕਮਾਂ ਨੂੰ ਬਦਲ ਕੇ ਰੱਖ ਦੇਣਗੇ। ਅਜਿਹਾ ਕੀਤੇ ਬਿਨਾਂ ਹਾਲਾਤ ਨਹੀਂ ਸੁਧਰਨੇ।



ਬੀ. ਐੱਸ. ਬੀਰ

ਪੰਜ ਸਾਲਾਂ ਪਿੱਛੋਂ ਵਕਤ ਆ ਰਿਹਾ ਜਦ ਦੇਸ਼ ਦੇ ਰੁਝਾਨ ਬਦਲੇ ਜਾ ਸਕਦੇ ਹਨ ਅਤੇ ਰਾਜ-ਭਾਗ ਦੇ ਤੌਰ-ਤਰੀਕੇ ਲੋਕ ਪੱਖੀ ਕੀਤੇ ਜਾ ਸਕਦੇ ਹਨ ਤਾਂ ਜੋ ਲੋਕਾਂ ਦੀ ਜੀਵਨ-ਪੱਧਰ ਵਿੱਚ ਉਹ ਵੱਡੀ ਤਬਦੀਲੀ ਲਿਆਂਦੀ ਜਾ ਸਕੇ, ਜਿਹੜੀ ਵਰ੍ਹਿਆਂ-ਵਰ੍ਹਿਆਂ ਤੋਂ ਨਹੀਂ ਆ ਸਕੀ। ਕਿਉਂ ਨਾ ਸਭ ਦਾ ਜੀਵਨ-ਪੱਧਰ ਇਕੋ ਜਿਹਾ ਹੀ ਹੋਵੇ।

ਭਾਰਤੀਆਂ ਨੂੰ ਹੁਣ ਪਾਰਟੀਆਂ ਬਾਰੇ ਬਹੁਤਾ ਨਾ ਸੋਚ ਕੇ ਉਹ ਸਿਆਸਤ ਅਪਣਾਉਣੀ ਚਾਹੀਦੀ ਹੈ, ਜਿਹੜੀ ਉਨ੍ਹਾਂ ਦੇ ਆਪਣੇ ਹਿੱਤ ਵਿੱਚ ਹੋਵੇ ਅਤੇ ਮੁਲਕ ਨੂੰ ਵਿਕਾਸ ਵੱਲ ਤੋਰਨ ਦੇ ਸਮਰੱਥ ਹੋਵੇ। ਸਭ ਭਾਰਤੀ ਇਹੋ ਚਾਹੁੰਦੇ ਹੋਣਗੇ ਕਿ ਹਰੇਕ ਦਾ ਜੀਵਨ ਸਹੂਲਤਾਂ ਕਾਰਨ ਖੁਸ਼ੀਆਂ ਨਾਲ ਭਰਿਆ ਹੋਵੇ ਅਤੇ ਚਿੰਤਾ-ਮੁਕਤ ਅਤੇ ਖੁਸ਼ਹਾਲ ਹੋਵੇ।

ਜੇ ਲੋਕਾਂ ਨੇ ਆਪਣੇ ਹਿੱਤਾਂ ਅਤੇ ਦੇਸ਼ ਦੇ ਵਿਕਾਸ ਬਾਰੇ ਰੁਝਾਨ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਤਾਂ ਸਿਆਸਤਦਾਨਾਂ ਨੂੰ ਕਨਸੋਅ ਹੋ ਜਾਵੇਗੀ ਕਿ ਲੋਕ ਹੁਣ ਪਹਿਲਾਂ ਵਾਂਗ ਅੱਖਾਂ ਮੀਚ ਕੇ ਹੱਕ ਵਿੱਚ ਨਹੀਂ ਭੁਗਤਣਗੇ, ਸਗੋਂ ਆਪਣੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦੀ ਸ਼ਰਤ ਰੱਖਣ ਲੱਗਣਗੇ।

ਹਰ ਪੰਜ ਸਾਲ ਪਿੱਛੋਂ ਆਉਂਦੀ ਪਰਖ ਦੀ ਘੜੀ 'ਤੇ ਪੂਰੇ ਉਤਰਨ ਦਾ ਅਭਿਆਸ ਭਾਰਤੀ ਕਰਨ ਲੱਗ ਪਏ ਤਾਂ ਰਾਜਨੀਤੀਵਾਨਾਂ ਨੂੰ ਸਬਕ ਸਿੱਖਣ ਲਈ ਮਿਹਨਤ ਵੀ ਕਰਨੀ ਪਵੇਗੀ ਅਤੇ ਇਸ ਲਈ ਤਿਆਰ ਵੀ ਰਹਿਣਾ ਪਵੇਗਾ। ਅਜਿਹਾ ਹੋਣ ਲੱਗ ਪਿਆ ਤਾਂ ਭਾਰਤ ਮੁੜ ਸੋਨੇ ਦੀ ਚਿੜੀ ਦਾ ਰੂਪ ਧਾਰਨ ਵੱਲ ਵਧ ਪਵੇਗਾ।

ਸਿਆਸਤਦਾਨਾਂ ਨੇ ਪੂਰੇ ਦੇਸ਼ ਵਿੱਚ ਵੱਡਾ ਘਮਸਾਣ ਪੈਦਾ ਕੀਤਾ ਹੋਇਆ ਹੈ ਅਤੇ ਸੌਦੇਬਾਜ਼ੀਆਂ ਪੂਰੇ ਜ਼ੋਰਾਂ 'ਤੇ ਹਨ, ਜਿਨ੍ਹਾਂ ਦਾ ਮਕਸਦ ਗੱਦੀਆਂ ਪ੍ਰਾਪਤ ਕਰਨਾ ਹੀ ਹੋਵੇਗਾ। ਚੰਗਾ ਹੋਵੇ ਜੇ ਗੱਦੀਆਂ ਉਨ੍ਹਾਂ ਨੂੰ ਮਿਲਣ, ਜਿਹੜੇ ਮੁਲਕ ਨੂੰ ਅਗਾਂਹ ਲਿਜਾਣ ਬਾਰੇ ਵੀ ਸੋਚਦੇ ਹੋਣ ਅਤੇ ਲੋਕਾਂ ਨੂੰ ਵੀ।

ਪਰਖ ਦੀਆਂ ਘੜੀਆਂ ਪਹਿਲਾਂ ਵੀ ਕਈ ਵਾਰ ਆਈਆਂ ਅਤੇ ਭਾਰਤੀਆਂ ਨੇ ਉਨ੍ਹਾਂ ਤਾਨਾਸ਼ਾਹ ਹਾਕਮਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ, ਜਿਨ੍ਹਾਂ ਮਨਮਰਜ਼ੀਆਂ ਚਲਾ ਕੇ ਦੇਸ਼ ਨੂੰ ਪਿਛਾਂਹ ਵੱਲ ਤੋਰਿਆ ਅਤੇ ਲੋਕਾਂ ਦੀ ਪਰਵਾਹ ਨਹੀਂ ਕੀਤੀ। ਹਾਕਮਾਂ ਨੂੰ ਕੰਨ ਹੋ ਗਏ ਅਤੇ ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਵੱਲ ਵੀ ਧਿਆਨ ਦਿੱਤਾ।

ਹੁਣ ਜੇ ਭਾਰਤੀ ਵੋਟਰਾਂ ਨੇ ਪਰਖ ਦੀਆਂ ਘੜੀਆਂ ਵੇਲੇ ਸਿਆਸਤਦਾਨਾਂ ਦੇ ਤੇਵਰਾਂ ਨੂੰ ਨਾ ਪਛਾਣਿਆ ਅਤੇ ਸਹੀ ਰਾਜਨੀਤਕ ਪਾਰਟੀਆਂ ਨੂੰ ਵੋਟ ਨਾ ਪਾਈ ਤਾਂ ਪੂਰੇ ਮੁਲਕ ਦੇ ਲੋਕਾਂ ਨੂੰ 5 ਸਾਲ ਪਛਤਾਉਣਾ ਪਵੇਗਾ। ਜ਼ਰੂਰੀ ਹੈ ਕਿ ਸਿਆਣੇ ਲੋਕ ਵੋਟਰਾਂ ਨੂੰ ਜਾਗਰੂਕ ਕਰਕੇ ਦੇਸ਼ ਦਾ ਭਵਿੱਖ ਸੰਵਾਰਨ।

ਇਹ ਵੱਡਾ ਇਮਤਿਹਾਨ ਆ ਰਿਹੈ, ਜਿਸ ਵਿੱਚੋਂ ਪਾਸ ਹੋ ਕੇ ਨਿਕਲਣ ਦੀ ਲੋੜ ਹੈ ਤਾਂ ਜੋ ਪਰਖ ਦੀਆਂ ਘੜੀਆਂ ਵਿੱਚ ਪਰਖੇ ਜਾਣ ਵਾਲੇ ਸਹੀ ਪਾਸੇ ਵੱਲ ਹੀ ਤੁਰਨ। ਅਜਿਹਾ ਤਾਂ ਹੀ ਹੋ ਸਕੇਗਾ, ਜੇ ਗਲਤ/ਠੀਕ ਦੀ ਸਮਝ ਹੋਵੇ ਅਤੇ ਉਨ੍ਹਾਂ ਪਾਰਟੀਆਂ ਨੂੰ ਹੀ ਚੁਣਿਆ ਜਾਵੇ, ਜੋ ਦੇਸ਼ ਦਾ ਫਿਕਰ ਕਰਨ।

### ਬੀ. ਐੱਸ. ਬੀਰ

ਮਹਿਰਮ ਪਰਵਾਰ ਦੇ ਸਿਰਜਕ ਬੀ ਐੱਸ ਬੀਰ ਨੇ ਥੋੜ੍ਹੇ ਸਮੇਂ ਵਿੱਚ ਵੱਡੇ ਕੰਮ ਕੀਤੇ। ਪੰਜਾਬੀ ਵਿੱਚ ਤਿੰਨ ਪਰਚੇ ਇਕੋ ਸਮੇਂ ਕੱਢ ਕੇ ਉਸ ਨੇ ਸਾਬਤ ਕਰ ਦਿੱਤਾ ਕਿ ਜੇ ਇਰਾਦਾ ਦ੍ਰਿੜ੍ਹ ਹੋਵੇ ਤਾਂ ਉਸ ਨੂੰ ਸਿਰੇ ਤੱਕ ਲਿਜਾਣਾ ਕੋਈ ਮੁਸ਼ਕਲ ਕੰਮ ਨਹੀਂ। ਨਾਲ ਦੀ ਨਾਲ ਉਹ ਕਵਿਤਾ ਵੀ ਲਿਖਦਾ ਰਿਹਾ ਅਤੇ ਗਲਪ ਵੀ। ਕਹਾਣੀਆਂ ਵਿੱਚ ਉਹ ਸੱਚ ਅਤੇ ਤੱਤ ਨੂੰ ਵੀ ਫੜਦਾ ਸੀ ਅਤੇ ਰੌਚਿਕਤਾ ਦੀ ਸਿਰਜਣਾ ਨੂੰ ਵੀ ਅੱਖੋਂ ਓਹਲੇ ਨਹੀਂ ਹੋਣ ਦਿੱਤਾ।

ਅਜੇ ਹੁਣੇ ਜਿਹੇ ਉਸ ਦੀ ਸਮੁੱਚੀ ਕਵਿਤਾ ਦੀ ਵੱਡ-ਆਕਾਰੀ ਪੁਸਤਕ ਵੀ ਆਈ ਹੈ, ਜੋ ਮੈਂ ਅਜੇ ਪੜ੍ਹ ਹੀ ਰਿਹਾ ਸਾਂ ਕਿ ਬੀਰ ਦੇ ਦੁਨੀਆ ਤੋਂ ਤੁਰ ਜਾਣ ਦੀ ਦੁਖਦਾਈ ਖ਼ਬਰ ਆ ਗਈ।

ਪ੍ਰਧਾਨ ਮੰਤਰੀ ਸਨ ਡਾ. ਮਨਮੋਹਨ ਸਿੰਘ, ਜਦ ਬੀਰ ਨੇ ਉਨ੍ਹਾਂ ਦੀ ਜੀਵਨੀ ਲਿਖੀ ਅਤੇ ਚੰਡੀਗੜ੍ਹ ਦੇ ਪ੍ਰੈੱਸ ਕਲੱਬ ਵਿੱਚ ਬੜੇ ਵੱਡੇ ਸਮਾਗਮ ਵਿੱਚ ਬਹੁਤ ਚਾਵਾਂ ਨਾਲ ਰਿਲੀਜ਼ ਕਰਵਾਈ, ਜਿਸ ਵਿੱਚ ਨਾਮੀ ਲੇਖਕ ਅਤੇ ਪੱਤਰਕਾਰ ਸ਼ਾਮਲ ਹੋਏ। ਬੀ ਐੱਸ ਬੀਰ ਦੇ ਜਾਣ ਦਾ ਦੁੱਖ ਹੈ, ਜਿਸ ਦਾ ਘਾਟਾ ਪੂਰਾ ਹੋਣਾ ਕਿਸੇ ਤਰ੍ਹਾਂ ਵੀ ਮੁਮਕਿਨ ਨਹੀਂ।

### ਲਤੀਫ਼ੇ ਦਾ ਚਿਹਰਾ ਮੋਹਰਾ

ਲੜਕੀ : ਕਿਆ ਖਾ ਰਹੇ ਹੋ

ਲੜਕਾ : ਮੂੰਗਫਲੀ ਹੀ ਕੇਵਲ

ਲੜਕੀ : ਇਕੱਲੇ-ਇਕੱਲੇ ਹੀ

ਲੜਕਾ : 8 ਰੁਪਏ ਦੀ ਮੂੰਗਫ਼ਲੀ ਦਾ ਹੋਰ ਭੰਡਾਰਾ ਲਗਾ ਦਿਆਂ।

***

ਅਧਿਆਪਕ : ਆਪਣੀ ਤਾਰੀਫ਼ ਕਰਨਾ ਮੂਰਖਤਾ ਹੈ

ਵਿਦਿਆਰਥੀ : ਜਨਾਬ ਆਪਣੀ ਸਿਫ਼ਤ ਆਪ ਨਾ ਕਰੀਏ ਤਾਂ ਹੋਰ ਕੌਣ ਕਰੂ। ਨਿੰਦਾ ਕਰਨ ਵਾਲੇ ਤਾਂ ਪੂਰਾ ਸੰਸਾਰ ਬਣਾਈ ਬੈਠੇ ਨੇ।

# ਖਤਰਨਾਕ ਖੇਡ



ਕੇਹਰ ਸ਼ਰੀਫ
+49 173 3546050

ਜ਼ਿੰਦਗੀ ਜੀਉਂਦਿਆਂ ਮਨੁੱਖ ਨੂੰ ਬਹੁਤ ਸਾਰੇ ਉਤਰਾਵਾਂ-ਚੜ੍ਹਾਵਾਂ ਰਾਹੀਂ ਲੰਘਣਾ ਪੈਂਦਾ ਹੈ। ਇਹ ਸਦਾ ਹੀ ਸਿੱਧੇ-ਸਾਦੇ ਤੇ ਸੁੱਖ ਭਰੇ ਨਹੀਂ ਹੁੰਦੇ। ਅੱਜ ਦੇ ਤੇਜ ਰਫਤਾਰ ਅਤੇ ਜਟਿਲਤਾ ਭਰਪੂਰ ਸਮੇਂ ਅੰਦਰ ਇਨ੍ਹਾਂ 'ਗੇੜਾਂ' ਨੂੰ ਸਮਝਣਾ ਬਹੁਤ ਔਖਾ ਹੈ, ਪਰ ਇਸ ਤੋਂ ਪਾਸਾ ਵੱਟ ਕੇ ਲੰਘ ਜਾਣਾ ਵੀ ਸੰਭਵ ਨਹੀਂ। ਜਿਵੇਂ ਜਿਵੇਂ ਅਸੀਂ ਪੇਚੀਦਾ ਸਵਾਲਾਂ ਦੇ ਅੰਦਰ ਝਾਕਣ ਦਾ ਜਤਨ ਕਰਦੇ ਹਾਂ, ਉਨ੍ਹਾਂ ਦੀਆਂ ਹੋਰ ਤਹਿਆਂ ਫਰੋਲਦੇ ਹਾਂ ਤਾਂ ਅੱਗਿਉਂ ਕਿਸੇ ਲੀਰਾਂ ਦੀ ਗੇਂਦ ਵਾਂਗ ਉਘੜੇ-ਦੁਗੜੇ ਵਲ਼ ਨਿਕਲਦੇ ਹੀ ਚਲੇ ਆਉਂਦੇ ਹਨ। ਗੰਡਾ ਛਿੱਲਣ ਵਾਂਗ ਹਰ ਤਹਿ ਦੇ ਥੱਲੇ ਹੋਰ ਤਹਿ ਨਿਕਲੀ ਆਉਂਦੀ ਹੈ। ਸ਼ਾਇਦ ਇਸੇ ਤਰ੍ਹਾਂ ਜ਼ਿੰਦਗੀ ਦੇ ਭੇਤ ਹਨ ਜਿਨ੍ਹਾਂ ਨੂੰ ਸਮਝਣ ਵਾਸਤੇ ਮਨੁੱਖ ਸਦਾ ਹੀ ਆਪੋ ਆਪਣੇ ਢੰਗ-ਤਰੀਕੇ ਨਾਲ ਸਰਗਰਮ ਰਹਿੰਦਾ ਹੈ।

ਮਾਇਆਧਾਰੀ ਯੁੱਗ ਵਿੱਚ ਅਜਿਹਾ ਬਹੁਤ ਕੁਝ, ਹੈ ਜੋ ਆਮ ਤੌਰ ਤੇ ਸਾਡੀ ਸੋਚ ਧਾਰਾ ਨੂੰ ਪ੍ਰਭਾਵਿਤ ਕਰ ਜਾਂਦਾ ਹੈ ਐਵੇਂ ਤਾਂ ਨਹੀ ਇਸ ਭੋਗਵਾਦੀ ਸਮਾਜ ਅੰਦਰ ਭਗਵੇਂ-ਚਿੱਟੇ ਚੋਲ਼ੇ ਪਾਈ ਆਪਣੇ-ਆਪ 'ਤੇ ਆਪ ਹੀ 'ਸਾਧ-ਸੰਤ' (?) ਹੋਣ ਦਾ ਲੇਬਲ ਲਾਈ ਫਿਰਦੇ ਆਪੇ ਬਣੇ ਅਜਿਹੇ 'ਮਹਾਂਪੁਰਸ਼' (ਜਰੂਰੀ ਨਹੀਂ ਇਹ ਨੇਕ ਪੁਰਸ਼ ਵੀ ਹੋਣ) ਵਧੀਆ ਕਾਰਾਂ ਤੇ ਸੁੱਖ ਅਰਾਮ, ਦਰਅਸਲ ਐਸ਼ਪ੍ਰਸਤੀ ਵਾਲੀ ਜ਼ਿੰਦਗੀ (ਜੋ ਮਹਾਨ ਭਾਰਤ ਅੰਦਰ ਸਿਰਫ ਵਿਹਲੜਾਂ, ਜਾਂ ਮਾੜੇ ਕੰਮ ਕਰਨ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ) ਦੀ ਕਾਮਨਾ ਕਰਨ ਲੱਗ ਜਾਂਦੇ ਹਨ ਅਤੇ ਹੁਣ ਉਹ ਸਮਾਧੀ ਕਿਸੇ ਕੁਟੀਆਂ, ਵਣ ਜਾਂ ਜੰਗਲ-ਬੇਲੇ ਵਿੱਚ ਨਹੀਂ ਲਗਾਉਂਦੇ ਇਸ ਕੰਮ ਲਈ ਵੀ ਉਨ੍ਹਾਂ ਨੂੰ ਅਜੋਕੇ ਯੁੱਗ ਦੇ ਪਦਾਰਥਾਂ ਨਾਲ ਭਰਪੂਰ ਇਕਾਂਤ ਵਾਲੀ ਏਅਰਕੰਡੀਸ਼ਨ ਕੋਠੀ ਚਾਹੀਦੀ ਹੈ (ਜਦੋਂ ਉਹ ਆਪਣੀਆਂ ਕਰਤੂਤਾਂ ਕਰਕੇ ਜੇਲ੍ਹ ਜਾਂਦੇ ਹਨ, ਉੱਥੇ ਵੀ ਉਹ ਪੂਰੀਆਂ ਸੁੱਖ-ਸਹੂਲਤਾਂ ਮੰਗਦੇ ਤੇ ਪ੍ਰਾਪਤ ਕਰ ਲੈਂਦੇ ਹਨ), ਹੋ ਸਕਦਾ ਹੈ ਉਨ੍ਹਾਂ ਨੇ ਆਪਣੇ 'ਭਗਵਾਨ' ਨੂੰ ਆਪਣੇ ਵਰਗਾ ਹੀ ਕਰ ਲਿਆ ਹੋਵੇ, ਜਾਂ ਫਿਰ ਉਹ ਆਪ ਉਂਜ ਹੀ ਸਮਝਣ ਲੱਗ ਪਏ ਹੋਣ। ਅਜਿਹੇ ਸਮੇਂ ਉਨ੍ਹਾਂ ਦੇ 'ਸਿਆਸੀ ਭਗਵਾਨ' ਵੀ ਉਨ੍ਹਾ ਦੇ ਕੰਮ ਆਉਂਦੇ ਹਨ।

ਪਹਿਲੇ ਸਮਿਆਂ ਵਿੱਚ ਲੋਕਾਂ ਅੰਦਰ ਸਹਿਜ ਭਰਿਆ ਸੁਭਾਅ, ਬੋਲਾਂ 'ਚ ਮਿਠਾਸ, ਦੂਜੇ ਪ੍ਰਤੀ ਮੋਹ ਆਦਿ ਆਮ ਹੀ ਵੇਖਣ ਨੂੰ ਮਿਲਦੇ ਸਨ, ਪਰ ਉਦੋਂ ਤੇ ਅੱਜ ਦਾ ਫਰਕ ਕੀਤਿਆਂ ਪਤਾ ਲੱਗਦਾ ਹੈ ਕਿ ਹੁਣ ਹਰ ਪਾਸੇ ਹੀ ਬੇ-ਮਤਲਬ ਦੌੜ ਜਾਂ ਕਾਹਲ ਹੀ ਨਹੀਂ, ਸਗੋਂ ਹਫੜਾ-ਦਫੜੀ ਜਿਹੀ ਮਚੀ ਹੋਈ ਨਜ਼ਰੀਂ ਪੈਂਦੀ ਹੈ । ਆਮ ਤੌਰ ਤੇ ਸਹਿਜ ਦਿਸਦਾ ਵਿਅਕਤੀ ਵੀ ਜਦੋਂ ਉਸ ਦਾ ਕਿਸੇ ਦੂਸਰੇ ਨਾਲ ਵਾਹ ਪੈਂਦਾ ਹੈ, ਅੰਦਰੋਂ ਖੌਲ਼ਦਾ ਜਿਹਾ ਦਿਸਣ ਲੱਗ ਪੈਂਦਾ ਹੈ, ਬੋਲੇਗਾ ਤਾਂ ਮੂੰਹੋਂ ਅੱਗ ਸੁੱਟਣ ਦਾ ਯਤਨ ਕਰਦਾ ਹੋਇਆ ਦਿਖਾਈ ਦੇਵੇਗਾ । ਉਸ ਵਿਅਕਤੀ ਦਾ ਇਹ ਪ੍ਰਤੀਕ੍ਰਮ ਸਮਾਜ ਅੰਦਰ ਵਾਪਰਦੇ ਨਿੱਤ ਦੇ ਕਾਰਜਾਂ ਦਾ ਹੀ ਇੱਕ ਰੂਪ ਹੈ। ਕੌਣ ਭਲਾਂ ਦੂਸਰੇ ਵੱਲ ਉਂਗਲ ਕਰੇ? ਕੌਣ ਦੂਸਰੇ ਤੋ ਬੁਰਾ-ਭਲਾ ਸੁਣੇ? ਸਮਾਜ ਦੀ ਤਾਂ ਦੂਰ ਦੀ ਗੱਲ ਅੱਜ ਦਾ ਮਨੁੱਖ ਆਪਣੀ ਚਿੰਤਾ ਤਾਂ ਕਰਦਾ ਹੈ ਪਰ ਆਪਣਾ ਚਿੰਤਨ ਕਰਨ ਤੋਂ ਕਤਰਾਉਂਦਾ ਹੈ। ਫੇਰ ਰੋਗ ਕਿਵੇਂ ਦੂਰ ਹੋਵੇ।

ਸਮਾਜ ਨੇ ਹਰ ਖੇਤਰ ਅੰਦਰ ਬਹੁਤ ਤਰੱਕੀ ਕੀਤੀ ਹੈ, ਪਰ ਇਸ ਦੇ ਹੋਏ ਵਿਕਾਸ ਨੇ ਕਈ ਮਾੜੇ ਪੱਖ ਵੀ ਨਾਲ ਹੀ ਲੈ ਆਂਦੇ ਹਨ। ਇੱਥੇ ਵਿਗਿਆਨ ਅੰਦਰਲੀ ਤਰੱਕੀ ਜਾਂ ਵਿਕਾਸ ਨੂੰ ਉਸਾਰੂ ਪਾਸੇ ਘੱਟ, ਮਾਇਕ ਪੱਖੋਂ ਤਕੜੇ ਹੋਣ ਵਾਸਤੇ ਵੱਧ ਵਰਤਣ ਦੇ ਯਤਨ ਹੋ ਰਹੇ ਹਨ। ਤਕੜੇ ਮੁਲਕ ਜੰਗਾਂ ਦਾ ਸਮਾਨ ਲੜਾਕੇ ਜਹਾਜ, ਟੈਂਕ, ਤੋਪਾਂ ਆਦਿ ਬਣਾ ਕੇ ਵਿਕਾਸ ਵਾਸਤੇ ਦੌੜ-ਭੱਜ ਕਰ ਰਹੇ ਮੁਲਕਾਂ ਦੇ ਗਰੀਬ ਲੋਕਾਂ ਦੇ ਮੂੰਹ ਦੀ ਰੋਟੀ ਖੋਹ ਰਹੇ ਹਨ। ਮੌਤ ਦਾ ਇਹ ਸਮਾਨ ਵੇਚਣ ਨਾਲ ਉਨ੍ਹਾਂ ਦੀਆਂ ਤਿਜੌਰੀਆਂ ਭਰਦੀਆਂ ਹਨ। ਜਦੋਂ ਕਿਸੇ ਹੋਰ ਮੁਲਕ ਦੇ ਉਨ੍ਹਾਂ ਵਰਗੇ ਉਜੱਡ ਆਗੂ ਵੀ ਬੰਬ ਬਣਾ ਕੇ ਬੋਝੇ ਪਾਈ ਫਿਰਨ ਤਾਂ ਉਨ੍ਹਾਂ ਨੂੰ ਦਬਕੇ ਮਾਰਦੇ ਹਨ। ਸਿਆਸਤ ਦੀ ਇਹ ਖੇਡ ਲੋਕਾਂ ਦੇ ਪੱਲੇ ਨਮੋਸ਼ੀ ਹੀ ਪਾਉਂਦੀ ਹੈ। ਜਿੱਥੇ ਜੀਊਣ ਦੇ ਹੱਕ 'ਤੇ ਡਾਕਾ ਮਾਰਨ ਦੇ ਯਤਨ ਕੀਤੇ ਜਾਂਦੇ ਹੋਣ, ਜਿੱਥੇ ਭਰਾਵਾਂ ਨੂੰ ਗਲਵਕੜੀ ਪਾਉਣ ਤੋ ਪਹਿਲਾਂ ਹੀ ਠਾਹ ਦੀ ਅਵਾਜ਼ ਸੁਣਨੀ ਪਵੇ, ਜਿੱਥੇ ਆਪਣਿਆਂ ਨੂੰ ਪਰਾਇਆ ਐਲਾਨ ਦਿੱਤਾ ਜਾਵੇ ਉੱਥੇ ਤਾਂ ਮਨ ਸਿਰਫ ਉਦਾਸ ਹੀ ਹੋ ਸਕਦਾ ਹੈ। ਐਹੋ ਜਹੀ ਹਾਲਤ ਵਿਚ ਤਾਂ ਮਨੁੱਖ ਆਪਣੇ ਆਪ ਨਾਲ ਵੀ ਰੁੱਸਿਆਂ ਵਰਗਾ ਹੀ ਵਿਹਾਰ ਕਰਦਾ ਹੈ। ਇਸ ਤੋਰ ਨਾਲ ਤਾਂ ਸਮਾਜ ਅੰਦਰ ਰਸਾਤਲ ਵੱਲ ਵਧ ਜਾਣ ਦੇ ਮੌਕੇ ਪੈਦਾ ਹੁੰਦੇ ਹਨ। ਇਸ ਤਰ੍ਹਾਂ ਦੇ ਮਾਹੌਲ ਵਿਚ ਸਮਾਜ ਦੀ ਸਮੁੱਚੀ ਤਰੱਕੀ ਰੁਕ ਜਾਂਦੀ ਹੈ- ਖਲਾਅ ਪੈਦਾ ਹੋ ਜਾਂਦਾ ਹੈ । ਫੇਰ ਇਸ ਸੋਚ-ਹੀਣ ਜਾਂ ਸੇਧ-ਹੀਣ ਖਲਾਅ ਨੂੰ ਭਰਨ ਵਾਸਤੇ ਬਹੁਤ ਲੰਬਾ ਸਮਾਂ ਜੱਦੋ-ਜ਼ਹਿਦ ਕਰਨੀ ਪੈਂਦੀ ਹੈ।

ਕੰਪਿਊਟਰ ਆਇਆ ਤਾਂ ਲੋਕ ਅਸ਼ ਅਸ਼ ਕਰ ਉੱਠੇ ਕਿ ਕੰਮ ਦੇ ਫਾਹੇ ਵਢਦਾ ਐ ਜੀ ਅਤੇ ਇੰਟਰਨੈਟ ਨੇ ਤਾਂ ਹਵਾ ਨਾਲ ਗੱਲਾਂ ਕਰਨ ਲਾ ਦਿੱਤੇ ਲੋਕ। ਇਸ ਰਾਹੀਂ ਸੂਚਨਾਵਾਂ ਦੇ ਭੰਡਾਰ ਇੱਕਠੇ ਹੋ ਕੇ ਮਿੰਟਾ ਸਕਿੰਟਾ ਅੰਦਰ ਲੋਕਾਂ ਤੱਕ ਪਹੁੰਚਣ ਲੱਗੇ ਪਰ ਨਾਲ ਹੀ ਲਾਲਚੀ ਕਿਸਮ ਦੇ ਲੋਭੀ ਗਰੁੱਪ (ਕਾਲੀਆਂ ਭੇਡਾਂ) ਵੀ ਪਿੱਛੇ ਨਹੀਂ ਰਹੇ, ਇਸ ਤਰੱਕੀ 'ਚੋਂ ਹਿੱਸਾ ਵੰਡਾਉਣ ਵੇਲੇ। ਉਨ੍ਹਾਂ ਨੇ ਆਪਣੇ ਹਿਤਾਂ ਵਾਲੀ ਸੂਚਨਾਂ ਨੂੰ ਇੰਟਰਨੈਟ ਦੇ ਸਹਾਰੇ ਦੂਰ-ਦੁਰਾਡੇ ਪਹੁੰਚਾਇਆ। ਇਨਾਂ ਵਿੱਚ ਸਮਗਲਰ, ਭੰਨ-ਤੋੜ ਕਰਨ-ਕਰਾਉਣ ਵਾਲੇ, ਬਲੈਕ 'ਚ ਹਥਿਆਰ ਵੇਚਣ ਤੇ ਖਰੀਦਣ ਵਾਲੇ ਅਤੇ ਦੇਹ ਵਪਾਰ ਕਰਨ-ਕਰਵਾਉਣ ਵਾਲੇ, ਉੱਚੀਆਂ ਪਹੁੰਚਾਂ ਦੇ ਆਸਰੇ ਗੈਰ ਕਾਨੂੰਨੀ ਧੰਦਿਆਂ, ਚਕਲਿਆਂ ਤੋ ਧੰਨ ਕਮਾਉਣ ਵਾਲੇ ਅਤੇ ਉਨ੍ਹਾਂ ਦੇ ਦਿਸਦੇ-ਅਣਦਿਸਦੇ ਰਾਜ ਸੱਤਾ ਤੇ ਕਾਬਜ਼ ਜਾਂ ਰਾਜ ਸੱਤਾ ਵਿਚ ਵਿੰਗੇ-ਸਿੱਧੇ ਭਾਈਵਾਲ, ਲੁਕਵੇਂ ਮਾਲਕ ਸਭ ਸ਼ਾਮਿਲ ਹੋ ਗਏ।

ਵਸਤਾਂ ਨੂੰ ਦੇਖਣ-ਪਰਖਣ ਦਾ ਢੰਗ-ਤਰੀਕਾ ਵੀ ਬਦਲ ਗਿਆ ਹੈ। ਪੂਰੇ ਤੌਰ ਤੇ ਆਜ਼ਾਦ ਹੁੰਦੇ ਹੋਏ ਵੀ ਖਰੀਦਦਾਰੀ ਅਸੀਂ ਆਪਣੀ ਮਰਜ਼ੀ ਨਾਲ ਨਹੀਂ, ਸਗੋਂ ਬਹੁਤੀ ਨਿੱਤ ਹੁੰਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਕਰਦੇ ਹਾਂ। ਅਖਬਾਰਾਂ, ਰੇਡੀਓ, ਟੈਲੀਵੀਜ਼ਨ, ਆਦਿ ਦੇ ਨਾਲ ਹੀ ਨਿੱਤ ਘਰਾਂ ਵਿੱਚ ਸੁੱਟੀ ਜਾਂਦੀ ਮੁਫਤ ਦੀ ਪਰਚਾਰ ਸਮੱਗਰੀ ਸਾਨੂੰ ਇਸ ਪਾਸੇ ਪ੍ਰਭਾਵਤ ਕਰਕੇ ਪ੍ਰੇਰਦੀ ਹੈ। ਹੁਣ ਤਾਂ ਘਰੇਲੂ ਲੋੜੀਂਦੇ ਸਮਾਨ ਦਾ ਬਹੁਤਾ ਹਿੱਸਾ ਵੀ ਲੋਕ ਔਨਲਾਈਨ ਹੀ ਮੰਗਵਾਉਂਦੇ ਹਨ ਜਾਂ ਲੋਕਾਂ ਵਲੋਂ ਫੋਨ ਰਾਹੀਂ ਦਿੱਤੇ ਆਰਡਰ ਤੇ ਹੀ ਕੰਪਨੀਆਂ ਘਰ ਪਹੁੰਚਾ ਦਿੰਦੀਆਂ ਹਨ। ਇਹ ਹੀ ਕੰਪਨੀਆਂ ਜੋ ਪਰਚਾਰ ਦੇ ਆਸਰੇ ਕਰੋੜਾਂ, ਅਰਬਾਂ ਡਾਲਰ/ਰੁਪਏ ਕਮਾਉਂਦੀਆਂ ਹਨ। ਇਨ੍ਹਾਂ ਦੇ ਕਾਰਜ ਖੇਤਰ ਅੰਦਰ ਸਿਆਸੀ ਸਮਾਜੀ ਤੇ ਇੱਥੋਂ ਤੱਕ ਕੇ ਆਰਥਿਕ ਢਾਂਚੇ ਨੂੰ ਪ੍ਰਭਾਵ ਕਰਨ ਦੀ ਸਮਰੱਥਾ ਹੈ। ਔਨਲਾਈਨ ਵਪਾਰ ਮੁਨਾਫਿਆਂ ਦੀ ਖਾਣ ਬਣਦਾ ਜਾ ਰਿਹਾ ਹੈ ਨਾਲ ਹੀ ਬੇਰੋਜ਼ਗਾਰੀ ਵਿਚ ਵਾਧਾ ਕਰਨ ਦਾ ਕਾਰਨ ਵੀ ਬਣ ਰਿਹਾ ਹੈ।

ਮਿਸਾਲ ਵਜੋਂ ਪਿਛਲੇ ਤਿੰਨ ਕੁ ਦਹਾਕਿਆਂ ਤੋਂ ਬੰਦਿਆਂ ਨੂੰ ਹਾਰ-ਸ਼ਿੰਗਾਰ ਕਰਨਾ ਚਾਹੀਦਾ ਹੈ ਕਿ ਨਹੀਂ, ਦੀ ਬਹਿਸ ਤੁਰੀ ਹੀ ਰਹਿੰਦੀ ਹੈ। ਇਹੋ ਹੀ ਖੂਬਸੂਰਤੀ ਦਾ ਸਮਾਨ ਤਿਆਰ ਕਰਨ ਵਾਲੀਆਂ ਮਾਡਰਨ ਕੰਪਨੀਆਂ ਲੋਕਾਂ ਨੂੰ ਪ੍ਰਭਾਵਤ ਕਰਕੇ ਸੈਮੀਨਾਰਾਂ ਆਦਿ ਰਾਹੀਂ ਇਸ ਵਿਸ਼ੇ ਵੱਲ ਖਿੱਚਦੇ ਹਨ ਅਤੇ ਬਹੁਤ ਸਾਰੇ ਇਸ ਪਾਸੇ ਪ੍ਰੇਰੇ ਵੀ ਜਾਂਦੇ ਹਨ। ਉਹ ਕੰਪਨੀਆਂ ਔਰਤਾਂ ਵਾਲੇ ਮੇਕ-ਅੱਪ (ਨਕਲੀ ਸੁੰਦਰਤਾ) ਦੇ ਸਮਾਨ ਦੇ ਨਾਲ ਹੀ (ਥੋੜੇ ਜਿਹੇ ਹੇਰ ਫੇਰ ਨਾਲ ) ਬੰਦਿਆਂ ਦੇ ਮੇਕ-ਅੱਪ ਦਾ ਸਮਾਨ ਤਿਆਰ ਕਰਦੀਆਂ ਹਨ। ਜਿਹੜੇ ਸਮਾਨ ਅੰਦਰ ਚਮੜੀ ਨੂੰ ਤਬਾਹ ਕਰਨ ਵਾਲੇ ਕੈਮੀਕਲਾਂ (ਖਤਰਨਾਕ ਰਸਾਇਣਕ ਤੱਤਾਂ) ਦੀ ਭਰਮਾਰ ਹੁੰਦੀ ਹੈ, ਕੀ ਹੁਣ ਖੂਬਸੂਰਤੀ ਦਾ ਰਾਜ ਕਰੀਮਾਂ, ਪਾਊਡਰ ਤੇ ਸੁਰਖੀਆਂ ਹੀ ਗਿਣੀਆਂ ਜਾਣ ਜਾਂ ਫਿਰ ਮਨੁੱਖ ਦਾ ਮਨੁੱਖਤਾ ਪ੍ਰਤੀ ਵਤੀਰਾ, ਗੁਆਂਢੀ ਨਾਲ ਵਿਹਾਰ, ਮੁਲਕ ਦੇ ਲੋਕਾਂ ਵੱਲ ਸੂਝ ਭਰੀ ਸੋਚ, ਸਮਾਜ ਅੰਦਰ ਸਮਾਜਕ, ਆਰਥਕ ਬਰਾਬਰੀ ਵਾਸਤੇ ਅਤੇ ਲੁੱਟ ਅਧਾਰਤ ਪ੍ਰਬੰਧ ਨੂੰ ਬਦਲਣ ਲਈ ਲੜੇ ਜਾਂਦੇ ਘੋਲਾਂ ਵਿੱਚ ਆਪਣੀ ਸ਼ਮੂਲੀਅਤ ਆਦਿ । ਇਹ ਸੋਚਣਾ ਤਾਂ ਬਣਦਾ ਹੀ ਹੈ ਤਾਂ ਕਿ ਸਾਡਾ ਸਮਾਜ ਮਨੁੱਖਵਾਦੀ ਬਣਿਆ ਰਹਿ ਸਕੇ- ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਡਾਰੂਆਂ ਦੀਆਂ ਧੰਨਵਾਦੀ ਹੋ ਸਕਣ ਜਿਨ੍ਹਾਂ ਨੇ ਮੁਨਾਫੇ ਦੇ ਲੋਭੀਆਂ ਖਿਲਾਫ ਕੋਈ ਵੀ ਕਦਮ ਪੁੱਟਿਆ ਹੋਵੇ।

ਸਮਾਜ ਦੇ ਅਮੀਰ ਤਬਕੇ ਥਲੜੇ ਤਬਕਿਆਂ ਲਈ ਸ਼ੀਸ਼ਾ ਨਹੀਂ ਬਣ ਸਕਦੇ। ਅਮੀਰ ਔਰਤਾਂ ਹਾਰ ਸ਼ਿੰਗਾਰ ਦਾ ਸਮਾਨ ਖਰੀਦਣ ਵੇਲੇ ਖਿਆਲ ਰਖਦੀਆਂ ਹਨ ਕੁਆਲਟੀ ਦਾ, ਪਰ ਗਰੀਬ ਔਰਤਾਂ ਕੋਲ ਇਹ ਖਿਆਲ ਰੱਖਣ ਜੋਗਾ ਬੋਝਾ ਨਹੀ ਹੁੰਦਾ, ਪਰ ਸ਼ੌਕੀਨੀ ਉਨ੍ਹਾਂ ਨੇ ਵੀ ਕਰਨੀ ਹੁੰਦੀ ਹੈ, ਸੋਹਣੀਆਂ ਉਨ੍ਹਾਂ ਨੇ ਵੀ ਦਿਸਣਾ ਹੁੰਦਾ ਹੈ। ਫਿਰ ਘਟੀਆਂ ਕਿਸਮ ਦਾ ਸਮਾਨ ਖਰੀਦ ਕੇ ਆਪਣੀ ਚਮੜੀ, ਜਿਸਮ ਨੂੰ ਤਬਾਹ ਕੀਤਾ ਜਾਂਦਾ ਹੈ। ਜਦੋਂ ਚਮੜੀ ਦੇ ਰੋਗ ਹੋਣ ਲਗਦੇ ਹਨ ਤਾਂ ਮੇਕ-ਅੱਪ ਹੋਰ ਸੰਘਣਾ ਹੋਣ ਲੱਗਦਾ ਹੈ, ਉਦੋ ਤਾਂ ਕਈ ਲੋਕ ਆਪਣੀ ਬੀਵੀ ਨੂੰ ਚੁੰਮਣ ਤੋਂ ਵੀ ਪਾਸਾ ਵੱਟਣ ਲਗਦੇ ਹਨ, ਅਖੇ ਜੀ ਕਿਹੜਾ ਕਰੀਮ-ਪਾਊਡਰ ਚੱਟਦਾ ਫਿਰੇ। ਫੇਰ ਕੀ ਲੋੜ ਅਜਿਹੇ ਸੁਹੱਪਣ ਦੀ ਜਿੱਥੇ ਰਿਸ਼ਤਿਆਂ ਵਿਚ ਵੀ ਕਾਲਖ਼ ਪੈਦਾ ਹੋਣ ਲੱਗ ਪਵੇ? ਇਨਸਾਨੀ ਰਿਸ਼ਤੇ ਇਸ ਨਕਲੀ ਸੁਹੱਪਣ ਨਾਲ ਨਹੀਂ ਦਿਲੀ ਮੋਹ ਨਾਲ ਪਿਆਰ ਭਰੇ ਬਣਦੇ ਹਨ।

ਅੱਜ ਸੋਚ ਦਾ ਜ਼ਮਾਨਾ ਹੈ, ਗਿਆਨ ਇੱਕਠਾ ਕਰਕੇ ਖੁਦ ਕੋਈ ਫੈਸਲਾ ਕਰ ਲੈਣ ਵਿੱਚ ਹਰਜ਼ ਵੀ ਕੋਈ ਨਹੀਂ। ਅਸੀਂ ਜਿਸ ਸਮਾਜ ਵਿੱਚ ਰਹਿ ਰਹੇ ਹਾਂ, ਇੱਥੇ ਬਹੁਤ ਖਤਰਨਾਕ ਖੇਡ ਖੇਡੀ ਜਾ ਰਹੀ ਹੈ। ਇਸ ਕੁਚੱਜ ਬਾਰੇ ਵਾਰ ਵਾਰ ਸੋਚਣਾਂ ਬਣਦਾ ਹੈ- ਇਸ ਵਿਚ ਸ਼ਾਮਲ ਹੋਣ ਤੋਂ ਇਨਕਾਰੀ ਹੋਣ ਵਾਲੀ ਜੁਅਰਤ ਦੀ ਲੋੜ ਹੈ। ਸਾਵਧਾਨੀ ਹਾਂ ਪੱਖੀ ਹੋ ਸਕਦੀ ਹੈ।

# ਬੇ-ਉਮੀਦੀ ਦੇ ਆਲਮ ਵਿੱਚ 2019 ਦੀਆਂ ਚੋਣਾਂ 'ਚ ਹਿੱਸਾ ਲੈਣਗੇ ਪੰਜਾਬੀ

**ਪੰਜਾਬ ਕਾਂਗਰਸ ਸੂਬੇ ਭਰ 'ਚ ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਅਤੇ ਪਿੰਡ ਪੰਚਾਇਤਾਂ 'ਚ ਆਪਣੇ ਪੱਖੀ ਵੱਡੀ ਗਿਣਤੀ 'ਚ ਜਿੱਤਾਂ ਉਤੇ ਭਾਵੇਂ ਵੱਡੀ ਖੁਸ਼ੀ ਅਤੇ ਸੰਤੁਸ਼ਟਤਾ ਜ਼ਾਹਿਰ ਕਰਦੀ ਹੈ, ਪਰ ਇਹਨਾ ਚੋਣਾਂ 'ਚ ਕੀਤੀ ਗਈ ਹੁਲੜਬਾਜੀ, ਧੱਕੇਸ਼ਾਹੀ ਨੇ ਕਾਂਗਰਸ ਦੇ ਅਕਸ ਨੂੰ ਵੱਡਾ ਧੱਕਾ ਵੀ ਲਾਇਆ ਹੈ। ਉਪਰੋਂ ਕਾਂਗਰਸ ਸਰਕਾਰ ਵਲੋਂ ਆਪਣੇ ਵਰਕਰਾਂ ਨੂੰ ਵੱਖੋ-ਵੱਖਰੇ ਬੋਰਡਾਂ, ਕਾਰਪੋਰੇਸ਼ਨਾਂ ਜਾਂ ਹੋਰ ਲਾਭ ਵਾਲੇ ਅਹੁਦਿਆਂ ਉਤੇ ਨਾ ਬਿਠਾਕੇ ਉਹਨਾ ਦੇ ਮਨੋਬਲ 'ਚ ਕਮੀ ਕਰਨ ਵਾਲਾ ਕੰਮ ਕੀਤਾ ਹੋਇਆ ਹੈ।**


ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ 'ਚ ਸਿਆਸਤ ਨਿੱਤ ਪ੍ਰਤੀ ਕਰਵਟ ਬਦਲ ਰਹੀ ਹੈ। ਨਿੱਤ ਨਵੀਆਂ ਸਿਆਸੀ ਸਮੀਕਰਣਾਂ ਬਣ ਰਹੀਆਂ ਹਨ। ਨਿੱਤ ਨਵੇਂ ਸਿਆਸੀ ਫੈਸਲੇ ਹੋ ਰਹੇ ਹਨ। ਸਿਆਸੀ ਜੋੜ-ਤੋੜ ਤੇ ਸਿਆਸੀ ਘਟਨਾਵਾਂ ਦੇ ਪਿੱਛੇ 2019 ਦੀਆਂ ਦੇਸ਼ ਦੀਆਂ ਆਮ ਚੋਣਾਂ ਹਨ, ਜਿਹਨਾ ਨੇ ਅਗਲੇ ਪੰਜ ਸਾਲਾਂ ਲਈ ਦੇਸ਼ ਦਾ ਭਵਿੱਖ ਤਹਿ ਕਰਨਾ ਹੈ। ਦੇਸ਼ ਦੀ ਰਾਸ਼ਟਰੀ ਸਿਆਸੀ ਤਸਵੀਰ ਜਿਵੇਂ ਜਿਵੇਂ ਬਦਲ ਰਹੀ ਹੈ, ਨਵੇਂ ਗੱਠਜੋੜ ਬਣ ਅਤੇ ਟੁੱਟ ਰਹੇ ਹਨ, ਤਿਵੇਂ ਤਿਵੇਂ ਦੇਸ਼ ਦੀਆਂ ਪ੍ਰਮੁੱਖ ਪਾਰਟੀਆਂ ਭਾਜਪਾ ਅਤੇ ਕਾਂਗਰਸ ਦਾ ਅੰਦਰਲਾ ਡਰ ਵੱਧ ਰਿਹਾ ਹੈ। ਇਸ ਡਰ ਕਾਰਨ ਦੇਸ਼ ਦੇ ਸੂਬਿਆਂ 'ਚ ਇਹ ਸਿਆਸੀ ਪਾਰਟੀਆਂ ਨਵੇਂ ਪੈਂਤੜੇ ਅਖਤਿਆਰ ਕਰ ਰਹੀਆਂ ਹਨ। ਅਤੇ ਇੱਕ ਦੂਜੇ ਦੇ ਰਾਜ ਕਰਦੇ ਸੂਬਿਆਂ 'ਚ ਸਰਕਾਰਾਂ ਸੁੱਟਣ, ਸਿਆਸੀ ਬੰਦੇ ਖਰੀਦਣ, ਸਰਕਾਰਾਂ 'ਚ ਉੱਥਲ-ਪੁੱਥਲ ਮਚਾਉਣ ਲਈ ਵਾਹ ਲਾ ਰਹੀਆਂ ਹਨ। ਕਰਨਾਟਕ ਦੀ ਕਾਂਗਰਸ ਨਾਲ ਸਾਂਝੀ ਸਰਕਾਰ ਤੋੜਨ ਲਈ ਭਾਜਪਾ ਨੇ ਇਹਨੀ ਦਿਨੀਂ ਕਾਂਗਰਸ ਦੇ ਚਾਰ ਐਮ.ਐਲ. ਏ. ਇਧਰ ਉਧਰ ਕਰ ਦਿੱਤੇ ਹਨ। ਪੰਜਾਬ ਵਿਚਲੀ ਕਾਂਗਰਸ ਅਮਰਿੰਦਰ ਸਿੰਘ ਸਰਕਾਰ ਨੂੰ ਵੀ ਅਸਥਿਰ ਕਰਨ ਲਈ ਅੰਦਰੋ-ਗਤੀ ਜ਼ੋਰ ਲਾਇਆ ਜਾ ਰਿਹਾ ਹੈ, ਜਿਸ ਦੇ ਪਾਰਟੀ ਨੇਤਾ ਅਮਰਿੰਦਰ ਸਿੰਘ ਵੱਲੋਂ ਪੰਜਾਬ ਦੀਆਂ 13 ਦੀਆਂ 13 ਸੀਟਾਂ ਜਿੱਤਣ ਦਾ ਲਗਾਤਾਰ ਦਾਅਵਾ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀਂ ਨੌਜਵਾਨ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੱਲੋਂ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿਮਘ ਬਾਦਲ ਵੱਲੋਂ ਪੰਚਾਂ, ਸਰਪੰਚਾਂ ਨੂੰ ਸਹੁੰ ਚੁੱਕ ਸਮਾਗਮ ਸਮੇਂ ਪੰਜਾਬ ਦੇ ਸੀਨੀਅਰ ਪੁਲਿਸ ਅਫਸਰ ਮੁਖਵਿੰਦਰ ਸਿੰਘ ਛੀਨਾ ਵਿਰੁੱਧ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰਨ ਦੇ ਸ਼ਰੇਆਮ ਇਲਜ਼ਾਮ ਲਗਾਉਣਾ, ਅਮਰਿੰਦਰ ਸਰਕਾਰ ਦੀ ਢਿੱਲੀ ਕਾਰਜਗੁਜਾਰੀ 'ਤੇ ਸਵਾਲ ਉਠਾਉਣਾ ਮੰਨਿਆ ਜਾ ਰਿਹਾ ਹੈ। ਕੁਲਬੀਰ ਸਿੰਘ ਜ਼ੀਰਾ ਦੀ ਕਾਂਗਰਸ ਤੋਂ ਮੁਅੱਤਲੀ , ਫਿਰ ਕਿਸੇ ਸਮਝੌਤੇ ਤਹਿਤ ਮੁੜ ਬਹਾਲੀ ਅਤੇ ਜ਼ਿਲਾ ਗੁਰਦਾਸਪੁਰ ਦੇ ਸ੍ਰੀ ਹਰਿਗੋਬਿੰਦਪੁਰ ਦੇ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਲਾਡੀ ਦੀ ਜਨਤਕ ਪ੍ਰੋਗਰਾਮ 'ਚ ਪ੍ਰਤਾਪ ਸਿੰਘ ਬਾਜਵਾ ਸਾਬਕਾ ਕਾਂਗਰਸ ਪ੍ਰਧਾਨ ਨੂੰ ਪੰਜਾਬ ਦਾ ਮੁੱਖਮੰਤਰੀ ਬਨਾਉਣ ਦੀ ਇੱਛਾ ਜ਼ਾਹਿਰ ਕਰਨਾ, ਕਾਂਗਰਸ ਪਾਰਟੀ 'ਚ ਟੁੱਟ ਭੱਜ ਦਾ ਵੱਡਾ ਸੰਕੇਤ ਗਿਣਿਆ ਜਾ ਰਿਹਾ ਹੈ। ਇਸ ਤੋਂ ਵੀ ਮਹੱਤਵਪੂਰਨ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਦਾ ਉਪ ਮੁੱਖਮੰਤਰੀ ਬਨਾਉਣ ਦੀ ਚਰਚਾ ਅਤੇ ਕਿਧਰੇ ਕਿਧਰੇ ਉਸ ਵਲੋਂ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਕੀਤੀ ਜਾਂਦੀ ਖਾਮੋਸ਼ ਜਿਹੀ ਬੱਲੇਬਾਜੀ ਵੀ ਇਹੋ ਦਰਸਾਉਂਦੀ ਹੈ ਕਿ ਪੰਜਾਬ ਕਾਂਗਰਸ 'ਚ ਸਭ ਕੁਝ ਅੱਛਾ ਨਹੀਂ ਅਤੇ ਇਸੇ ਕਰਕੇ ਕਾਂਗਰਸ ਦੇ ਵੱਡੀ ਗਿਣਤੀ ਵਿਧਾਇਕ ਕਾਂਗਰਸੀ ਅਮਰਿੰਦਰ ਸਿੰਘ ਸਰਕਾਰ ਵਿਰੁੱਧ ਇਹ ਇਲਜ਼ਾਮ ਲਗਾਉਣ ਤੋਂ ਸੰਕੋਚ ਨਹੀਂ ਕਰਦੇ ਕਿ ਇਹ ਸਰਕਾਰ ਅਸਲ ਵਿੱਚ ਪੁਲਿਸ ਅਫ਼ਸਰਾਂ ਅਤੇ ਨੌਕਰਸ਼ਾਹੀ ਵਲੋਂ ਚਲਾਈ ਜਾ ਰਹੀ ਹੈ, ਜਿਸ ਉਤੇ ਕੋਈ ਸਿਆਸੀ ਕੁੰਡਾ ਨਹੀਂ ਹੈ। ਇਸ ਵੱਧਦੀ ਹੋਈ ਅਸੰਤੁਸ਼ਟੀ ਦੇ ਮੱਦੇ ਨਜ਼ਰ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਮਾਝਾ, ਮਾਲਵਾ, ਦੁਆਬਾ ਦੇ ਵਿਧਾਇਕਾਂ ਦੀਆਂ ਮੀਟਿੰਗਾਂ ਲਗਾਕੇ ਉਹਨਾ ਦੇ ਗਿੱਲੇ-ਸ਼ਿਕਵੇਂ ਸੁਣੇ ਹਨ, ਉਹਨਾ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ ਅਤੇ 2019 ਦੀਆਂ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਹਰ ਵਿਧਾਇਕ ਹਲਕੇ ਲਈ ਪੰਜ ਪੰਜ ਕਰੋੜ ਦੀਆਂ ਵਿਕਾਸ ਗ੍ਰਾਂਟਾਂ ਦੇਣ ਲਈ ਤੁਰੰਤ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ, ਭਾਵੇਂ ਕਿ ਵਿਧਾਇਕਾਂ ਦੀ ਮੰਗ ਸੀ ਕਿ ਐਮ ਪੀ ਲੈਡ ਸਕੀਮ ਵਾਂਗਰ ਇਹ ਰਕਮ ਐਮ ਐਲ ਏ ਲੈਡ ਬਣਾਕੇ ਇਹ ਰਕਮ ਉਹਨਾ ਦੇ ਸਪੁੱਰਦ ਕੀਤੀ ਜਾਵੇ।

ਪੰਜਾਬ ਕਾਂਗਰਸ ਸੂਬੇ ਭਰ 'ਚ ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਅਤੇ ਪਿੰਡ ਪੰਚਾਇਤਾਂ 'ਚ ਆਪਣੇ ਪੱਖੀ ਵੱਡੀ ਗਿਣਤੀ 'ਚ ਜਿੱਤਾਂ ਉਤੇ ਭਾਵੇਂ ਵੱਡੀ ਖੁਸ਼ੀ ਅਤੇ ਸੰਤੁਸ਼ਟਤਾ ਜ਼ਾਹਿਰ ਕਰਦੀ ਹੈ, ਪਰ ਇਹਨਾ ਚੋਣਾਂ 'ਚ ਕੀਤੀ ਗਈ ਹੁਲੜਬਾਜੀ, ਧੱਕੇਸ਼ਾਹੀ ਨੇ ਕਾਂਗਰਸ ਦੇ ਅਕਸ ਨੂੰ ਵੱਡਾ ਧੱਕਾ ਵੀ ਲਾਇਆ ਹੈ। ਉਪਰੋਂ ਕਾਂਗਰਸ ਸਰਕਾਰ ਵਲੋਂ ਆਪਣੇ ਵਰਕਰਾਂ ਨੂੰ ਵੱਖੋ-ਵੱਖਰੇ ਬੋਰਡਾਂ, ਕਾਰਪੋਰੇਸ਼ਨਾਂ ਜਾਂ ਹੋਰ ਲਾਭ ਵਾਲੇ ਅਹੁਦਿਆਂ ਉਤੇ ਨਾ ਬਿਠਾਕੇ ਉਹਨਾ ਦੇ ਮਨੋਬਲ 'ਚ ਕਮੀ ਕਰਨ ਵਾਲਾ ਕੰਮ ਕੀਤਾ ਹੋਇਆ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਵੀ ਕਾਂਗਰਸ ਨੂੰ ਇਸ ਗੱਲ ਦਾ ਲਾਭ ਹੈ ਕਿ ਪੂਰੇ ਪੰਜਾਬ ਵਿੱਚ ਉਸਦੇ ਵਿਰੋਧੀ ਖਿੱਲਰੇ-ਪੁੱਲਰੇ ਨਜ਼ਰ ਆ ਰਹੇ ਹਨ। ਪਿਛਲੇ ਦਿਨਾਂ 'ਚ ਪੰਜਾਬ ਦੀ ਵਿਰੋਧੀ ਧਿਰ 'ਚ ਬੈਠੀ ਆਮ ਆਦਮੀ ਪਾਰਟੀ ਦਾ ਝਾੜੂ ਤੀਲਾ-ਤੀਲਾ ਹੋ ਗਿਆ ਹੈ। ਕੁਝ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਨਾਲ ਜਾ ਜੁੜੇ ਹਨ। ਉਹਨਾ ਦੀ ਗਿਣਤੀ ਇਤਨੀ ਨਹੀਂ ਕਿ ਉਹ ਆਪਣਾ ਵੱਖਰਾ ਗਰੁੱਪ ਬਣਾਕੇ ਆਪਣੀ ਵਿਧਾਇਕੀ ਕਾਇਮ ਰੱਖ ਸਕਣ। ਦੇਰ ਸਵੇਰ ਉਹਨਾ ਨੂੰ ਆਮ ਆਦਮੀ ਪਾਰਟੀ ਆਪਣੇ ਦਲ ਵਿੱਚੋਂ ਕੱਢ ਦੇਵੇਗੀ ਜਾਂ ਉਹ ਮਾਸਟਰ ਬਲਦੇਵ ਸਿੰਘ ਵਿਧਾਇਕ ਵਾਂਗਰ ਆਪਣੀ ਵਿਧਾਇਕੀ ਤੋਂ ਅਸਤੀਫਾ ਦੇ ਦੇਣਗੇ ।ਜੇਕਰ ਆਮ ਆਦਮੀ ਵਿਧਾਇਕਾਂ ਦੀ ਇਹ ਗਿਣਤੀ ਘੱਟਦੀ ਗਈ ਤੇ ਅਕਾਲੀ ਦਲ ਦੇ ਵਿਧਾਇਕਾਂ ਤੋਂ ਥੱਲੇ ਚਲੇ ਗਈ ਤਾਂ ਅਸੰਬਲੀ ਦੇ ਵਿਰੋਧੀ ਦਲ ਦੇ ਨੇਤਾ ਦੀ ਕੁਰਸੀ ਵੀ ਆਮ ਆਦਮੀ ਪਾਰਟੀ ਹੱਥੋਂ ਜਾਂਦੀ ਰਹੇਗੀ। ਇਸ ਵੇਲੇ ਅਸੰਬਲੀ ਵਿੱਚ ਕੁਲ 117 ਮੈਂਬਰ ਹਨ। ਜਿਹਨਾ ਵਿਚੋਂ ਕਾਂਗਰਸ ਦੇ ਆਮ ਆਦਮੀ ਪਾਰਟੀ ਦੇ 20 ਅਤੇ ਅਕਾਲੀ ਦਲ ਭਾਜਪਾ ਦੇ 18 ਵਿਧਾਇਕ ਹਨ। ਸੁਖਪਾਲ ਖਹਿਰਾ, ਐਚ ਐਸ ਫੂਲਕਾ ਅਤੇ ਮਾਸਟਰ ਬਲਦੇਵ ਸਿੰਘ ਨੇ ਵਿਧਾਇਕ ਵਜੋਂ ਅਸਤੀਫੇ ਦੇ ਦਿੱਤੇ ਹਨ। ਇਸ ਸਭ ਕੁਝ ਦੇ ਚਲਦਿਆਂ ਵੀ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਅਧਾਰ ਵਿਖਰ ਗਿਆ ਹੈ, ਸੁੱਚਾ ਸਿੰਘ ਛੁਟੇਪੁਰ, ਧਰਮਵੀਰ ਗਾਂਧੀ ਐਮ.ਪੀ., ਹਰਿੰਦਰ ਸਿੰਘ ਖਾਲਸਾ ਐਮ.ਪੀ., ਆਮ ਆਦਮੀ ਪਾਰਟੀ ਦਾ ਖਹਿੜਾ ਛੱਡ ਚੁੱਕੇ ਹਨ, ਆਮ ਆਦਮੀ ਪਾਰਟੀ ਨੇ 2019 ਦੀਆਂ ਲੋਕ ਸਭਾ ਚੋਣਾਂ ਇੱਕਲਿਆਂ ਹੀ ਲੜਨ ਦਾ ਫੈਸਲਾ ਕਰ ਲਿਆ ਹੈ। ਪਾਰਟੀ ਦਾ ਕਹਿਣਾ ਹੈ ਕਿ ਭਾਜਪਾ ਨੂੰ ਹਰਾਉਣ ਲਈ ਆਮ ਆਦਮੀ ਪਾਰਟੀ ਕਾਂਗਰਸ ਨਾਲ ਸਮਝੌਤਾ ਕਰਨ ਤਿਆਰ ਸੀ ਲੇਕਿਨ ਕਾਂਗਰਸ ਵਿੱਚ ਹੰਕਾਰ ਹਾਵੀ ਹੈ। ਇੰਜ ਆਮ ਆਦਮੀ ਪਾਰਟੀ ਪੰਜਾਬ 'ਚ ਇੱਕਲਿਆਂ ਚੋਣ ਲੜੇਗੀ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਖੇਮੇ ਨੂੰ ਅਸੰਬਲੀ ਚੋਣਾਂ 'ਚ ਹਾਰ ਮਿਲੀ। ਨਸ਼ਾ ਤੱਸਕਰੀ, ਮਾਫੀਆ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜਿਹੇ ਮੁੱਦੇ ਉਸਦੀ ਹਾਰ ਦਾ ਕਾਰਨ ਬਣੇ। ਭਾਜਪਾ ਨੂੰ ਵੀ ਇਸ ਚੋਣ 'ਚ ਵੱਡਾ ਖਮਿਆਜਾ ਭੁਗਤਣਾ ਪਿਆ ਕਿਉਂਕਿ ਅਕਾਲੀ-ਭਾਜਪਾ ਦੇ ਸੂਬੇ 'ਚ ਰਾਜ ਅਤੇ ਕੇਂਦਰ 'ਚ ਮੋਦੀ ਸਰਕਾਰ ਦੇ ਰਾਜ ਦੇ ਦੌਰਾਨ ਉਹ ਪੰਜਾਬ ਦੇ ਕਿਸੇ ਮੁੱਦੇ, ਜਾਂ ਸਮੱਸਿਆ ਦਾ ਹੱਲ ਕਰਵਾਉਣ 'ਚ ਨਾਕਾਮਯਾਬ ਰਹੀ। ਭਾਵੇਂ ਕਿ ਪਿਛਲੇ ਸਾਲ ਡੇਢ ਸਾਲ ਦੇ ਸਮੇਂ ਦੌਰਾਨ ਅਕਲੀ ਦਲ ਨੇ ਆਪਣਾ ਖੁਸਿਆ ਪੇਂਡੂ ਅਧਾਰ ਮੁੜ ਸੰਭਾਲਣ ਦਾ ਯਤਨ ਕੀਤਾ ਪਰ ਪੰਜਾਬੀਆਂ ਦੀ ਨਰਾਜ਼ਗੀ ਜੋ ਉਸਨੇ 10 ਸਾਲ ਸਹੇੜੀ, ਉਸ ਕਾਰਨ ਉਹ ਆਪਣੀ ਕਾਰਗੁਜ਼ਾਰੀ 'ਚ ਕੋਈ ਸੁਧਾਰ ਨਹੀਂ ਕਰ ਸਕੀ। ਉਲਟਾ ਪਾਰਟੀ 'ਚ ਸਿਆਸੀ ਭੰਨਤੋੜ ਹੋਈ ਹੈ ਅਤੇ ਮਾਝੇ ਦੇ ਟਕਸਾਲੀ ਆਗੂ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਆਪਹੁਦਰੀਆਂ ਕਾਰਨ ਵੱਖਰਾ ਅਕਾਲੀ ਦਲ ਬਣਾਕੇ ਬੈਠ ਗਏ ਹਨ।

ਰੁਸੇ ਟਕਸਾਲੀ ਆਗੂ, ਆਪਣੀ ਹੋਂਦ ਬਣਾਈ ਰੱਖਣ ਲਈ ਕਦੇ ਆਮ ਆਦਮੀ ਪਾਰਟੀ ਨਾਲ ਸਾਂਝ ਬਣਾਉਣ ਦੇ ਯਤਨ 'ਚ ਹਨ ਅਤੇ ਕਦੇ ਸੁਖਪਾਲ ਖਹਿਰਾ ਦੀ ਪਾਰਟੀ ਨਾਲ ਭਾਈਵਾਲੀ ਕਰਦੇ ਦਿਸਦੇ ਹਨ। ਬਹੁਜਨ ਸਮਾਜਵਾਦੀ ਪਾਰਟੀ ਅਤੇ ਖੱਬੀਆਂ ਧਿਰਾਂ ਵੀ 2019 ਦੀਆਂ ਚੋਣਾਂ 'ਚ ਕਿਸ ਧਿਰ ਨਾਲ ਖੜਨਗੀਆਂ ਜਾਂ ਆਪਣੇ ਤੌਰ ਤੇ ਚੋਣ ਲੜਨਗੀਆਂ, ਇਸ ਬਾਰੇ ਸਪਸ਼ਟ ਤੌਰ ਤੇ ਕੁਝ ਵੀ ਕਿਹਾ ਨਹੀਂ ਜਾ ਸਕਦਾ।

ਪੰਜਾਬ ਦੇ ਮੌਜੂਦਾ ਸਿਆਸੀ ਮਾਹੌਲ 'ਚ ਆਮ ਆਦਮੀ ਪਾਰਟੀ ਤੋਂ ਲੋਕਾਂ ਦਾ ਵਿਸ਼ਵਾਸ ਡਗਮਗਾ ਚੁੱਕਾ ਹੈ। ਉਹ ਵੀ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਰਗੀਆਂ ਰਿਵਾਇਤੀ ਪਾਰਟੀਆਂ ਦੀ ਕਤਾਰ ਵਿੱਚ ਖੜੀ ਹੋ ਚੁੱਕੀ ਹੈ। ਕਾਂਗਰਸੀ ਸਰਕਾਰ ਦੀ ਨਾਕਾਮੀ ਤੋਂ ਲੋਕ ਪ੍ਰੇਸ਼ਾਨ ਦਿੱਖ ਰਹੇ ਹਨ। ਅਕਾਲੀਆਂ ਤੇ ਲੋਕਾਂ ਦਾ ਵਿਸ਼ਵਾਸ ਬੱਝ ਨਹੀਂ ਰਿਹਾ। ਖੱਬੇ ਪੱਖੀ ਧਿਰਾਂ ਵਲੋਂ ਇੱਕਠਿਆਂ ਹੋਕੇ ਹੰਭਲਾ ਨਾ ਮਾਰੇ ਜਾਣ ਕਾਰਨ, ਲੋਕ ਉਹਨਾ ਨਾਲ ਜੁੜ ਨਹੀਂ ਰਹੇ।

ਪੰਜਾਬ ਦੇ ਲੋਕਾਂ ਦੀ ਕਿਸੇ ਸਿਆਸੀ ਧਿਰ ਪ੍ਰਤੀ ਉਮੀਦ ਨਹੀਂ ਬੱਝ ਰਹੀ। ਤਦ ਵੀ 2019 ਦੀਆਂ ਚੋਣਾਂ 'ਚ ਉਹਨਾ ਹਿੱਸਾ ਤਾਂ ਲੈਣਾ ਹੀ ਹੈ ਇਸ ਆਸ ਨਾਲ ਕਿ ਦੇਰ-ਸਵੇਰ ਉਹਨਾ ਦੇ ਮੁੱਦਿਆਂ, ਮਸਲਿਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਜਾਂ ਘਟੋ-ਘੱਟ ਸੁਨਣ ਵਾਲਾ ਕੋਈ ਸਿਆਸਤਦਾਨ ਜਾਂ ਸਿਆਸੀ ਪਾਰਟੀ ਤਾਂ ਪੰਜਾਬ 'ਚ ਆਵੇਗੀ ਹੀ, ਜੋ ਉਹਨਾ ਦੀ ਸੁਣਵਾਈ ਕਰੇਗੀ।

# ਚਾਬੀਆਂ ਦਾ ਮੋਰਚਾ


ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸੰਨ 1849 ਵਿਚ ਪੰਜਾਬ ਉੱਤੇ ਅੰਗਰੇਜ਼ੀ ਹਕੂਮਤ ਦਾ ਰਾਜ ਹੋ ਗਿਆ। ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਤਰਨਤਾਰਨ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੀ ਥਾਪੇ ਸੰਚਾਲਕਾਂ ਦੇ ਹੱਥ ਦੇ ਦਿੱਤਾ। ਬਾਕੀ ਗੁਰਦੁਆਰਿਆਂ ਨਾਲ ਸਬੰਧਤ ਮਹੰਤ ਪੁਜਾਰੀ ਵੀ ਸਰਕਾਰ ਦੇ ਹੱਥ-ਠੋਕੇ ਹੀ ਸਨ। ਮਹੰਤਾਂ ਦੀਆਂ ਮਨਮਾਨੀਆਂ ਜਾਰੀ ਰਹੀਆਂ। ਸ੍ਰੀ ਗੁਰੂ ਸਿੰਘ ਸਭਾ ਲਹਿਰ ਨੇ ਅਜਿਹੀਆਂ ਘਿਨਾਉਣੀਆਂ ਹਰਕਤਾਂ ਖਤਮ ਕਰਨ ਦੇ ਯਤਨਾਂ ਵਿਚ ਗੁਰ ਮਰਿਆਦਾ ਵਿਚ ਰਹਿਣ ਦਾ ਪ੍ਰਚਾਰ ਕੀਤਾ। ਸਭਾ ਨੇ ਸੰਗਤਾਂ ਨੂੰ ਜਾਗਰਿਤ ਕੀਤਾ, ਜਿਸ ਨਾਲ ਸੁਧਾਰ ਹੋਣ ਲੱਗਾ। ਅਜਿਹੇ ਯਤਨਾਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਮਹੰਤਾਂ ਅਤੇ ਪੁਜਾਰੀਆਂ ਨੇ ਇਸਦਾ ਵਿਰੋਧ ਕੀਤਾ। ਸੰਗਤਾਂ ਨੇ ਭਾਰੀ ਦੀਵਾਨ ਸਜਾ ਕੇ ਉਹਨਾਂ ਨੂੰ ਸੁਧਰਨ ਦੀ ਚਿਤਾਵਨੀ ਵੀ ਦਿੱਤੀ ਪਰ ਫਿਰ ਵੀ ਉਹਨਾਂ ਨੂੰ ਸਰਕਾਰੀ ਸ਼ਹਿਰ ਪ੍ਰਾਪਤ ਸੀ, ਜਿਸ ਨਾਲ ਸੰਗਤ ਅੰਗਰੇਜ਼ ਹਕੂਮਤ ਦੇ ਦਬਾਅ ਹੇਠ ਸੀ। ਜਦੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਲਿਆ ਤਾਂ ਉਹਨਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ।

ਭਾਵੇਂ ਅਕਤੂਬਰ 1920 ਵਿਚ ਗੁਰਦੁਆਰਾ ਪ੍ਰਬੰਧ ਸੰਗਤਾਂ ਦੇ ਹੱਥ ਆ ਚੁੱਕਾ ਸੀ। ਪਰ ਅੰਗਰੇਜ਼ ਹਕੂਮਤ ਨੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਨਿਗਰਾਨ ਨਿਯੁਕਤ ਕਰੀ ਰੱਖਿਆ, ਜਿਸ ਕੋਲ ਖ਼ਜ਼ਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸੰਗਤਾਂ ਨੇ ਮਹਿਸੂਸ ਕੀਤਾ ਕਿ ਇਹ ਅਸਿੱਧੇ ਤੌਰ 'ਤੇ ਸਿੱਖ ਧਰਮ ਵਿਚ ਦਖ਼ਲ-ਅੰਦਾਜ਼ੀ ਹੈ। ਜਿਸ ਨਾਲ ਗੁਰਦੁਆਰਿਆਂ ਨੂੰ ਸਰਕਾਰੀ ਕਬਜ਼ੇ ਹੇਠ ਰੱਖਣ ਦੀ ਚਾਲ ਹੈ। ਅਕਤੂਬਰ 20, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਕਿ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਚਾਬੀਆਂ ਕਮੇਟੀ ਦੇ ਪ੍ਰਧਾਨ ਸ. ਖੜਕ ਸਿੰਘ ਨੂੰ ਸੌਂਪਣੀਆਂ ਚਾਹੀਦੀਆਂ ਹਨ ਪਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਸਨੂੰ ਰੋਕਣ ਲਈ ਵਧੀਕ ਕਮਿਸ਼ਨਰ ਅਮਰਨਾਥ ਨੂੰ ਪੁਲਿਸ ਦੇ ਕੇ ਭੇਜਿਆ ਕਿ ਸ. ਸੁੰਦਰ ਸਿੰਘ ਰਾਮਗੜ੍ਹੀਆ ਦੇ ਘਰ ਤੋਂ ਚਾਬੀਆਂ ਕਾਬੂ ਕਰ ਲਈਆਂ। ਸੰਗਤ ਵਿਚ ਗੁੱਸੇ ਦੀ ਲਹਿਰ ਉੱਠ ਪਈ। ਇਹ ਚਾਬੀਆਂ ਦੇ ਮੋਰਚੇ ਦਾ ਆਰੰਭ ਸੀ। ਨਵੰਬਰ 12, 1921 ਨੂੰ ਵਿਦਰੋਹ ਇਕੱਤਰਤਾ ਨੂੰ ਬਾਬਾ ਖੜਕ ਸਿੰਘ ਜੀ ਨੇ ਸੰਬੋਧਨ ਕੀਤਾ। ਅਜਿਹੀਆਂ ਹੀ ਵਿਦਰੋਹ ਇਕੱਤਰਤਾਵਾਂ ਗੁਜਰਾਂਵਾਲਾ, ਗੁਜਰਖਾਨ ਅਤੇ ਅਜਨਾਲਾ ਵਿਖੇ ਵੀ ਹੋਈਆਂ। ਸਰਕਾਰ ਵੀ ਆਪਣੇ ਹਠੀਲੇ ਵਤੀਰੇ 'ਤੇ ਅੜੀ ਰਹੀ। ਸਰਕਾਰ ਨੇ ਚਾਬੀਆਂ ਸੌਂਪਣ ਤੋਂ ਸਾਫ ਇਨਕਾਰ ਕਰ ਦਿੱਤਾ। ਸਰਕਾਰ ਨੇ ਸਿੱਖਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ। ਸ. ਖੜਕ ਸਿੰਘ, ਸਰਦਾਰ ਬਹਾਦਰ ਮਹਿਤਾਬ ਸਿੰਘ ਸਮੇਤ ਕਈ ਆਗੂਆਂ ਨੂੰ ਸਜ਼ਾਵਾਂ ਵੀ ਹੋਈਆਂ। ਸ. ਦਾਨ ਸਿੰਘ ਵਛੋਆ, ਜਸਵੰਤ ਸਿੰਘ ਝਬਾਲ ਵੀ ਅਜਨਾਲਾ ਦੇ ਦੀਵਾਨਾਂ ਵਿਚੋਂ ਗ੍ਰਿਫ਼ਤਾਰ ਕਰ ਲਏ ਗਏ।

ਤਦ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਜਨਾਲਾ ਵਿਖੇ ਸਜਾਏ ਗਏ ਦੀਵਾਨ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਗ੍ਰਿਫ਼ਤਾਰੀਆਂ ਜਾਰੀ ਰੱਖੀਆਂ। ਸਰਕਾਰ ਦੀ ਇਸ ਕਾਰਵਾਈ ਦੀ ਨਿੰਦਿਆ ਕਰਦਿਆਂ ਦਸੰਬਰ 4, 1921 ਨੂੰ ਵਿਦਰੋਹ ਦਿਨ ਮਨਾਉਣ ਲਈ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਗਿਆ। ਸੰਗਤਾਂ ਦਾ ਭਾਰੀ ਵਿਦਰੋਹ ਵੇਖ ਕੇ ਸਰਕਾਰ ਦਾ ਵਤੀਰਾ ਨਰਮ ਹੁੰਦਾ ਗਿਆ। ਉਹਨਾਂ ਜਾਣ ਲਿਆ ਸੀ ਕਿ ਇਸ ਵਿਦਰੋਹ ਦਾ ਮਾੜਾ ਅਸਰ ਫੌਜੀ ਅਤੇ ਕਿਸਾਨ 'ਤੇ ਵੀ ਪਵੇਗਾ। ਜਿਸ ਨਾਲ ਆਰਥਿਕ ਉਨਤੀ ਦਾ ਕੰਮਕਾਜ ਠੱਪ ਹੋ ਜਾਵੇਗਾ। ਸਰਕਾਰ ਦੀ ਸਥਿਤੀ ਵੀ ਵਿਗੜ ਸਕਦੀ ਹੈ। ਜਨਵਰੀ 5, 1922 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ 'ਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਸੰਗਤਾਂ ਨੇ ਚਾਬੀਆਂ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਸਾਰੇ ਗ੍ਰਿਫ਼ਤਾਰ ਕੀਤੇ ਸ਼ਰਧਾਲੂ ਰਿਹਾਅ ਨਹੀਂ ਕੀਤੇ ਜਾਂਦੇ। ਤਦ ਹੀ ਸੰਗਤਾਂ ਦੀ ਰਿਹਾਈ ਦੇ ਹੁਕਮ ਜਾਰੀ ਹੋ ਗਏ। ਜਨਵਰੀ 1922 ਨੂੰ ਸਰਕਾਰੀ ਅਧਿਕਾਰੀਆਂ ਨੇ ਚਾਬੀਆਂ ਬਾਬਾ ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਸੌਂਪੀਆਂ।

ਇਹ ਗੁਰਦੁਆਰਾ ਪ੍ਰਬੰਧ ਵਿਚ ਸਿੱਖ ਪੰਥ ਦੀ ਸ਼ਾਨਦਾਰ ਜਿੱਤ ਸੀ। ਇਸ ਜਿੱਤ ਦੀ ਸੰਸਾਰ ਵਿਚ ਸ਼ਲਾਘਾ ਹੋਈ। ਵਕਤੀ ਵਕਫ਼ਾ ਪਾ ਕੇ ਅੰਗਰੇਜ਼ ਹਕੂਮਤ ਫਿਰ ਬਦਲਾਖੋਰੀ ਤੇ ਉਤਰ ਆਈ। ਸਿੱਖਾਂ ਦੀਆਂ ਨਾਜਾਇਜ਼ ਗ੍ਰਿਫ਼ਤਾਰੀਆਂ, ਕੈਦਾਂ, ਜੁਰਮਾਨਿਆਂ ਦਾ ਸਿਲਸਿਲਾ ਆਰੰਭ ਹੋ ਗਿਆ।


ਗ੍ਰਿਫ਼ਤਾਰੀਆਂ ਦੀ ਗਿਣਤੀ 2 ਹਜ਼ਾਰ ਤੱਕ ਪੁੱਜ ਗਈ। ਜਿਸ ਤੋਂ ਅੰਗਰੇਜ਼ ਸਰਕਾਰ ਵਿਰੁੱਧ ਜਨਤਕ ਲਹਿਰ ਆਰੰਭ ਹੋਈ, ਜਿਸ ਨੇ ਦੇਸ਼ ਦੀ ਆਜ਼ਾਦੀ ਤੇ ਹੋਰ ਮੋਰਚਿਆਂ ਲਈ ਰਾਹ ਖੋਲ੍ਹ ਦਿੱਤਾ। ਇਸ ਤਰ੍ਹਾਂ 'ਚਾਬੀਆਂ ਦਾ ਮੋਰਚਾ' ਇਤਿਹਾਸਕ ਹੋ ਨਿੱਬੜਿਆ।

# ਪੱਤਰਕਾਰ ਸੱਚ ਦਾ ਸ਼ੀਸ਼ਾ ਦੇਖਣ : ਇਹਨੂੰ ਕਹਿੰਦੇ ਹਨ - ਪੂਰਾ ਸੱਚ !!


ਕੇਹਰ ਸ਼ਰੀਫ
+49 173 3546050

ਧੱਕੇ ਨਾਲ ਬਹੁਤ ਸਾਰੇ ਅੰਧ ਵਿਸ਼ਵਾਸੀਆਂ ਦੇ ਆਪੇ ਬਣੇ "ਪਿਤਾ ਜੀ'' ਗੁਰਮੀਤ ਰਾਮ ਰਹੀਮ ਵਲੋਂ ਪੱਤਰਕਾਰ ਰਾਮ ਚੰਦਰ ਛਤਰਪਤੀ ਨੂੰ ਕਤਲ ਕਰਨ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ ਹੈ। ਆਖਰ ਛਤਰਪਤੀ ਦਾ ਕਸੂਰ ਕੀ ਸੀ ? ਉਹਨੇ ਸੱਚ ਬੋਲਿਆ - ਕਿਉਂਕਿ ਉਹ ਪੱਤਰਕਾਰ ਸੀ, ਆਪਣੇ ਪੱਤਰਕਾਰ ਹੋਣ ਦਾ ਫ਼ਰਜ਼ ਨਿਭਾਇਆ। ਛਤਰਪਤੀ ਦੇ ਅਖਬਾਰ ਦਾ ਨਾਮ ਵੀ "ਪੂਰਾ ਸੱਚ'' ਸੀ ਉਹ ਨਿਰਭੈ ਅਤੇ ਨਿਡਰ ਵੀ ਸੀ।

ਰਾਮ ਰਹੀਮ ਨੂੰ ਹਰ ਤਰ੍ਹਾਂ ਦੀ ਸਿਆਸੀ ਸ਼ਹਿ ਪ੍ਰਾਪਤ ਸੀ, ਆਮ ਲੋਕਾਂ ਦੇ ਨਾਲ ਹੀ ਮੰਤਰੀਆਂ-ਸੰਤਰੀਆਂ ਦੀਆਂ ਲੰਬੀਆਂ ਕਤਾਰਾਂ "ਉਹਦੇ'' ਸਾਹਮਣੇ ਝੁਕ ਝੁਕ ਸਲਾਮਾਂ ਕਰਦੀਆਂ ਸਨ (ਸਿਆਸੀ ਨੇਤਾ ਡੇਰੇ ਨਾਲ ਜੁੜੀਆਂ ਵੋਟਾਂ ਦੀਆਂ ਗਰਜਾਂ ਖਾਤਰ)। ਬਾਹੂਬਲੀਆਂ ਦੀਆਂ ਵੱਡੀਆਂ ਧਾੜਾਂ ਵਲੋਂ ਇਸ "ਬਾਬੇ'' ਦੇ ਮਾੜੇ ਕੰਮਾਂ ਵਿਚ ਸਾਥ ਦੇਣ ਦੇ ਚਰਚੇ ਰਹਿੰਦੇ ਸਨ। ਰਾਮ ਰਹੀਮ ਆਪਣੇ ਆਪ ਨੂੰ ਕਾਨੂੰਨ ਤੋਂ ਵੱਡੀ "ਹੈਸੀਅਤ'' ਸਮਝਣ ਲੱਗ ਪਿਆ ਸੀ, ਇਸੇ ਕਰਕੇ ਉਹਨੇ ਸੱਚ ਦਾ ਮੂੰਹ ਬੰਦ ਕਰਨ ਦਾ ਹੁਕਮ ਦਿੱਤਾ। ਸੱਚ ਬੋਲਣKਲਿਖਣ ਵਾਲੇ ਪੱਤਰਕਾਰ ਨੂੰ ਸੱਚ ਬੋਲਣ ਦੀ ਸਜ਼ਾ ਦਿੱਤੀ ਤੇ ਮੌਤ ਦੇ ਘਾਟ ਉਤਾਰ ਦਿੱਤਾ। ਛਤਰਪਤੀ ਦੇ ਪਰਵਾਰ ਖਾਸ




ਕਰਕੇ ਪੁੱਤਰ ਅੰਸ਼ੁਲ ਛਤਰਪਤੀ ਨੇ ਆਪਣੇ ਪਿਤਾ ਨੂੰ ਕਤਲ ਕਰਨ ਦੇ ਖਿਲਾਫ ਹੋਰ ਕਾਫੀ ਸਾਰੇ ਲੋਕਾਂ ਦੀ ਮੱਦਦ ਨਾਲ 16 ਸਾਲ ਲੰਬੀ ਕਾਨੂੰਨੀ ਲੜਾਈ ਲੜੀ ਅਤੇ ਆਖਰ ਸੱਚ ਜਿੱਤ ਗਿਆ। ਛਤਰਪਤੀ ਅਮਰ ਹੋ ਗਿਆ।

ਅੱਜ ਦੀ ਖਾਸ ਲੋੜ ਹੈ ਪੱਤਰਕਾਰ ਭਾਈਚਾਰਾ ਸੱਚ ਦੇ ਸ਼ੀਸ਼ੇ ਵਿਚ ਆਪਣੇ ਵਲੋਂ ਕੀਤੇ ਜਾਂਦੇ ਕਾਰਜ ਦਾ ਚਿਹਰਾ ਦੇਖੇ। ਲੋਕਤੰਤਰ ਦੇ ਇਸ ਚੌਥੇ ਥੰਮ੍ਹ ਦੀ ਜੁੰਮੇਵਾਰੀ ਹੈ ਸਮਾਜ ਅੰਦਰ ਝੂਠ, ਅਨਿਆਂ ਦੇ ਖਿਲਾਫ ਲੜਦਿਆਂ ਸੱਚ ਦੇ ਬੋਲ ਉੱਚੇ ਕਰਨ ਦੀ। ਇਹ ਹੀ ਸੱਚ ਖਾਤਰ ਸ਼ਹੀਦ ਹੋਏ ਰਾਮ ਚੰਦਰ ਛਤਰਪਤੀ ਨੂੰ ਸ਼ਰਧਾਂਜਲੀ ਵੀ ਹੋਵੇਗੀ, ਉਸ ਨੂੰ ਚੇਤੇ ਰੱਖਣ ਅਤੇ ਚੇਤੇ ਕਰਨ ਦਾ ਸਹੀ ਰਾਹ ਵੀ ਹੋਵੇਗਾ।

ਸੱਚ ਖਾਤਰ ਜਿੰਦ ਵਾਰ ਗਿਆ ਰਾਮ ਚੰਦਰ ਛਤਰਪਤੀ ਲੋਕਾਂ ਦੇ ਚੇਤਿਆਂ, ਦਿਲਾਂ ਵਿਚ ਸਦਾ ਜਿਊਂਦਾ ਰਵ੍ਹੇਗਾ।

## ਜਰਖੜ ਖੇਡਾਂ 'ਤੇ ਵਿਸ਼ੇਸ਼ ਰਿਪੋਰਟ

# ਜਰਖੜ ਖੇਡਾਂ ਦੇ 32 ਵਰ੍ਹੇ - ਸਟੇਡੀਅਮ ਦੀ ਗਾਥਾ ਕਿਸੇ ਖੇਡ ਅਜੂਬੇ ਨਾਲੋਂ ਘੱਟ ਨਹੀਂ



ਯਾਦਵਿੰਦਰ ਸਿੰਘ ਤੂਰ
9501582626

ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀਆਂ ਜਰਖੜ ਖੇਡਾਂ ਆਪਣੇ 32ਵਰ੍ਹੇ ਪੂਰੇ ਕਰ ਚੁੱਕੀਆਂ ਹਨ। ਖੇਡਾਂ ਪ੍ਰਤੀ ਸੁਹਿਰਦ ਲੋਕਾਂ ਸਪਾਂਸਰ ਅਤੇ ਪ੍ਰਵਾਸੀ ਖੇਡ ਪ੍ਰਮੋਟਰਾਂ ਨੂੰ ਇਹ ਲੇਖ ਲਿਖਣ ਤੋਂ ਪਹਿਲਾ ਇੱਕ ਬੇਨਤੀ ਕਰਾਂਗਾ ਕਿ ਜੇਕਰ ਉਹ ਵਾਕਿਆ ਹੀ ਪੰਜਾਬ ਦੀਆਂ ਖੇਡਾਂ ਪ੍ਰਤੀ ਚਿੰਤਤ ਹਨ ਤਾਂ ਜਰਖੜ ਖੇਡ ਸਟੇਡੀਅਮ ਦਾ ਇੱਕ ਵਾਰ ਗੇੜਾ ਜ਼ਰੂਰ ਮਾਰ ਕੇ ਆਉਣ। ਪਿੰਡ ਜਰਖੜ ਲੁਧਿਆਣਾ ਤੋਂ 12 ਕਿਮੀ ਦੂਰ ਮਲੇਰਕੋਟਲਾ ਰੋਡ ਨੇੜੇ ਆਲਮਗੀਰ ਸਾਹਿਬ ਗੁਰੂ ਗੋਬਿੰਦ ਸਿੰਘ ਮਾਰਗ ਤੇ ਸਥਿਤ ਹੈ। 1800 ਕੁ ਅਬਾਦੀ ਵਾਲੇ ਇਸ ਪਿੰਡ ਨੇ ਖੇਡਾਂ ਦੇ ਖੇਤਰ ਵਿੱਚ ਆਪਣੀ ਪਹਿਚਾਣ ਪੂਰੀ ਦੁਨੀਆ ਵਿੱਚ ਬਣਾ ਲਈ ਹੈ। 1986 'ਚ 1200 ਰੁਪਏ ਦੇ ਬਜਟ ਨਾਲ ਅਤੇ ਨਿੱਕੇ ਜਿਹੇ ਗਰਾਊਂਡ 'ਚ ਹੋਈ ਖੇਡਾਂ ਦੀ ਸ਼ੁਰੂਆਤ ਨੇ ਅੱਜ ਪੰਜਾਬ ਦਾ ਹੀ ਨਹੀਂ ਸਗੋਂ ਮੁਲਕ ਦਾ ਇੱਕ ਅਜਿਹਾ ਨਿਵੇਕਲਾ ਸਟੇਡੀਅਮ ਜੋ ਮਾਤਾ ਸਾਹਿਬ ਕੌਰ ਦੇ ਨਾਮ ਤੇ ਹੈ, ਆਪਣੀ ਨਵੀਂ ਬਣਤਰ ਨਾਲ ਪੰਜਾਬ ਦੇ ਪੇਂਡੂ ਖੇਡ ਮੇਲਿਆ ਦਾ ਇੱਕ ਅਜੂਬਾ ਬਣ ਗਿਆ ਹੈ।








ਜਰਖੜ ਖੇਡਾਂ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਨ੍ਹਾਂ ਖੇਡਾਂ 'ਚ ਉਲੰਪਿਕ ਪੱਧਰ ਦੀਆਂ ਖੇਡਾਂ ਨੂੰ ਵੀ ਉਤਸ਼-



ਾਹਿਤ ਕੀਤਾ ਜਾਂਦਾ ਹੈ। ਸਟੇਡੀਅਮ ਵਿਚ ਇੱਕੋ ਸਮੇਂ ਬੈਠਿਆਂ ਦਾ 8 ਖੇਡਾਂ ਆਨੰਦ ਮਾਣਿਆ ਜਾ ਸਕਦਾ ਹੈ। ਇਨ੍ਹਾਂ ਖੇਡਾਂ ਵਿੱਚ ਆਮ ਤੌਰ 'ਤੇ ਹਾਕੀ, ਹੈਂਡਬਾਲ, ਬਾਸਕਟਬਾਲ, ਵਾਲੀਬਾਲ, ਕਬੱਡੀ ਇੱਕ ਪਿੰਡ ਓਪਨ (ਤਿੰਨ ਖਿਡਾਰੀ ਬਾਹਰਲੇ) ਕਬੱਡੀ 75 ਕਿੱਲੋ, ਵਾਲੀਬਾਲ ਸ਼ੂਟਿੰਗ, ਕੁਸ਼ਤੀਆਂ, ਸਾਈਕਲਿੰਗ, ਅਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਖੇਡਾਂ ਨੂੰ ਪੰਜਾਬ ਦੀਆਂ ਮਾਡਰਨ ਮਿੰਨੀ ਓਲੰਪਿਕ ਵੱਜੋਂ ਪਹਿਚਾਣ ਮਿਲੀ ਹੈ।

ਸਾਲ 2003 ਮਾਰਚ ਤੋਂ ਜਰਖੜ ਸਟੇਡੀਅਮ ਬਣਨਾ ਸ਼ੁਰੂ ਹੋਇਆ, ਅੱਜ ਇਸ ਵਿੱਚ ਐਸਟਰੋਟਰਫ ਹਾਕੀ ਮੈਦਾਨ, ਗਰਾਸ ਹਾਕੀ, ਦੋ ਵਾਲੀਬਾਲ ਕੋਰਟ, ਹੈਂਡਬਾਲ ਅਤੇ ਬਾਸਕਟਬਾਲ ਕੋਰਟ, ਕਬੱਡੀ ਅਤੇ ਕੁਸ਼ਤੀਆਂ ਦੇ ਵਧੀਆ ਮੈਦਾਨ ਬਣੇ ਹੋਏ ਹਨ। ਤਿੰਨ ਪ੍ਰਮੁੱਖ ਵੱਡੀਆਂ ਸਟੇਜਾਂ, ਸਟੇਡੀਅਮ ਵਿੱਚ ਤਿੰਨ ਦਰਜਨ ਦੇ ਕਰੀਬ ਕਮਰੇ, ਜਿੰਮ, ਫੋਟੋ ਗੈਲਰੀ, ਆਧੁਨਿਕ ਸਹੂਲਤਾਂ ਵਾਲਾ ਦਫਤਰ ਆਦਿ ਬਣੇ ਹੋਏ ਹਨ। ਜਰਖੜ ਸਟੇਡੀਅਮ ਪੰਜਾਬ ਦਾ ਪਹਿਲਾ ਇਹ ਸਟੇਡੀਅਮ ਹੈ ਜਿੱਥੇ ਫਲੱਡ ਲਾਈਟਾਂ ਦੀ ਸਹੂਲਤ ਵੀ ਉ-ਪਲਬਧ ਹੈ ਤੇ ਇਸ ਤੋਂ ਇਲਾਵਾ ਸਟੇਡੀਅਮ ਵਿੱਚ ਬਣੀ ਫੋਟੋ ਗੈਲਰੀ ਵਿੱਚ ਪੁਰਾਣੀਆਂ ਖੇਡਾਂ ਦੀਆਂ ਯਾਦਗਾਰਾਂ ਧਿਆਨ ਚੰਦ ਤੋਂ ਲੈ ਕੇ ਨਾਮੀ ਖਿਡਾਰੀਆਂ ਦੀਆਂ ਤਸਵੀਰਾਂ ਜਰਖੜ ਖੇਡਾਂ ਨਾਲ ਸਬੰਧਤ ਵੱਡੀਆਂ ਤਸਵੀਰਾਂ ਸਟੇਡੀਅਮ ਦੀ ਸ਼ਾਨ ਨੂੰ ਵਧਾ ਰਹੀਆਂ ਹਨ। ਇਸ ਤੋਂ ਇਲਾਵਾ 6 ਉੱਘੀਆਂ ਖੇਡ ਸਖਸ਼ੀਅਤਾਂ ਜਿਨ੍ਹਾਂ ਵਿੱਚ ਫਲਾਇੰਗ ਸਿੱਖ ਮਿਲਖਾ ਸਿੰਘ, ਹਾਕੀ ਦਾ ਜਾਦੂਗਰ ਧਿਆਨ ਚੰਦ, ਉਲੰਪੀਅਨ ਸੁਰਜੀਤ ਸਿੰਘ ਰੰਧਾਵਾ, ਉਲੰਪੀਅਨ ਪ੍ਰਿਥੀਪਾਲ ਸਿੰਘ, ਪਹਿਲੇ ਸਿੱਖ ਜਿਨ੍ਹਾਂ ਨੇ ਚਾਰ ਉਲੰਪਿਕਾਂ ਖੇਡਣ ਦਾ ਮਾਣ ਹਾਸਲ ਕੀਤਾ ਉਲੰਪੀਅਨ ਊਧਮ ਸਿੰਘ, ਖੇਡ ਪ੍ਰਮੋਟਰ ਅਮਰਜੀਤ ਸਿੰਘ ਗਰੇਵਾਲ ਗੁੱਜਰਵਾਲ ਦੇ ਆਦਮਕੱਦ ਬੁੱਤ ਸਥਾਪਿਤ ਕੀਤੇ ਗਏ ਹਨ। ਇਸਤੋਂ ਇਲਾਵਾ ਲੰਦਨ ਓਲੰਪਿਕ ਨਾਲ ਮੇਲ ਖਾਂਦੀ ਸੈਵਨ-ਏ ਸਾਈਡ ਨੀਲੇ ਰੰਗ ਦੀ ਐਸਟਰੋਟਰਫ ਜੋ ਆਪਣੇ ਹੀਲੇ ਵਸੀਲੇ ਨਾਲ ਲਗਵਾਈ ਹੈ, ਸਟੇਡੀਅਮ ਦੀ ਸ਼ੋਭਾ ਨੂੰ ਵਧਾ ਰਹੀ ਹੈ।

ਸਾਲ 2006 ਵਿੱਚ ਅਪ੍ਰੈਲ ਦੇ ਵਿੱਚ ਜਰਖੜ ਵਿਖੇ ਹਾਕੀ ਅਕੈਡਮੀ ਦੀ ਸਥਾਪਨਾ ਹੋਈ, ਜਰਖੜ ਅਕੈਡਮੀ 'ਚ ਇਸ ਵੇਲੇ 80 ਦੇ ਕਰੀਬ ਖਿਡਾਰੀ ਹਾਕੀ ਦੀ ਟ੍ਰੇਨਿੰਗ ਲੈ ਰਹੇ ਹਨ। ਸਾਰੇ ਹੀ ਖਿਡਾਰੀ ਗਰੀਬ ਘਰਾਂ ਨਾਲ ਸਬੰਧਤ ਹਨ। ਪਿਛਲੇ 1 ਦਹਾਕੇ 'ਚ 100 ਦੇ ਕਰੀਬ ਸਕੂਲ ਨੈਸ਼ਨਲ ਤੇ 50 ਤੋਂ ਵੱਧ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਖੇਡ ਚੁਕੇ ਹਨ। ਹੁਣ ਤੱਕ ਵੱਖ-ਵੱਖ ਵਿਭਾਗਾਂ 'ਚ 30 ਦੇ ਕਰੀਬ ਖਿਡਾਰੀਆਂ ਨੂੰ ਨੌਕਰੀ ਮਿਲ ਚੁੱਕੀ ਹੈ। ਉੱਤਰ ਭਾਰਤ ਦੇ ਸਾਰੇ ਪ੍ਰਮੁੱਖ ਟੂਰਨਾਮੈਂਟਾਂ 'ਚ ਜਰਖੜ ਅਕਾਦਮੀ ਦੇ ਖਿਡਾਰੀ ਆਪਣੀ ਪਹਿਚਾਣ ਨੂੰ ਦਰਸਾ ਰਹੇ ਹਨ।

ਜਰਖੜ ਖੇਡਾਂ, ਸਟੇਡੀਅਮ ਤੇ ਅਕਾਦਮੀ ਨੂੰ ਇਸ ਮੁਕਾਮ 'ਤੇ ਪਹੁੰਚਦਿਆਂ ਬਹੁਤ ਵੱਡੀਆਂ ਆਫਤਾਂ ਵੀ ਆਈਆਂ ਤੇ ਹਰ ਰੋਜ਼ ਕੋਈ ਨਵੀਂ ਤੋਂ ਨਵੀਂ ਸਮੱਸਿਆ ਆਉਂਦੀ ਹੈ ਪਰ ਪ੍ਰਮਾਤਮਾ ਦੀ ਮਿਹਰ ਸਦਕਾ ਅੱਜ ਜਰਖੜ ਖੇਡਾਂ ਬੁਲੰਦੀਆਂ ਵੱਲ ਵਧ ਰਹੀਆਂ ਹਨ। ਪੰਜਾਬ ਦੇ ਨਾਮੀ ਗਾਇਕ ਹਰਭਜਨ ਮਾਨ, ਦਿਲਜੀਤ ਦੋਸਾਂਝ, ਮਨਮੋਹਣ ਵਾਰਿਸ, ਦੇਬੀ ਮਖਸੂਸਪੁਰੀ, ਹਰਜੀਤ ਹਰਮਨ ਨੇ ਜਰਖੜ ਸਟੇਡੀਅਮ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਸਮੇਂ ਦੌਰਾਨ ਮੁਫਤ ਅਖਾੜੇ ਵੀ ਲਗਾਏ। ਇਹਨਾਂ ਸਾਰਿਆਂ ਦੇ ਯੋਗਦਾਨ ਸਦਕਾ ਜਰਖੜ ਖੇਡ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਆਪਣੀ ਦਿਨ ਰਾਤ ਦੀ ਮਿਹਨਤ ਨਾਲ ਸਟੇਡੀਅਮ ਨੂੰ ਪੂਰੇ ਵਿਸ਼ਵ 'ਚ ਰੁਸ਼ਨਾਉਣ ਦਾ ਜ਼ੋਰ ਲਗਾ ਰਹੇ ਹਨ। ਜਿਸਦੀ ਮਿਸਾਲ ਜਰਖੜ ਪਿੰਡ ਦੇ ਸਟੇਡੀਅਮ 'ਚ ਪਹੁੰਚਦਿਆਂ ਹੀ ਪਤਾ ਚਲਦਾ ਹੈ। ਇਸ ਵਰ੍ਹੇ ਦੀਆਂ ਜਰਖੜ ਖੇਡਾਂ ਜੋ 25 ਤੋਂ 27 ਜਨਵਰੀ ਤੱਕ ਹੋ ਰਹੀਆਂ ਹਨ। ਇਸ ਵਾਰ ਜਰਖੜ ਖੇਡਾਂ ਦੇ ਪ੍ਰਬੰਧਕਾਂ ਵੱਲੋਂ ਕਬੱਡੀ ਖੇਡ ਵੱਲ੍ਹ ਉਚੇਚਾ ਧਿਆਨ ਦਿੱਤਾ ਗਿਆ ਹੈ। ਕਬੱਡੀ ਆਲ-ਓਪਨ ਦਾ ਕੱਪ ਪੁਰਾਣੇ ਕਬੱਡੀ ਖਿਡਾਰੀ ਅਤੇ ਖੇਡਾਂ ਨੂੰ ਸਮਰਪਿਤ ਉੱਘੀ ਸ਼ਖਸੀਅਤ ਸਵਰਗੀ ਨਾਇਬ ਸਿੰਘ ਗਰੇਵਾਲ ਯੋਧਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇਸ ਤੋਂ ਇਲਾਵਾ ਧਰਮ ਸਿੰਘ ਜਰਖੜ ਕਬੱਡੀ ਕੱਪ ਅਤੇ ਚਮਕੌਰ ਸਿੰਘ ਮੋਹੀ ਦੀ ਯਾਦ ਨੂੰ ਸਮਰਪਤ ਕਬੱਡੀ ਕੱਪ ਹੋਣਗੇ। ਕਬੱਡੀ ਦੀਆਂ ਨਾਮੀ ਟੀਮਾਂ ਅਤੇ ਕਬੱਡੀ ਦੇ ਸੁਪਰਸਟਾਰ ਖਿਡਾਰੀ ਆਪਣੇ ਜੌਹਰ ਦਿਖਾਉਣਗੇ। ਇਸ ਤੋਂ ਇਲਾਵਾ ਮਹਿੰਦਰਪ੍ਰਤਾਪ ਗਰੇਵਾਲ ਚੈਰੀਟੇਬਲ ਟਰੱਸਟ, ਕੋਕਾ ਕੋਲਾ - ਏਵਨ ਸਾਈਕਲ ਕੰਪਨੀਆਂ, ਬੈਂਕ ਆਫ ਇੰਡੀਆ ਆਦਿ ਵੱਲੋਂ ਖੇਡਾਂ ਦੀ ਕਾਮਯਾਬੀ ਲਈ ਆਪਣਾ ਵਡਮੁੱਲਾ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸਦੇ ਨਾਲ ਹੀ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਐਡਵੋਕੇਟ ਹਰਕਮਲ ਸਿੰਘ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਸਿਆਟਲ, ਦਲਜੀਤ ਸਿੰਘ ਜਰਖੜ ਕੈਨੇਡਾ, ਪਰਮਜੀਤ ਸਿੰਘ ਨੀਟੂ, ਜਗਦੀਪ ਸਿੰਘ ਕਾਹਲੋਂ, ਸੰਦੀਪ ਸਿੰਘ ਪੰਧੇਰ, ਸ਼ਿੰਗਾਰਾ ਸਿੰਘ ਜਰਖੜ, ਦਪਿੰਦਰ ਸਿੰਘ, ਰਣਜੀਤ ਸਿੰਘ ਦੁਲੇਅ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ਆਦਿ ਹੋਰ ਪੂਰੀ ਟੀਮ ਵੱਲੋਂ ਖੇਡਾਂ ਦੀ ਕਾਮਯਾਬੀ ਲਈ ਤਨ ਮਨ ਧਨ ਨਾਲ ਆਪਣਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਵਾਰ ਜਰਖੜ ਖੇਡਾਂ 'ਚ ਉੱਘੀਆਂ 6 ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਨ੍ਹਾ 'ਚ ਓਲੰਪੀਅਨ ਰੁਪਿੰਦਰ ਪਾਲ ਸਿੰਘ, ਸੰਤ ਬਲਬੀਰ ਸਿੰਘ ਸੀਚੇਵਾਲ, ਡਿਪਟੀ ਡਾਇਰੈਕਟਰ ਖੇਡਾਂ ਓਂਕਾਰ ਸਿੰਘ ਵਿਰਕ, ਅੰਤਰ-ਰਾਸ਼ਟਰੀ ਪੱਤਰਕਾਰ ਸੰਤੋਖ ਸਿੰਘ ਮੰਡੇਰ, ਲੋਕ ਗਾਇਕ ਗਿੱਲ ਹਰਦੀਪ ਆਦਿ ਦੋ ਹੋਰ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹਾਕੀ ਮੁਕਾਬਲੇ ਮਹਿੰਦਰ-ਪ੍ਰਤਾਪ ਸਿੰਘ ਗਰੇਵਾਲ ਦੀ ਯਾਦ ਨੂੰ ਸਮਰਪਤ ਹੋਣਗੇ। ਏਵਨ ਸਾਈਕਲ ਕੰਪਨੀ ਵੱਲੋਂ ਜੇਤੂ ਖਿਡਾਰੀਆਂ ਲਈ 100 ਸਾਈਕਲ ਇਨਾਮ ਵਜੋਂ ਦਿੱਤੇ ਜਾਣਗੇ। ਟੂਰਨਾਮੈਂਟ ਦਾ ਉਦਘਾਟਨੀ ਸਮ-ਾਰੋਹ ਬਹੁਤ ਹੀ ਲਾਜਵਾਬ ਹੋਵੇਗਾ। ਫਾਈਨਲ ਸਮਾਰੋਹ 'ਤੇ 27 ਜਨਵਰੀ ਨੂੰ ਹਾਕੀ, ਕਬੱਡੀ, ਵਾਲੀਬਾਲ, ਬਾਸਕਟਬਾਲ ਆਦਿ ਖੇਡਾਂ ਦੇ ਫਾਈਨਲ ਮੁਕਾਬਲੇ ਤੋਂ ਇਲਾਵਾ ਉੱਘੇ ਲੋਕ ਗਾਇਕ ਕੰਵਰ ਗਰੇਵਾਲ ਅਤੇ ਰਾਜਵੀਰ ਜਵੰਧਾ ਆਪਣੀ ਗਾਇਕੀ ਦਾ ਹੁਨਰ ਦਿਖਾਉਣਗੇ।

ਕੁੱਲ ਮਿਲਾ ਕੇ ਜਰਖੜ ਖੇਡਾਂ ਆਪਣਾ ਇੱਕ ਨਿਵੇਕਲਾ ਇਤਿਹਾਸ ਰਚਣਗੀਆਂ।

**ਜਰਖੜ ਖੇਡਾਂ ਦੇ ਫਾਈਨਲ ਸਮਾਰੋਹ 'ਤੇ ਸਮਾਜ-ਸੇਵੀ ਤੇ ਖੇਡ ਜਗਤ ਦੀਆਂ 6 ਸਖਸ਼ੀਅਤਾਂ ਦਾ ਹੋਵੇਗਾ ਸਨਮਾਨ**

32ਵੀਆਂ ਮਾਡਰਨ ਪੇਂਡੂ ਮਿਨੀ ਓਲੰਪਿਕ ਜਰਖੜ ਖੇਡਾਂ 'ਚ ਜਿਥੇ ਕਬੱਡੀ, ਹਾਕੀ, ਵਾਲੀਬਾਲ, ਬਾਸਕ-ਟਬਾਲ ਆਦਿ ਖੇਡਾਂ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ, ਉਥੇ ਹੀ 27 ਜਨਵਰੀ ਨੂੰ ਖੇਡਾਂ ਦੇ ਫਾਈਲ ਸਮਾਰੋਹ 'ਤੇ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਜਿਨ੍ਹਾਂ 'ਚ ਕਬੱਡੀ ਸੁਪਰਸਟਾਰ ਪਾਲਾ ਜਲਾਲਪੁਰੀਆ ਨੂੰ 'ਪੰਜਾਬ ਦੀ ਕਬੱਡੀ ਦਾ ਮਾਣ ਐਵਾਰਡ', ਹਾਕੀ ਸਟਾਰ ਓਲੰਪੀਅਨ ਰੁਪਿੰਦਰਪਾਲ ਸਿੰਘ ਨੂੰ 'ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ', ਸੰਤ ਬਲਬੀਰ ਸਿੰਘ ਸੀਚੇਵਾਲ ਨੂੰ 'ਭਗਤ ਪੂਰਨ ਸਿੰਘ ਸਮਾਜਸੇਵੀ ਐਵਾਰਡ', ਕਾਮਨਵੈਲਥ ਖੇਡਾਂ 'ਚ ਸੋਨ ਤਗਮਾ ਜੇਤੂ ਅਥਲੀਟ ਨਵਜੀਤ ਕੌਰ ਢਿੱਲੋਂ ਨੂੰ 'ਪੰਜਾਬ ਦੀ ਧੀ ਦਾ ਮਾਣ ਐਵਾਰਡ', ਲੋਕ ਗਾਇਕ ਗਿੱਲ ਹਰਦੀਪ ਨੂੰ 'ਸੱਭਿਆਚਾਰ ਵਿਰਸਾ ਜਗਦੇਵ ਸਿੰਘ ਜੱਸੋਵਾਲ ਐਵਾਰਡ', ਉੱਘੇ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਨੂੰ 'ਅਮਰਜੀਤ ਸਿੰਘ ਗਰੇਵਾਲ ਖੇਡ ਪ੍ਰਮੋਟਰ ਐਵਾਰਡ' ਵਜੋਂ ਸਨਮਾਨਿਤ ਕੀਤਾ ਜਾਵੇਗਾ।



# ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਗੁਲਦਸਤੇ ਦਾ ਫੁੱਲ-ਕਹਾਣੀਕਾਰ ਬਾਬੂ ਸਿੰਘ ਰੈਹਲ

ਪੰਜਾਬੀ ਸੱਭਿਆਚਾਰ ਅਤੇ ਸਾਹਿਤ ਬਹੁਮੁੱਲਾ, ਵਿਲੱਖਣਤਾ ਭਰਪੂਰ ਅਤੇ ਅਮੀਰ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਅਲੰਬਰਦਾਰ ਬਣਾਉਣ ਅਤੇ ਪ੍ਰਫੁੱਲਤ ਕਰਨ ਚ ਬਹੁਤ ਸਾਰੇ ਲੇਖਕ,ਕਲਾਕਾਰ ਕਵੀ, ਕਹਾਣੀਕਾਰ ਆਪਣੀਆਂ ਰਚਨਾਵਾਂ ਨਾਲ ਵਡਮੁੱਲਾ ਯੋਗਦਾਨ ਪਾਉਣ ਲਈ ਯਤਨਸ਼ੀਲ ਹਨ। ਪਟਿਆਲਾ ਸ਼ਹਿਰ ਨੂੰ ਇਹ ਮਾਣ ਪ੍ਰਾਪਤ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਸ਼ਾ ਵਿਭਾਗ ਪਟਿਆਲਾ, ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਡਾ.ਦਰਸ਼ਨ ਸਿੰਘ ਆਸ਼ਟ, ਡਾ.ਰਾਜਵੰਤ ਕੌਰ ਪੰਜਾਬੀ, ਡਾ.ਅਰਵਿੰਦਰ ਕੌਰ ਕਾਕੜਾ, ਪ੍ਰਿੰਸੀਪਲ ਮੋਹਨ ਸਿੰਘ ਪ੍ਰੇਮ, ਪ੍ਰੋ.ਸ.ਸੋਜ.ਅਵਲ ਸਰਹੱਦੀ, ਜਗਦੀਸ਼ ਅਰਮਾਨੀ, ਬੀਨੂ ਢਿਲੋਂ, ਰਣਬੀਰ ਰਾਣਾ, ਪੰਮੀ ਬਾਈ, ਸੰਗੀਤਕਾਰ ਤੋਚੀ ਬਾਈ, ਸਤਵਿੰਦਰ ਬਿੱਟੀ, ਨਵਦੀਪ ਸਿੰਘ ਮੁੰਡੀ,ਡਾ.ਗੁਰਨੈਬ ਸਿੰਘ, ਡਾ.ਇੰਦਰਪਾਲ ਕੌਰ,ਗੁਰਬਚਨ ਸਿੰਘ ਪੱਬਾਰਾਲੀ, ਡਾ.ਹਰਪ੍ਰੀਤ ਸਿੰਘ ਰਾਣਾ, ਸੰਗੀਤਕਾਰ ਹਰਜੀਤ ਗੁੱਡੂ, ਗੀਤਕਾਰ ਗਿੱਲ ਸੁਰਜੀਤ, ਅੰਮ੍ਰਿਤ ਪਾਲ ਸਿੰਘ ਸ਼ੈਦਾ, ਦਵਿੰਦਰ ਪਟਿਆਲਵੀ, ਸਤਨਾਮ ਚੌਹਾਨ, ਸ਼ਾਇਰਾ ਰਣਜੀਤ ਕੌਰ ਸਵੀ ਵਰਗੀਆਂ ਮਹਾਨ ਸਾਹਿਤਕ ਹਸਤੀਆਂ ਪੈਦਾ ਕੀਤੀਆਂ ਹਨ ਅਤੇ ਉਹਨਾਂ ਨੇ ਸਾਹਿਤਕ ਖੇਤਰ 'ਚ ਲੰਮੀਆਂ ਪੁਲਾਂਘਾਂ ਪੁੱਟੀਆਂ ਹਨ ਅਤੇ ਪੰਜਾਬੀ ਸਾਹਿਤ ਦੀ ਝੋਲੀ ਆਪਣੀਆਂ ਸਾਰਥਕ ਰਚਨਾਵਾਂ ਪਾਕੇ ਪੰਜਾਬੀ ਮਾਂ ਬੋਲੀ ਦੇ ਸਪੂਤ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ। ਅਜਿਹੀਆਂ ਹੀ ਪ੍ਰੋੜ੍ਹ ਅਤੇ ਸਾਹਿਤਕ ਸ਼ਖ਼ਸੀਅਤਾਂ ਚੋਂ ਕਹਾਣੀਕਾਰ ਬਾਬੂ ਸਿੰਘ ਰੈਹਲ ਦਾ ਨਾਮ ਉਭਰ ਕੇ ਸਾਹਮਣੇ ਆਉਂਦਾ ਹੈ।

ਇਸ ਸੀਨੀਅਰ ਸਾਹਿਤਕ ਸ਼ਖ਼ਸੀਅਤ ਬਾਬੂ ਸਿੰਘ ਰੈਹਲ ਦਾ ਜਨਮ ਪਿੰਡ ਮੱਲ੍ਹੇਵਾਲ ਨੇੜੇ ਭਾਦਸੋਂ ਜਿਲ੍ਹਾ ਪਟਿਆਲਾ ਚ ਪਿਤਾ ਸ੍. ਅਰਜਣ ਸਿੰਘ ਅਤੇ ਮਾਤਾ ਸ਼੍ਰੀਮਤੀ ਦਲੀਪ ਕੌਰ ਦੇ ਘਰ ਹੋਇਆ। ਆਪਣੀ ਜ਼ਿੰਦਗੀ ਦੀਆਂ 75 ਕੁ ਹੁਸੀਨ ਬਹਾਰਾਂ ਅਤੇ ਪੱਤਝੜਾਂ ਦਾ ਆਨੰਦ ਮਾਣ ਚੁੱਕੇ ਕਹਾਣੀਕਾਰ ਬਾਬੂ ਸਿੰਘ ਰੈਹਲ ਨੇ ਗਿਆਨੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਵਿੱਚ ਮਾਸਟਰ ਡਿਗਰੀ ਦੀ ਤਾਲੀਮ ਹਾਸਲ ਕੀਤੀ ਹੋਈ ਹੈ।

ਆਪਣੇ ਇਸ ਸਾਹਿਤਕ ਸ਼ੌਕ ਬਾਬਤ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਉਹਨਾਂ ਦੇ ਸ਼ਰੀਕੇ 'ਚੋਂ ਤਾਇਆ ਜੀ ਲੱਗਦੇ ਕਵੀਸ਼ਰ ਗੁਰਦਿਆਲ ਸਿੰਘ ਰੈਹਲ ਦੇ ਕਹਿਣ ਤੇ ਛੇਵੀਂ ਕਲਾਸ ਚ ਪੜ੍ਹਦਿਆਂ ਪਹਿਲੀ ਕਵਿਤਾ

"ਕਈਆਂ ਸਦੀਆਂ ਮਗਰੋਂ ਇਹ ਸਦੀ ਵੀਸਵੀਂ ਆਈ,
ਪਿਆ ਕੂੜ ਪ੍ਰਧਾਨ ਫਿਰੇ,ਥਾਂ ਥਾਂ ਤੇ ਪਈ ਦੁਹਾਈ,
ਉੱਡ ਗਿਆ ਪਿਆਰ ਬਾਜ ਬਣਕੇ
ਰਹਿ ਗਿਆ ਹੁਣ ਡੂੰਘੇ ਤੋ ਹੌਂਕਾ"

ਲਿਖੀ ਸੀ। ਉਹਨਾਂ ਦੇ ਜਿਹਨ 'ਚ ਬਲਦੀ ਸਾਹਿਤ ਦੀ ਅੰਗਿਆਰੀ ਪੜ੍ਹਾਈ ਦੌਰਾਨ ਧੁਖਦੀ ਰਹੀ ਅਤੇ ਵਿਚਾਰਾਂ ਦਾ ਤੂਫਾਨ ਲਾਵਾ ਬਣਕੇ ਫੁੱਟਣ ਲਈ ਇਕੱਠਾ ਹੁੰਦਾ ਰਿਹਾ। ਪੀ. ਐਮ. ਟੀ. ਮਹਿਕਮਾ (ਹੁਣ ਟੈਲੀਫੋਨ ਵਿਭਾਗ) 'ਚ ਪਠਾਨਕੋਟ ਵਿਖੇ ਨਿਯੁਕਤੀ ਹੋਣ ਤੇ ਸ਼ਹਿਰ 'ਚ ਹੁੰਦੀਆਂ ਸਾਹਿਤ ਸਭਾਵਾਂ ਚ ਹਾਜ਼ਰੀ ਨਾਲ ਗੀਤਾਂ ਅਤੇ ਕਵਿਤਾਵਾਂ ਜ਼ਰੀਏ ਉਹ ਆਪਣੇ ਜਿਹਨ ਅੰਦਰੋਂ ਉੱਠਦੇ ਵਿਚਾਰਾਂ ਦੇ ਤੂਫਾਨ ਨੂੰ ਕੋਰੇ ਕਾਗਜ ਦੀ ਹਿੱਕ ਤੇ ਝਰੀਟ ਕੇ ਠੰਢਾ ਕਰਦਾ। ਉੱਥੇ ਸਾਹਿਤ ਸਭਾ ਦੇ ਪ੍ਰੋਗਰਾਮਾਂ ਚ ਪ੍ਰਸ਼ੋਤਮ ਲਾਲ ਵਹਿਸ਼ੀ, ਕੁੰਦਨ ਲਾਲ ਸ਼ਾਇਰ, ਕਮਲ ਮੇਰਠੀ, ਕ੍ਰਿਸ਼ਨ ਚੰਦ ਨਾਥ ਸ਼ਾਇਰ, ਕਰਤਾਰ ਸਿੰਘ ਬੁਲੰਗਣ ਵਰਗੇ ਸੂਝਵਾਨ ਅਤੇ ਪ੍ਰੋੜ੍ਹ ਸਾਹਿਤਕਾਰਾਂ ਦੀ ਸੰਗਤ ਨੇ ਬੇਹੱਦ ਉਤਸ਼ਾਹਿਤ ਕੀਤਾ ਅਤੇ ਸਾਹਿਤਕ ਵਿਦਵਾਨਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਪੰਜਾਬੀ 'ਚ ਛਪਦੇ ਮੈਗਜ਼ੀਨ "ਤਸਵੀਰ" 'ਚ ਜਦੋਂ 1964 ਉਹਨਾਂ ਦਾ ਲਿਖਿਆ ਪਹਿਲਾ ਗੀਤ "ਤੁਰ ਗਈਏਂ ਗੋਰੀਏ ਰੰਨੇ, ਸਾਨੂੰ ਬਿਰਹੋਂ ਦੀ ਅੱਗ 'ਚ ਜਲਾ ਕੇ" ਛਪਿਆ ਤਾਂ ਬਾਬੂ ਸਿੰਘ ਰੈਹਲ ਦੀ ਲੇਖਣੀ ਚ ਜਿੱਥੇ ਨਿਖਾਰ ਆਉਣਾ ਸ਼ੁਰੂ ਹੋ ਗਿਆ, ਉੱਥੇ ਸਾਹਿਤਕ ਪ੍ਰਵਿਰਤੀ ਹੋਰ ਵੀ ਰੁੜ੍ਹ ਹੋ ਗਈ। ਇੱਥੇ ਉਹਨਾਂ ਪ੍ਰੋ. ਬਲਜੀਤ ਸਿੰਘ ਨਾਟਕਕਾਰ ਦੇ ਪੰਜਾਬੀ ਕਲਾ ਮੰਦਰ ਚ ਸਾਹਿਤ ਦੀ ਟ੍ਰੇਨਿੰਗ ਦੌਰਾਨ "ਮਾਂ" ਨਾਟਕ ਚ ਕਾਲਜੀਏਟ ਲੜਕੇ ਦਾ ਪ੍ਰਭਾਵਸ਼ਾਲੀ ਰੋਲ ਕਰਕੇ ਇੱਕ ਚੰਗਾ ਅਦਾਕਾਰ ਹੋਣ ਦਾ ਵੀ ਸਬੂਤ ਦਿੱਤਾ। ਇੱਥੋਂ ਉਹਨਾਂ ਦਾ ਰੁਝਾਨ ਕਹਾਣੀਆਂ ਵੱਲ੍ਹ ਇਸ ਕਰਕੇ ਮੋੜਾ ਖਾ ਗਿਆ ਕਿ ਕਵਿਤਾ ਵਿੱਚ ਬੰਦਸ਼ਾਂ ਹੋਣ ਕਾਰਣ ਲੇਖਕ ਆਪਣੀਆਂ ਮਾਨਸਿਕ ਭਾਵਨਾਵਾਂ ਨੂੰ ਪੂਰਨ ਤੌਰ ਤੇ ਖੁੱਲ ਕੇ ਵਿਅਕਤ ਨਹੀਂ ਸਕਦਾ। ਸੰਨ 1970 ਵਿਆਂ ਚ ਚੰਡੀਗੜ੍ਹ ਬਦਲੀ ਹੋ ਜਾਣ ਤੇ ਉਹਨਾਂ ਪੇਂਡੂ ਲੋਕਾਂ ਦੀਆਂ ਡਰਾਊ ਭਾਵਨਾਵਾਂ ਅਤੇ ਕਾਲਪਨਿਕ ਸੋਚਾਂ ਦੀ ਉਪਜ ਆਧਾਰਿਤ ਪਹਿਲੀ ਕਹਾਣੀ "ਛਲੇਡਾ" ਲਿਖੀ, ਜੋ ਉਹਨਾਂ ਦੇ ਸਾਹਿਤਕ ਜੀਵਣ 'ਚ ਮੀਲ ਪੱਥਰ ਸਾਬਿਤ ਹੋਈ। ਇਸ ਕਹਾਣੀ ਦੇ ਪਾਤਰ ਵੀ ਉਹਨਾਂ ਆਪਣੇ ਪਿੰਡ ਦੇ ਹੀ ਇਸ ਕਿਸਮ ਦੀ ਸੋਚ ਵਾਲੇ ਵਿਅਕਤੀਆਂ ਨੂੰ ਹੀ ਬਣਾਇਆ। ਇਹ ਕਹਾਣੀ ਨੂੰ ਉਹਨਾਂ ਸੁਫਨੇ ਚ ਰੂਪਮਾਨ ਕੀਤਾ ਸੀ। ਲੁਧਿਆਣਾ ਬਦਲੀ ਦੌਰਾਨ "ਮੂੰਗਾ" ਮੈਗਜ਼ੀਨ ਦੇ ਵਿਸ਼ੇਸ਼ ਅੰਕ "ਕੀ ਜਾਣਾਂ ਮੈਂ ਕੌਣ 'ਚ ਉਚੇਰੇ ਕੱਦਾਵਰ ਲੇਖਕਾਂ ਨਾਲ ਆਪਣੇ ਹੀ ਬਾਰੇ ਲਿਖੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕਹਾਣੀ ਵੰਨਗੀ ਨੂੰ ਆਧਾਰ ਬਣਾ ਲਿਖਣਾ ਆਰੰਭ ਲਿਆ। ਬੱਸ ਉਹਨਾਂ ਫਿਰ ਪਿੱਛੇ ਮੁੜ ਨਹੀਂ ਦੇਖਿਆ। ਉਹਨਾਂ ਨੇ 1992 'ਚ "ਸੱਜਰੀਆਂ ਪੈੜਾਂ" ਪਹਿਲਾ ਕਹਾਣੀ ਸੰ-ਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਸੀ।ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਦਿੱਲੀ ਸਰਕਾਰ ਦੇ ਮੈਗਜ਼ੀਨ" ਪਾਲਿਕਾ ਸਮਾਚਾਰ" ਚ ਛਪੀਆਂ ਸਨ, ਜੋ ਇੱਕ ਸਾਹਿਤਕਾਰ ਲਈ ਕਿਸੇ ਸਨਮਾਨ ਤੋਂ ਘੱਟ ਨਹੀਂ।



ਸੰਨ 2009 ਚ ਉਹਨਾਂ ਦਾ "ਠਰੀਆਂ ਰਾਤਾਂ" ਅਤੇ 2013 ਚ "ਹਨੇਰਾ ਪੀਸਦੇ ਲੋਕ" ਛਪੇ ਹਨ, ਜਿਨ੍ਹਾਂ ਨੂੰ ਪਾਠਕਾਂ, ਲੇਖਕਾਂ, ਸਾਹਿਤਕਾਰਾਂ ਅਤੇ ਸ਼ੁਭਚਿੰਤਕਾਂ ਵੱਲੋਂ ਬਹੁਤ ਸਰਾਹਿਆ ਗਿਆ ਸੀ। ਉਹਨਾਂ ਦੀ ਵਿਸ਼ੇ ਪ੍ਰਤੀ ਪਕੜ ਬਹੁਤ ਮਜ਼ਬੂਤ ਹੈ। ਉਹਨਾਂ ਦਾ ਸੱਭਿਆਚਾਰ ਦੇ ਉਹ ਸ਼ਬਦ ਜੋ ਸਾਡੇ ਅਮੀਰ ਸੱਭਿਆਚਾਰ, ਰੀਤੀ ਰਿਵਾਜਾਂ ਜਾਂ ਬੋਲਚਾਲ ਚੋਂ ਮਨਫੀ ਹੋ ਗਏ ਹਨ, ਨੂੰ ਛਪਾਈ ਅਧੀਨ ਕਿਤਾਬ "ਸਾਡਾ ਵਿਰਸਾ, ਸਾਡੇ ਲੋਕ" ਵਿੱਚ ਸੁਰਜੀਤ ਰੱਖਣ ਦਾ ਸਿਰਤੋੜ ਯਤਨ ਹੈ। ਇਹ ਪੁਸਤਕ ਜਲਦੀ ਹੀ ਪੰਜਾਬੀ ਦੇ ਸੁਹਿਰਦ ਪਾਠਕਾਂ ਨੂੰ ਪੜ੍ਹਨ ਨੂੰ ਮਿਲੇਗੀ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਕਦੇ ਪਿਆਰ ਮੁਹੱਬਤ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਨਹੀਂ ਰੱਖਿਆ, ਸਗੋਂ ਸਮਾਜਿਕ, ਪਰਿਵਾਰਕ, ਸੱਭਿਆਚਾਰਕ ਸਰੋਕਾਰਾਂ, ਸਮੱਸਿਆਵਾਂ, ਚਲੰਤ ਮਾਮਲਿਆਂ ਨਾਲ ਜੁੜੇ ਵਿਸ਼ਿਆਂ ਨੂੰ ਆਧਾਰ ਬਣਾਇਆ ਹੈ। ਉਹਨਾਂ ਦੀਆਂ ਕਹਾਣੀਆਂ ਕਿਰਤੀਆਂ, ਕਾਮਿਆਂ, ਕਿਸਾਨਾਂ ਦੀ ਅਸਲੀਅਤ ਜਿੰਦਗੀ ਦਾ ਚਿਤਰਣ ਕਰਦੀਆਂ ਹਨ।

ਸਾਹਿਤ ਅਕਾਦਮੀ ਪੁਰਸਕਾਰ ਜੇਤੂ ਡਾ.ਦਰਸ਼ਨ ਸਿੰਘ ਆਸ਼ਟ ਦਾ ਇਸ ਕਹਾਣੀਕਾਰ ਬਾਰੇ ਕਹਿਣਾ ਹੈ: "ਬਾਬੂ ਸਿੰਘ ਰੈਹਲ ਜਿੱਥੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਸਕੱਤਰ ਜਨਰਲ ਦੀ ਹੈਸੀਅਤ ਚ ਪਿਛਲੇ ਲੰਮੇ ਅਰਸੇ ਤੋਂ ਬਾਖੂਬੀ ਜਿੰਮੇਵਾਰੀ ਨਿਭਾ ਰਹੇ ਹਨ, ਉੱਥੇ ਹੀ ਪੰਜਾਬੀ ਕਹਾਣੀ ਖੇਤਰ ਚ ਆਪਣੀ ਕਹਾਣੀ ਕਲਾ ਨਾਲ ਵਿਸ਼ੇਸ਼ ਥਾਂ ਬਣਾਈ ਹੋਈ ਹੈ। ਉਸਦੀਆਂ ਕਹਾਣੀਆਂ ਵਰਤਮਾਨ ਸਮਾਜ ਦੀ ਨਬਜ਼ ਪਛਾਣਦੀਆਂ ਹਨ। ਪਾਤਰਾਂ ਦੀ ਮਾਨਸਿਕਤਾ ਨੂੰ ਜਿਸ ਪੁਖਤਗੀ ਨਾਲ ਰੈਹਲ ਪੇਸ਼ ਕਰਦਾ ਹੈ,ਉਹ ਹਰ ਇੱਕ ਦੇ ਵੱਸ ਦੀ ਗੱਲ ਨਹੀਂ।ਬਹੁਤ ਸਾਰੀਆਂ ਕਹਾਣੀਆਂ ਉਸਦੇ ਅਨੁਭਵ ਵਿਚੋਂ ਨਿਕਲੀਆਂ ਹੋਈਆਂ ਹਨ। ਉਹ ਪੰਜਾਬੀ ਕਹਾਣੀ ਦਾ ਸੁਨਹਿਰਾ ਪੰਨਾ ਹੈ।"

ਡਾ.ਅਰਵਿੰਦਰ ਕੌਰ ਕਾਕੜਾ ਦੇ ਸ਼ਬਦਾਂ ਚ "ਇਹ ਤਾਂ ਕਹਾਣੀਕਾਰ ਦੀ ਖ਼ੂਬੀ ਹੁੰਦੀ ਹੈ ਕਿ ਉਹ ਆਪਣੇ ਵਿਸ਼ੇ ਨੂੰ ਲੈਕੇ ਕਿੱਥੋਂ ਤੱਕ ਸਫਲ ਹੁੰਦਾ ਹੈ। ਅਜੋਕੇ ਸਮੇਂ ਕਹਾਣੀਕਾਰਾਂ ਵਿਚੋਂ ਬਾਬੂ ਸਿੰਘ ਰੈਹਲ ਦਾ ਨਾਮ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸਮਾਜਿਕ ਵਿਸ਼ਿਆਂ ਨੂੰ ਲੈਕੇ ਪੰਜਾਬੀ ਵਿੱਚ ਵੱਖਰਾ ਹੀ ਰੰਗ ਬਿਖੇਰਿਆ ਹੈ ਅਤੇ ਉਹਨਾਂ ਦੀਆਂ ਕਹਾਣੀਆਂ ਵਿੱਚ ਕਵਿਤਾ ਵਰਗੀ ਰਵਾਨੀ, ਗੁਲਕੰਦ ਜਿਹੀ ਮਿਠਾਸ, ਮੋਤੀਆਂ ਵਰਗੀ ਚਮਕ, ਗੁੰਦਵੀਂ ਪ੍ਰਭਾਵਸ਼ਾਲੀ ਭਾਸ਼ਾ,, ਢੁਕਵੀਂ ਵਾਰਤਾਲਾਪ, ਦਿਲਕਸ਼ ਬੋਲੀ ਅਤੇ ਸ਼ੈਲੀ ਜਿਹੇ ਗੁਣ ਮੌਜੂਦ ਹੁੰਦੇ ਹਨ। ਵੱਖਰਾ ਰੰਗ ਬਿਖੇਰਦੀਆਂ ਕਹਾਣੀਆਂ ਪਾਠਕ ਨੂੰ ਕੀਲ ਲੈਣ ਦੇ ਸਮਰੱਥ ਹਨ।"



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਡਾ.ਜੋਗਿੰਦਰ ਸਿੰਘ ਨਿਰਾਲਾ ਮੁਤਾਬਿਕ "ਬਾਬੂ ਸਿੰਘ ਰੈਹਲ ਦੀਆਂ ਮੁੱਖ ਜੁਗਤਾਂ ਸੰਵਾਦੀ,ਵਾਰਤਾਲਾਪੀ, ਦ੍ਰਿਸ਼ ਵਰਣਨ, ਪਾਤਰਾਂ ਦੀ ਮਨੋਸਮਾਜਿਕ ਦਸ਼ਾ ਦੇ ਵੇਰਵੇ, ਬਿਰਤਾਂਤਕ ਸਥਿਤੀਆਂ ਦੀ ਸਿਰਜਣਾ, ਮਨ-ਬਚਨੀ, ਕਾਵਿਕ ਆਭਾ, ਸਵੈ-ਜੀਵਣੀ ਪਰਕ ਆਦਿ ਹਨ। ਭਾਸ਼ਾ ਪਾਤਰਾ-ਅਨੁਕੂਲ, ਸਹਿਜ, ਸੰਜਮੀ ਅਤੇ ਸ਼ਾਲੀਨਤਾ ਵਾਲੀ ਹੈ। ਲੇਖਕ ਨੂੰ ਕਥਾ ਅਤੇ ਕਥਨ ਦੀ ਸੂਝ ਹੈ।"

ਉਜਾਗਰ ਸਿੰਘ ਲੇਖਕ ਅਨੁਸਾਰ "ਬਾਬੂ ਸਿੰਘ ਰੈਹਲ ਦਾ ਪੰਜਾਬੀ ਕਹਾਣੀ ਖੇਤਰ ਚ ਚੰਗਾ ਉੱਦਮ ਹੈ। ਇਸ ਦੀਆਂ ਕਹਾਣੀਆਂ ਦੀ ਬੋਲੀ ,ਸ਼ੈਲੀ,ਵਿਸ਼ੇ ਆਮ ਲੇਖਕਾਂ ਨਾਲੋਂ ਹੱਟਕੇ ਹੈ,ਪੜਨ ਵਾਲੇ ਪਾਠਕਾਂ ਤੇ ਬੋਝ ਨਹੀਂ ਬਣਦੇ ਅਤੇ ਕਹਾਣੀ ਦਾ ਥੀਮ ਸਮਝਣ 'ਚ ਕੋਈ ਮੁਸ਼ਕਿਲ ਨਹੀਂ ਹੁੰਦੀ। ਭਵਿੱਖ ਵਿੱਚ ਲੇਖਕ ਤੋਂ ਹੋਰ ਚੰਗੀਆਂ ਕਹਾਣੀਆਂ ਰਾਹੀਂ ਪੰਜਾਬੀ ਭਾਸ਼ਾ ਦੀ ਸੇਵਾ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।"

ਨਿਰੰਜਣ ਬੋਹਾ ਅਨੁਸਾਰ "ਬਾਬੂ ਸਿੰਘ ਰੈਹਲ ਦੀਆਂ ਕਹਾਣੀਆਂ ਵਿਚਲੀ ਮਾਨਵਤਾ ਪੱਖੀ ਸੋਚ ਦਾ ਮੈਂ ਹਰਦਿਕ ਸਵਾਗਤ ਕਰਦਾ ਹਾਂ।"

ਸਾਹਿਤਕਾਰ ਸੁਰਜੀਤ ਜੱਜ ਦੇ ਵਿਚਾਰਾਂ ਅਨੁਸਾਰ "ਬਾਬੂ ਸਿੰਘ ਰੈਹਲ ਦੀ ਥੋੜ੍ਹੇ ਸ਼ਬਦਾਂ ਚ ਵੱਡੀ ਗੱਲ ਕਹਿਣ ਦਾ ਯਤਨ ਸਲਾਘਾਯੋਗ ਉੱਦਮ ਹੈ। ਉਹ ਪਾਠਕਾਂ ਨਾਲ ਭਾਵਨਾ ਦਾ ਰਿਸ਼ਤਾ ਕਾਇਮ ਕਰਦਾ ਹੈ। ਉਹ ਪਾਠਕ ਨਾਲ ਸਿੱਧਾ ਸੰਬੰਧ ਜੋੜਨ ਲਈ ਭਾਸ਼ਨੀ ਜੁਗਤ ਦੀ ਵਰਤੋਂ ਕਰਦਾ ਹੈ।"

ਉਹਨਾਂ ਦੀ ਲਿਖੀ ਕਹਾਣੀ "ਕਲਾਕਾਰ ਮੈਗਜੀਨ" ਲਈ ਵੀ ਚੁਣੀ ਗਈ ਸੀ, ਜੋ ਦੂਜੇ ਸਥਾਨ ਤੇ ਰਹੀ ਸੀ।ਮਾਣ ਸਨਮਾਨ ਦੀ ਗੱਲ ਕਰਦਿਆਂ ਉਹਨਾਂ ਦੱਸਿਆ ਕਿ ਸਾਹਿਤ ਸਭਾ ਸਰਹਿੰਦ, ਕਲਾਕਾਰ ਮੈਗਜ਼ੀਨ ਅਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ "ਰਾਜਿੰਦਰ ਕੌਰ ਵੰਤਾ" ਯਾਦਗਾਰੀ ਸਨਮਾਨ ਮਿਲੇ ਹਨ। ਪਰ ਸਭ ਤੋਂ ਵੱਡਾ ਮਾਣ ਸਨਮਾਨ ਪਾਠਕਾਂ ਦਾ ਪਿਆਰ ਹੁੰਦਾ ਹੈ।

ਉਹ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਸਾਹਿਤਿਕ ਗੁਲਦਸਤੇ ਦਾ ਗੁਲਾਬ ਦਾ ਫੁੱਲ ਹੈ ਅਤੇ ਸਭਾ ਦੇ ਸਕੱਤਰ ਜਨਰਲ ਹਨ। ਉਹਨਾਂ ਆਪਣੀ ਸਰਵਿਸ ਦੀ ਠਹਿਰ ਦੌਰਾਨ ਭਾਰਤ ਦੇ ਸ਼ਹਿਰਾਂ ਸੰਬੰਧੀ ਜਾਣਕਾਰੀ ਭਰਪੂਰ ਲੇਖ ਵੀ ਲਿਖੇ ਹਨ।ਅੱਜਕਲ੍ਹ ਉਹ ਆਪਣੀ ਪਤਨੀ ਅਤੇ ਬੱਚਿਆਂ ਨਾਲ ਪਟਿਆਲਾ ਵਿਖੇ ਰਹਿ ਕੇ ਪੰਜਾਬੀ ਸਾਹਿਤ ਦੀ ਸੇਵਾ ਲਈ ਤੱਤਪਰ ਹਨ ਹਨ।

# ਵਿਲੱਖਣ ਸਖਸ਼ੀਅਤ ਦਾ ਮਾਲਕ : ਮੁੱਖ ਅਧਿਆਪਕ ਅਮਰਜੀਤ ਸਿੰਘ ਦੁਲੱਦੀ

ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ ।ਇਹੋ ਜਿਹਾ ਹੀ ਇਨਸਾਨ ਹੈ ਅਮਰਜੀਤ ਸਿੰਘ ਦੁਲੱਦੀ ਜੋ ਸਿੱਖਿਆ ਖੇਤਰ ਵਿੱਚ ਵਿਲੱਖਣ ਸੇਵਾ ਨਿਭਾ ਚੁੱਕਿਆ ਹੈ। ਉਸ ਦਾ ਜਨਮ ਪਿਤਾ ਸਵ: ਸ੍ਰ. ਜੰਗ ਸਿੰਘ ਦੇ ਘਰ ਮਾਤਾ ਸਵ: ਸ਼੍ਰੀਮਤੀ ਗੁਰਨਾਮ ਕੌਰ ਦੀ ਕੁੱਖੋਂ ਇਤਿਹਾਸਕ ਸ਼ਹਿਰ ਨਾਭਾ ਦੀਆ ਜੜ੍ਹਾਂ'ਚ ਵਸੇ ਪਿੰਡ ਦੁਲੱਦੀ (ਪਟਿਆਲਾ) ਵਿਖੇ 13 ਜਨਵਰੀ 1960 ਨੂੰ ਹੋਇਆ। ਉਸਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਨਾਨਕੇ ਸਰਕਾਰੀ ਹਾਈ ਸਕੂਲ ਭਵਾਨੀਗੜ੍ਹ ਤੋਂ 1976 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਕੇ ਪ੍ਰਾਪਤ ਕੀਤੀ। ਸਰਕਾਰੀ ਰਣਬੀਰ ਕਾਲਜ ਸੰਗਰੂਰ ਤੋਂ ਉਸ ਨੇ ਬੀ.ਐਸ.ਸੀ. (ਮੈਡੀਕਲ) 1981'ਚ ਪਾਸ ਕੀਤੀ। ਕਾਲਜ ਦੀ ਪੜ੍ਹਾਈ ਦੌਰਾਨ ਉਹ ਵਧੀਆ ਗਾਇਕ ਦੇ ਤੌਰ ਤੇ ਚਰਚਿਤ ਰਹਿਆ।ਉਸ ਨੇ ਆਪਣਾ ਅਧਿਆਪਕ ਬਨਣ ਦਾ ਸੁਪਨਾ ਪੂਰਾ ਕਰਨ ਲਈ ਬੀ.ਐੱਡ. ਜਿਲ੍ਹਾ ਲੁਧਿਆਣੇ ਦੇ ਗੁਰੂਸਰ ਸੁਧਾਰ ਕਾਲਜ ਤੋਂ 1982 ਵਿੱਚ ਕਰ ਲਈ। ਉਸ ਨੇ ਐਸ.ਡੀ.ਹਾਈ ਸਕੂਲ ਨਾਭਾ ਵਿਖੇ 6 ਅਕਤੂਬਰ 1982 ਤੋਂ 20 ਸਤੰਬਰ 1983 ਤੱਕ ਬਤੌਰ ਸਾਇੰਸ ਮਾਸਟਰ ਸੇਵਾ ਨਿਭਾਈ । ਉਸ ਦੀ ਐਡਹਾਕ ਨਿਯੁਕਤੀ ਸਿੱਖਿਆ ਵਿਭਾਗ ਵਿੱਚ ਬਤੌਰ ਸਾਇੰਸ ਮਾਸਟਰ ਹੋਣ ਤੇ ਆਪਣੀ ਹਾਜ਼ਰੀ 28 ਜਨਵਰੀ 1984 ਨੂੰ ਸ.ਹ.ਸ. ਕੁਲਬੁਰਛਾਂ (ਪਟਿਆਲਾ) ਵਿਖੇ ਦੇ ਕੇ ਉਸ ਨੇ ਸੇਵਾ ਆਰੰਭ ਕੀਤੀ।ਉਸ ਨੇ ਸਰਕਾਰੀ ਹਾਈ ਸਕੂਲ ਕਕਰਾਲਾ, ਸ.ਹ.ਸ. ਬਾਦਸ਼ਾਹਪੁਰ,ਸ.ਹ.ਸ. ਗੱਜੂਮਾਜਰਾ ਵਿਖੇ ਵੀ ਸੇਵਾ ਨਿਭਾਈ।ਸ.ਮਿ.ਸ. ਰਾਮਗੜ੍ਹ ਬੌੜਾਂ ਸਮਾਂ ਸੇਵਾ ਨਿਭਾਉਣ ਉਪਰੰਤ ਉਸ ਨੇ ਸਰਕਾਰੀ ਹਾਈ ਸਕੂਲ ਬਾਬਰਪੁਰ (ਪਟਿਆਲਾ) ਵਿਖੇ ਜੁਲਾਈ 1987 ਨੂੰ ਬਤੌਰ ਸਾਇੰਸ ਮਾਸਟਰ ਹਾਜ਼ਰੀ ਦਿੱਤੀ। ਇੱਥੇ ਹੀ ਉਸ ਦੀ ਸੇਵਾ ਮਹਿਕਮੇ ਨੇ ਪਿਛੋਂ 1 ਅਪ੍ਰੈਲ 1985 ਤੋਂ ਰੈਗੂਲਰ ਕਰ ਦਿੱਤੀ। ਇਥੇ ਉਸ ਨੂੰ ਤਕਰੀਬਨ 7 ਸਾਲ ਬਤੌਰ ਡੀ.ਡੀ.ਓ. ਕੰਮ ਕਰਨ ਦਾ ਮੌਕਾ ਮਿਲਿਆ ।ਇਸ ਸਮੇਂ ਦੌਰਾਨ ਸਕੂਲ ਦੇ ਵਿਕਾਸ ਲਈ ਪਿੰਡ ਨਿਵਾਸੀਆਂ ਅਤੇ ਸਮੂਹ ਸਟਾਫ ਦਾ ਉਸਦੀ ਨਿਮਰਤਾ, ਬੋਲਬਾਣੀ, ਉਤਸ਼ਾਹ ਕਰਕੇ ਖੂਬ ਸਹਿਯੋਗ ਮਿਲਿਆ। ਉਨ੍ਹਾਂ ਦਾਨੀ ਸੱਜਣਾਂ ਦੇ ਸਹਿਯੋਗ ਅਤੇ ਗ੍ਰਾਂਟ ਆਦਿ ਨਾਲ ਸਕੂਲ ਦੀ ਬਿਲਡਿੰਗ ਦੀ ਲੋੜ ਮੁਤਾਬਕ ਉਸਾਰੀ ਕਰਵਾਈ।ਉਸ ਦੇ ਸਕੂਲ ਦੇ ਬੱਚੇ ਖੇਡਾਂ ਵਿੱਚ ਸਟੇਟ ਪੱਧਰ ਦੇ ਮੁਕਾਬਲਿਆਂ 'ਚ ਭਾਗ ਲੈ ਕੇ ਸਕੂਲ ਦਾ ਨਾਂ ਉੱਚਾ ਕਰਦੇ ਰਹੇ ਹਨ ਅਤੇ ਖੇਡਾਂ ਦੀਆਂ





ਪ੍ਰਾਪਤੀਆਂ ਸਦਕਾ ਕਈਆਂ ਨੂੰ ਨੌਕਰੀਆਂ ਮਿਲੀਆਂ ਹਨ। ਉਸ ਦੇ ਆਪਣੇ ਸਟਾਫ ਨਾਲ ਹਮੇਸ਼ਾਂ ਪਰਿਵਾਰਕ ਰਿਸ਼ਤੇ ਵਾਂਗ ਸੰਬੰਧ ਰਹੇ ਹਨ। ਉਹ ਚੌਥਾ ਦਰਜਾ ਕਰਮਚਾਰੀਆਂ ਨੂੰ ਹਮੇਸ਼ਾਂ ਬਰਾਬਰ ਸਮਝਦੇ ਰਹੇ ਹਨ। ਇਨ੍ਹਾਂ ਦੀ ਔਖੇ ਸਮੇਂ ਚੁੱਪ-ਚਪੀਤੇ ਮਦਦ ਕਰਨੀ,ਪਹਿਲ ਦੇ ਆਧਾਰ ਤੇ ਕੰਮ ਕਰਨੇ ਉਨ੍ਹਾਂ ਦਾ ਗੁਣ ਹੈ। ਅਧਿਆਪਕ ਮੰਗਾਂ ਅਤੇ ਸਿੱਖਿਆ ਸੁਧਾਰਾਂ ਸਬੰਧੀ ਚਿੰਤਤ ਅਮਰਜੀਤ ਸਿੰਘ ਦੁਲੱਦੀ ਦੀ ਕਾਬਲੀਅਤ ਦੇਖਦੇ ਹੋਏ ਅਧਿਆਪਕ ਦਲ ਪੰਜਾਬ ਵਲੋਂ 1999'ਚ ਉਸ ਨੂੰ ਜਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਉਸ ਨੇ ਜਿਲ੍ਹੇ ਅੰਦਰੋਂ ਅਧਿਆਪਕ ਦਲ ਨੂੰ ਪੂਰਾ ਬਲ ਦੇਣ ਦੀ ਹਮੇਸ਼ਾਂ ਤਨ ਮਨ ਧਨ ਤੋਂ ਕੋਸ਼ਿਸ਼ ਕੀਤੀ।ਇਸੇ ਸਦਕਾ ਉਸ ਨੂੰ 2004 'ਚ ਸਟੇਟ ਸਕੱਤਰ ਅਤੇ 2016 'ਚ ਸੀਨੀ. ਮੀਤ ਪ੍ਰਧਾਨ ਬਣਾਇਆ ਗਿਆ। ਸ.ਹ.ਸ. ਬਾਬਰਪੁਰ ਦੀ ਕੁਲ 35 ਸਾਲ ਦੀ ਸੇਵਾ ਵਿੱਚੋਂ ਤਕਰੀਬਨ 28 ਸਾਲ ਦੀ ਮਾਣਮੱਤੀ ਸੇਵਾ ਬਾਬਰਪੁਰ ਸਕੂਲ ਵਿੱਚ ਨਿਭਾ ਕੇ ਉਸ ਨੇ 1 ਅਪ੍ਰੈਲ 2015 ਨੂੰ ਤਰੱਕੀ ਲੈਕੇ ਸਰਕਾਰੀ ਹਾਈ ਸਕੂਲ ਗੁਰਦਿੱਤਪੁਰਾ ਵਿਖੇ ਬਤੌਰ ਮੁੱਖ ਅਧਿਆਪਕ ਸੇਵਾ ਸ਼ੁਰੂ ਕੀਤੀ। ਇਥੇ ਵੀ ਸਕੂਲ ਸਟਾਫ ਦੇ ਸਹਿਯੋਗ ਨਾਲ ਸਕੂਲ ਦੀ ਥੋੜੇ ਸਮੇਂ ਦੌਰਾਨ ਨੁਹਾਰ ਬਦਲਣ ਦੀ ਕੋਸ਼ਿਸ਼ ਕੀਤੀ। ਇਸ ਸਕੂਲ ਦੇ ਅਪਗਰੇਡ ਹੋਣ ਉਪਰੰਤ ਪ੍ਰਿੰਸੀਪਲ ਦੀ ਨਿਯੁਕਤੀ ਹੋਣ ਕਾਰਣ ਉਸ ਦੀ ਅਡਜਸਟਮੈਂਟ ਸ.ਹ.ਸ. ਬਿੰਨਾਹੇੜੀ ਵਿਖੇ 11 ਅਗਸਤ 2016 ਨੂੰ ਕਰ ਦਿੱਤੀ ।ਇਥੇ ਉਸ ਨੇ ਸਕੂਲ ਦੀ ਅਧੂਰੀ ਨਵੀਂ ਬਣ ਰਹੀ ਬਿਲਡਿੰਗ ਨੂੰ ਪਿੰਡ ਦੀ ਪੰਚਾਇਤ ਅਤੇ ਮੋਹਤਬਰ ਬੰਦਿਆਂ ਦੇ ਸਹਿਯੋਗ ਨਾਲ ਪੂਰਾ ਕਰਵਾਕੇ ਸਕੂਲ ਨੂੰ ਨਵੀਂ ਬਿਲਡਿੰਗ ਵਿੱਚ ਸਿਫਟ ਕਰਾਉਣ ਦਾ ਅਹਿਮ ਕੰਮ ਕੀਤਾ। ਉਸ ਨੇ ਥੋੜੇ ਸਮੇਂ 'ਚ ਬੱਚਿਆਂ ਨੂੰ ਖੇਡਾਂ 'ਚ ਬਿਨ੍ਹਾਂ ਡੀ.ਪੀ.ਈ. ਦੇ ਆਪਣੇ ਮਿਹਨਤੀ ਸਟਾਫ ਦੇ ਸਹਿਯੋਗ ਨਾਲ ਸਟੇਟ ਪੱਧਰ ਦੇ ਮੁਕਾਬਲਿਆਂ 'ਚ ਭਾਗ ਦਿਵਾਇਆ। ਉਹ ਆਪਣੀ ਇਮਾਨਦਾਰੀ ਨਾਲ ਬੇਦਾਗ ਮਾਣਮੱਤੀ ਸੇਵਾ ਨਿਭਾ ਕੇ 31 ਜਨਵਰੀ 2018 ਨੂੰ ਸਿਰਫ ਇੱਕ ਸਾਲ ਦਾ ਵਾਧਾ ਲੈ ਕੇ ਮੁਖ ਅਧਿਆਪਕ ਦੀ ਸੇਵਾ-ਤੋਂ ਮੁਕਤ ਹੋ ਰਹੇ ਹਨ।

ਉਹ ਸਮਾਜ ਸੇਵਾ ਨੂੰ ਸਮਰਪਿਤ, ਮਿੱਠਬੋਲੜਾ, ਹਲੀਮੀ ਦਾ ਪ੍ਰਤੀਕ, ਸਮੇਂ ਦਾ ਪਾਬੰਦ,ਦੁਜਿਆਂ ਦੇ ਦੁੱਖ ਸੁੱਖ ਦਾ ਭਾਈਵਾਲ, ਕੁਸ਼ਲ ਪ੍ਰਬੰਧਕ ਅਤੇ ਮਿਲਣਸਾਰ ਸੁਭਾਅ ਵਾਲਾ ਇਨਸਾਨ ਹੈ। ਇੱਕ ਨੇਕ ਵਿਲੱਖਣ ਸਖ਼ਸ਼ੀਅਤ ਹੋਣ ਦੇ ਨਾਤੇ ਉਹ ਅਧਿਆਪਕ, ਵਿਦਿਆਰਥੀ ਅਤੇ ਸਮਾਜ ਲਈ ਰੋਲ ਮਾਡਲ ਹੈ। ਉਸ ਦੀ ਧਾਰਮਿਕ ਬਿਰਤੀ ਨੇ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਪਿੰਡ ਤੋਂ ਬਾਹਰ ਖੁਲ੍ਹੀ ਜਗ੍ਹਾ ਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਉਸਾਰਣ 'ਚ ਮੂਹਰੇ ਹੋ ਕੇ ਦਿਨ ਰਾਤ ਉਸ ਤੋਂ ਸੇਵਾ ਲਈ । ਨਵੇਂ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਉਸ ਸਮੇਂ ਤੋਂ ਹੀ ਉਹ ਬਹੁਤ ਸਲੀਕੇ ਨਾਲ ਸੰਗਤ ਨੂੰ ਨਾਲ ਲੈਕੇ ਵਧੀਆ ਢੰਗ ਨਾਲ ਚਲਾਉਂਦੇ ਆ ਰਹੇ ਹਨ। ਹਰੇਕ ਸਾਲ ਕੋਈ ਨਾ ਕੋਈ ਵੱਡੇ ਪੱਧਰ ਤੇ ਧਾਰਮਿਕ ਸਮਾਗਮ ਕਰਾਕੇ ਗਿਆਨ ਵਿਹੂਣੇ ਲੋਕਾਂ ਵਿਸ਼ੇਸ਼ ਕਰਕੇ ਬੱਚਿਆ ਨੂੰ ਗੁਰਮਤਿ ਨਾਲ ਜੋੜਨ ਦਾ ਨਿਵੇਕਲਾ ਉਪਰਾਲਾ ਕਰਦੇ ਹਨ। ਹੈਦਰਾਬਾਦ ਵਿਖੇ ਅਧਿਆਪਕਾਂ ਲਈ ਲੱਗੀ ਵਰਕਸ਼ਾਪ ਵਿੱਚ ਪੰਜਾਬ ਵਲੋਂ ਪ੍ਰਤੀਨਿਧਤਾ ਕਰਨ ਸਮੇਂ ਸ਼੍ਰੀ ਸੋਮ ਨਾਥ ਅਤੇ ਉਸ ਨੂੰ ਕੇਂਦਰ ਸਰਕਾਰ ਦੇ ਮਨੁੱਖੀ ਸਰੋਤ ਮੰਤਰਾਲੇ ਵਲੋਂ ਵਧੀਆ ਕਾਰਗੁਜ਼ਾਰੀ ਸਦਕਾ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਨੌਕਰੀ ਦੌਰਾਨ ਹੀ ਪ੍ਰਾਈਵੇਟ ਤੌਰ ਤੇ ਧਾਰਮਿਕ ਬਿਰਤੀ ਕਾਰਣ ਡਿਪਲੋਮਾ ਇਨ ਗੁਰਮਤਿ ਸੰਗੀਤ ਅਤੇ ਡਿਪਲੋਮਾ ਇਨ ਡਿਵਨਿਟੀ ਪੰਜਾਬੀ ਯੂਨੀਵਰਸਿਟੀ ਤੋਂ ਕਰ ਲਏ। ਪ੍ਰਾਈਵੇਟ ਤੌਰ ਤੇ ਹੀ ਐਮ.ਏ.(ਪੌਲ.ਸਾਇੰਸ),(ਪੰਜਾਬੀ) ਅਤੇ ਐਮ. ਐਡ. ਦੀ ਉਚੇਰੀ ਪੜ੍ਹਾਈ ਕਰਨ ਦੀ ਲਗਨ ਤੋਂ ਸਹਿਜੇ ਹੀ ਉਸ ਦੇ ਅੰਦਰਲੇ ਗੂੜ ਗਿਆਨ ਦਾ ਪਤਾ ਲਗਦਾ ਹੈ। ਸਿੱਖਿਆ ਖੇਤਰ ਵਿੱਚ ਨਿਭਾਈਆਂ ਵਿਲੱਖਣ ਸੇਵਾਵਾਂ ਕਾਰਣ ਸਾਲ 2018 'ਚ ਅਧਿਆਪਕ ਦਿਵਸ ਤੇ ਉਸ ਨੂੰ ਰੋਟਰੀ ਕਲੱਬ ਗਰੇਟਰ ਨਾਭਾ ਵਲੋਂ 'ਨੇਸ਼ਨ ਬਿਲਡਰ' ਦਾ ਖ਼ਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਉਸਦਾ ਬੇਟਾ ਹਰਵੀਰ ਸਿੰਘ ਹਨੀ ਬੀ.ਟੈੱਕ. ਕਰਨ ਤੋਂ ਬਾਅਦ ਉਚੇਰੀ ਪੜ੍ਹਾਈ ਕੇਨੈਡਾ ਵਿਖੇ ਕਰਕੇ ਉਥੇ ਹੀ ਸੈਟਲ ਹੋ ਗਿਆ ਹੈ। ਦੋ ਭੈਣਾਂ ਬਲਜਿੰਦਰ ਕੌਰ ਅਤੇ ਸੁਰਿੰਦਰ ਕੌਰ ਦਾ ਇਕਲੌਤਾ ਭਰਾ ਅਮਰਜੀਤ ਸਿੰਘ ਦੁਲੱਦੀ ਆਪ ਦੀ ਸੁਪਤਨੀ ਸ਼੍ਰੀਮਤੀ ਗੁਰਜਿੰਦਰ ਕੌਰ ਐਮ.ਏ.,ਬੀ.ਐਡ. ਨਾਲ ਆਪਣੇ ਪਿੰਡ ਉਸ ਰਹਿ ਰਿਹਾ ਹੈ। ਪਰਮਾਤਮਾ ਉਨ੍ਹਾਂ ਨੂੰ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖ਼ਸ਼ੇ।

– ਮੇਜਰ ਸਿੰਘ ਨਾਭਾ, ਮੋਬ.9463553962

# ਧੀ ਦੀ ਆਵਾਜ਼

ਸੁਣ ਕੁੱਖ ਚੋਂ ਮੇਰੀ ਆਵਾਜ਼ ਮਾਂਏਂ
ਜੇ ਸੁੱਤੀਆਂ ਤਾਂ ਜਾਗ ਮਾਂਏਂ
ਪੁੱਤਰ ਦੇ ਮੋਹ ਦੇ ਵਿੱਚ ਕਿਤੇ
ਧੀ ਨਾ ਦੇਈਂ ਤਿਆਗ ਮਾਂਏ

ਕੁੱਖ ਦੇ ਵਿੱਚ ਦਮ ਘੁੱਟੀਂ ਨਾ ਦੇਵੀਂ
ਸੜਕ ਕਿਨਾਰੇ ਸੁੱਟ ਨਾ ਦੇਵੀਂ
ਮੇਰੇ ਨਾਲ ਹੀ ਪੀੜ੍ਹੀ ਚੱਲਣੀ
ਜਗਣੇ ਕਈ ਚਿਰਾਗ਼ ਮਾਂਏਂ
ਪੁੱਤਰ ਦੇ ਮੋਹ ਦੇ ਵਿੱਚ ਕਿਤੇ
ਧੀ ਨਾ ਦਈਂ ਤਿਆਗ ਮਾਂਏਂ

ਹੋਇਆ ਕੀ ਜੇ ਧੀ ਹਾਂ ਮਾਂ
ਮੈਂ ਵੀ ਰੱਬ ਦਾ ਜੀਅ ਹਾਂ ਮਾਂ
ਜਨਮ ਲੈਣ ਦਾ ਹੱਕ ਮੈਨੂੰ ਵੀ
ਵੇਖਣੇ ਬਹੁਤ ਖ਼ੁਆਬ ਮਾਂਏਂ
ਪੁੱਤਰ ਦੇ ਮੋਹ ਦੇ ਵਿੱਚ ਕਿਤੇ
ਧੀ ਨਾ ਦੇਈਂ ਤਿਆਗ ਮਾਂਏਂ

ਦਾਦੀ ਤੇ ਨਾਨੀ ਵੀ ਧੀ ਆ
ਭੂਆ ਤੇ ਮਾਮੀ ਵੀ ਧੀ ਆ
ਜੇਕਰ ਹੁੰਦੀਆਂ ਪੁੱਤ ਤਾਂ ਪੈਦਾ
ਕਰਦੀਆਂ ਕਿਵੇਂ ਔਲਾਦ ਮਾਂਏਂ
ਪੁੱਤਰ ਦੇ ਮੋਹ ਦੇ ਵਿੱਚ ਕਿਤੇ
ਧੀ ਨਾ ਦਈਂ ਤਿਆਗ ਮਾਂਏਂ

ਮੈਂ ਅੰਮੀਏ ਤੇਰਾ ਬਣੂੰ ਸਹਾਰਾ
ਨੀਂ ਤੇਰਾ ਦੁੱਖ ਵੰਡਾਊਂ ਸਾਰਾ
ਕੰਮ ਵਿੱਚ ਤੇਰੇ ਹੱਥ ਵਟਾਊਂ
ਖਾਊਂਗੀ ਆਪਣੇ ਭਾਗ ਮਾਂਏਂ
ਪੁੱਤਰ ਦੇ ਮੋਹ ਦੇ ਵਿੱਚ ਕਿਤੇ
ਧੀ ਨਾ ਦਈਂ ਤਿਆਗ ਮਾਂਏਂ

ਚੰਗੀ ਤੂੰ ਤਾਲੀਮ ਦਵਾ ਦਈਂ
ਹੱਥ ਵਿੱਚ ਕੇਰਾਂ ਕਲਮ ਫੜਾ ਦਈਂ
ਫਿਰ ਬੁਲੰਦੀਆਂ ਛੂੰਹਦੀ ਵੇਖੀਂ
ਕਰਦੀ ਕੇਰਾਂ ਆਜ਼ਾਦ ਮਾਂਏਂ
ਪੁੱਤਰ ਦੇ ਮੋਹ ਦੇ ਵਿੱਚ ਕਿਤੇ
ਧੀ ਨਾ ਦਈਂ ਤਿਆਗ ਮਾਂਏਂ

ਭਾਗਾਂ ਵਾਲੀ ਕੁੱਖ਼ ਉਹ ਅੰਮੀ
ਜਿਹੜੀ ਕੁੱਖੋਂ ਧੀ ਹੈ ਜੰਮੀ
ਜੰਮੇ ਓਸ ਨੇ ਪੀਰ ਪੈਗੰਬਰ
ਜਨਮ ਲੈਣ ਤੋਂ ਬਾਅਦ ਮਾਂਏਂ
ਪੁੱਤਰ ਦੇ ਮੂੰਹ ਦੇ ਵਿੱਚ ਕਿਤੇ
ਧੀ ਨਾ ਦਈਂ ਤਿਆਗ ਮਾਂਏਂ

ਉੱਠ ਸਵੇਰੇ ਪੜ੍ਹਾਂਗੀ ਬਾਣੀ
ਬਣੂੰਗੀ ਤੇਰੀ ਧੀ ਸਿਆਣੀ
"ਵੀਰਪਾਲ" ਦੇ ਵਾਂਗੂੰ ਹੀ
ਕਰੂ ਬਾਪੂ ਮੇਰੇ ਤੇ ਨਾਜ਼ ਮਾਂਏਂ
ਪੁੱਤਰ ਦੇ ਮੋਹ ਦੇ ਵਿੱਚ ਕਿਤੇ
ਧੀ ਨਾਂ ਦਈ ਤਿਆਗ ਮਾਂਏਂ



ਵੀਰਪਾਲ ਕੌਰ "ਭੱਠਲ"

## ਮਿਸ਼ਨਰੀ ਗੀਤ ਪਹਿਰਾ...

ਰਵਿਦਾਸ ਗੁਰੂ ਦੇ ਸ਼ੇਰ ਕਹਾਉਂਣਾ ਔਖਾ ਨਹੀਂ ਮਿੱਤਰੋ,
ਉਹਦੇ ਬੇਗਮਪੁਰਾ 'ਤੇ ਪਹਿਰਾ ਲਾਉਂਣਾ ਵੀ ਜ਼ਰੂਰੀ ਏ,
ਸਤਿਗੁਰੂ ਨੇ ਚੱਲਣੇ ਦਾ, ਜਿਹੜਾ ਰਾਹ (ਪੰਧ) ਦਿਖਾਇਆ ਏ,
ਐਸੇ ਮਾਰਗ 'ਤੇ ਕਦਮ ਟਿਕਾਉਂਣਾ, ਬਹੁਤ ਜ਼ਰੂਰੀ ਏ।
ਰਵਿਦਾਸ ਗੁਰੂ ਦੇ ਸ਼ੇਰ ਕਹਾਉਂਣਾ ਔਖਾ ਨਹੀਂ ਮਿੱਤਰੋ..

ਜੋ ਬੋਲੇ ਸੋ ਨਿਰਭੈ, ਜਗਤਗੁਰੂ ਰਵਿਦਾਸ ਮਹਾਰਾਜ ਕੀ ਜੈ।
ਭੀਮਾ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ..
ਗੱਜ-ਗੱਜ ਨਾਅਰੇ ਲਾਉਂਦੇ ਨੇ,
ਪਰ ਉਨ੍ਹਾਂ ਦੇ ਦੱਸੇ ਮਾਰਗ ਨੂੰ, ਕਿਉਂ ਨ ਅਪਣਾਉਂਦੇ ਨੇ,
ਏਕਾ ਕਰਨ ਦੀ ਗੱਲ ਕਰਕੇ, ਕਿਉਂ ਬਿੱਖਰੇ ਫਿਰਦੇ ਨੇ,
ਪਤਾ ਲੱਗੇ ਨਾ ਇਨ੍ਹਾਂ ਅੱਗੇ, ਕਿਹੜੀ ਮਜ਼ਦੂਰੀ ਏ..।
ਰਵਿਦਾਸ ਗੁਰੂ ਦੇ ਸ਼ੇਰ ਕਹਾਉਂਣਾ ਔਖਾ ਨਹੀਂ ਮਿੱਤਰੋ..

ਸਤਿਗੁਰਾਂ ਐਸਾ ਰਾਜ ਚਾਹਿਆ, ਜਿੱਥੇ ਮਿਲੇ ਸਭਨ ਨੂੰ ਅੰਨ,
ਪਰ ਅੱਜਕੱਲ੍ਹ ਨ ਨਜ਼ਰੀਂ ਆਉਂਦਾ, ਕਿਧਰੇ ਵੀ ਆਪਣਾਪਨ,
ਆਪਣੇ ਹੀ ਆਪਣਿਆਂ ਦੀ ਪਿੱਠ 'ਤੇ ਛੂਰੀ ਚਲਾਉਂਦੇ ਨੇ,
ਦਿਲਾਂ ਦੇ ਵਿੱਚ ਅੱਜ ਵਧ ਰਹੀ, ਬੜੀ ਹੀ ਦੂਰੀ ਏ..।
ਰਵਿਦਾਸ ਗੁਰੂ ਦੇ ਸ਼ੇਰ ਕਹਾਉਂਣਾ ਔਖਾ ਨਹੀਂ ਮਿੱਤਰੋ..

ਬਾਣੀ, ਵਿਧਾਨ ਰੂਲਾਂ 'ਤੇ, ਅੱਜਕਲ੍ਹ ਕਿਹੜਾ ਚੱਲਦਾ ਏ,
ਪਰਸ਼ੋਤਮ ਆਖਦਾ ਦਿਲਾਂ 'ਚ, ਨਫ਼ਰਤ ਦਾ ਸੱਪ ਪਲਦਾ ਏ,
ਇੱਕ ਦੂਜੇ ਦੇ ਹੱਥੋਂ, ਖੋਹਣੇ ਦਾ ਰਿਵਾਜ਼ ਆਇਆ,
ਕੌਣ ਕਿਸੇ ਨੂੰ ਦਿੰਦਾ ਹੈ, ਅੱਜ ਕੁੱਟ-ਕੁੱਟ ਚੂਰੀ ਏ..।
ਰਵਿਦਾਸ ਗੁਰੂ ਦੇ ਸ਼ੇਰ ਕਹਾਉਂਣਾ ਔਖਾ ਨਹੀਂ ਮਿੱਤਰੋ..

ਸਰੋਏ ਜੇ ਲਿਖਦਾ ਸੱਚ, ਤਾਂਹੀ ਉਹ ਸਭ ਨੂੰ ਚੁੱਭਦਾ ਏ,
ਉਹਦਾ ਇੱਕ-ਇੱਕ ਅੱਖਰ, ਸੀਨੇ ਧੁਰ ਜਾ ਖੁੱਭਦਾ ਏ,
ਕਹਿਣੀ ਕਥਨੀ ਇੱਕ ਹੋਵੇ, ਸਭ ਫ਼ਰਕ ਤਿਆਗ਼ ਦੇਈਏ,
ਤਦ ਹੀ ਸਾਡਿਆਂ ਦਿਲਾਂ ਦੀ, ਹੋਊ ਮੁਰਾਦਾ ਪੂਰੀ ਏ..।
ਰਵਿਦਾਸ ਗੁਰੂ ਦੇ ਸ਼ੇਰ ਕਹਾਉਂਣਾ ਔਖਾ ਨਹੀਂ ਮਿੱਤਰੋ..



ਪਰਸ਼ੋਤਮ ਲਾਲ ਸਰੋਏ
91-92175-44348

## ਕਾਵਿ-ਵਿਅੰਗ
# ਚੱਕੀ ਬਾਬੇ ਦੀ!

ਸ਼ਕਲ ਮੋਮਨਾਂ ਕਾਰੇ ਨੇ ਕਾਫ਼ਰਾਂ ਦੇ
ਡੇਰੇ ਮੱਠਾਂ ਦੇ ਬਣੇ ਨੇ 'ਸੰਤ' ਦੇਖੋ।

ਜਤ-ਸਤ ਦਾ ਦੇਣ ਉਪਦੇਸ਼ ਓਦਾਂ
ਖੁਦ ਬਹੁਤੀਆਂ ਨਾਰਾਂ ਦੇ 'ਕੰਤ' ਦੇਖੋ।

ਖ਼ੂਨਦਾਨ ਤੇ ਅੱਖਾਂ ਦੇ ਕੈਂਪ ਲਾਉਂਦੇ
ਲੁੱਟਣ ਲਈ ਲੋਕਾਈ ਨੂੰ ਮੱਤ ਦੇਖੋ।

ਆਵੇ ਅੰਤ ਜਦ ਹੱਥਕੜੀ ਪੁਲਿਸ ਲਾਵੇ
ਹੋਵੇ ਜੇਲ੍ਹ ਨੂੰ ਤੁਰੰਤ ਉਡੰਤ ਦੇਖੋ।

ਧਰਮੀਂ ਦਿਸਣ ਲਈ ਭੇਖ ਨੇ ਧਾਰ ਲੈਂਦੇ
ਫਿਰਦੇ ਰੱਬ ਦੇ ਬਣੇ ਸ਼ਰੀਕ ਭਾਈ।

ਚੱਕੀ ਬਾਬੇ ਦੀ ਚੱਲੇ ਬੇਸ਼ੱਕ ਹੌਲੀ
ਐਪਰ ਪੀਂਹਦੀ ਐ ਬਹੁਤ ਬਰੀਕ ਭਾਈ।



ਤਰਲੋਚਨ ਸਿੰਘ ਦੁਪਾਲਪੁਰ
001-408-915-1268

# ਸੰਗਰੂਰੀਆ

ਮੁੰਡਾ ਕਰਦਾ ਗਰੂਰ,
ਕੋਈ ਗੱਲ ਤਾਂ ਜ਼ਰੂਰ,
ਵਿਚ ਭੋਰਾ ਨਾ ਫਤੂਰ,
ਨਾ ਕਰਦਾ ਜੀ ਹਜ਼ੂਰ,
ਪਰ ਸੰਗਦਾ ਜ਼ਰੂਰ,
ਇਹਦੇ 'ਚ ਮੇਰਾ ਕੀ ਕਸੂਰ
ਇਹਦਾ ਜ਼ਿਲ੍ਹਾ ਸੰਗਰੂਰ
ਇਹਦਾ ਜ਼ਿਲ੍ਹਾ ਸੰਗਰੂਰ।

ਕਦੇ ਕਦੇ ਦਿੰਦਾ ਘੂਰ,
ਜਦੋਂ ਚੜ੍ਹਦਾ ਨਾ ਪੂਰ,
ਪੈਂਦਾ ਅੰਬੀਆਂ ਤੇ ਬੂਰ,
ਸੋਹਣੀ ਦਿਸੇ ਜਦੋਂ ਹੂਰ,
ਚੜ੍ਹਦਾ ਅੱਖੀਆਂ ਨੂੰ ਨੂਰ,
ਇਹਦੇ 'ਚ ਮੇਰਾ ਕੀ ਕਸੂਰ,
ਪਰ ਸੰਗਦਾ ਜ਼ਰੂਰ,
ਇਹਦਾ ਜ਼ਿਲ੍ਹਾ ਸੰਗਰੂਰ,

ਜਦੋਂ ਸੁਪਨੇ ਹੋਣ ਚੂਰ,
ਫਿਰ ਨਾ ਰਹੇ ਦੂਰ ਦੂਰ,
ਚਾਹੇ ਜਾਣੇ ਪਵੇ ਜਲੂਰ,
ਚਾਹੇ ਜਾਣੇ ਪਵੇ ਭਰੂਰ,
ਉਹ ਸਿਰੇ ਚਾੜ੍ਹੇ ਜ਼ਰੂਰ,
ਪਰ ਸੰਗਦਾ ਜ਼ਰੂਰ,
ਇਹਦੇ 'ਚ ਮੇਰਾ ਕੀ ਕਸੂਰ,
ਇਹਦਾ ਜ਼ਿਲ੍ਹਾ ਸੰਗਰੂਰ
ਇਹਦਾ ਜ਼ਿਲ੍ਹਾ ਸੰਗਰੂਰ।

– ਸੁਖਚਰਨ ਸਿੰਘ ਸਾਹੋਕੇ

# ਗੀਤ

ਮਾਪਿਆਂ ਦੀ ਸੇਵਾ 'ਨੂਰਪੁਰੀ'
ਹਰ ਇਕ ਤੀਰਥ ਤੋਂ ਵੱਡੀ ਏ।

ਸਥਾਈ:- ਕਰ ਭਲਾ ਤੇ ਹੋ ਭਲਾ
ਇਹ ਕਾਢ ਸਿਆਣਿਆਂ ਕੱਢੀ ਏ
ਮਾਪਿਆਂ ਦੀ ਸੇਵਾ ਸਾਧ ਸੰਗਤ ਜੀ
ਹਰ ਇਕ ਤੀਰਥ ਤੋਂ ਵੱਡੀ ਏ।

ਅੰਤਰਾ:-
ਬਿਨਾਂ ਮਲਾਹ ਤੋਂ ਭਵਸਾਗਰ ਵਿਚ
ਕਦੇ ਵੀ ਬੇੜੀ ਠਿੱਲਦੀ ਨਹੀਂ
ਮਾਪਿਆਂ ਦੀ ਸੇਵਾ ਦੁਨੀਆਂ ਦੇ ਲੋਕੀ
ਬਿਨ ਕਰਮਾਂ ਦੇ ਮਿਲਦੀ ਨਹੀਂ।
ਚੌਹੁੰ ਵਰਨਾਂ ਦੇ ਚੌਹੁੰ ਵੇਦਾਂ ਦੀ
ਕੀਤੀ ਜਿਨ੍ਹਾਂ ਸਟੱਡੀ ਏ
ਮਾਪਿਆਂ ਦੀ ਸੇਵਾ ਦੁਨੀਆਂ .....

ਅੰਤਰਾ:-
ਸੇਵਾ ਵਿਰਥੀ ਨਹੀਂ ਜਾਂਦੀ
ਜੇ ਕਰਨੀ ਆ ਜਾਵੇ।
ਨਦੀ ਗ੍ਰਸਿਤ ਦੀ ਤਰ ਜਾਂਦੇ

ਜੇ ਤਰਨੀ ਆ ਜਾਵੇ।
ਗੁਰੂਆਂ ਪੀਰਾਂ ਮਹਾਂਪੁਰਸ਼ਾਂ ਨੇ
ਗੁਰਬਾਣੀ ਮੁੱਖ 'ਚੋਂ ਕੱਢੀ ਏ
ਮਾਪਿਆਂ ਦੀ ਸੇਵਾ .....

ਅੰਤਰਾ:-
ਨਾਲੇ ਪੁੰਨ ਤੇ ਨਾਲੇ ਫਲੀਆਂ
ਘਰ ਵਿਚ ਹੀ ਗੰਗਾ ਵਹਿ ਜਾਂਦੀ
ਦੁਨੀਆਂ ਦੀ ਸੋਹਬਤ ਘਰ ਦੀ ਇੱਜ਼ਤ
ਘਰ ਦੇ ਵਿਚ ਹੀ ਰਹਿ ਜਾਂਦੀ
ਚੜ੍ਹ ਜਾਵੋ ਜੇ ਚੜ੍ਹ ਹੁੰਦਾ ਏ
ਸਵਰਗਾਂ ਨੂੰ ਜਾਂਦੀ ਗੱਡੀ ਏ
ਮਾਪਿਆਂ ਦੀ ਸੇਵਾ 'ਨੂਰਪੁਰੀ'
ਹਰ ਇਕ ਤੀਰਥ ਤੋਂ ਵੱਡੀ ਏ।



– ਗੁਰਦਿਆਲ ਸਿੰਘ 'ਨੂਰਪੁਰੀ'
408-659-5880

## ਮਿੰਨੀ ਕਹਾਣੀ ਲੁਕਵਾਂ ਸੱਚ

ਗ਼ਰੀਬ ਪਿਛੋਕੜ ਵਾਲ਼ੇ ਪਰਿਵਾਰ ਵਿੱਚੋਂ ਸਰਕਾਰੀ ਮਾਸਟਰ ਲੱਗ ਗਏ ਕਰਮ ਚੰਦ ਨੇ ਲੋਹੜੀ ਵਾਲ਼ੇ ਦਿਨ ਜਿਗਰਾ ਕਰ ਕੇ ਉੱਚੇ ਘਰ ਦੀ ਮਾਲਕਣ ਪਾਸੋਂ, ਜਿੱਥੋਂ ਉਹ ਦੁੱਧ ਲੈਂਦੇ ਸਨ ਤੇ ਜਿਸ ਨੂੰ ਉਸ ਨੇ ਇੱਕ ਦਿਨ ਵੱਡੇ ਸਾਰੇ ਸਿਲਵਰ (ਐਲੂਮੀਨੀਅਮ) ਦੇ ਪਤੀਲੇ ਵਿੱਚ ਸਾਗ ਬਣਾਉਂਦਿਆਂ ਦੇਖਿਆ ਸੀ, ਸਾਗ ਬਣਾਉਣ ਲਈ ਉਹੀ ਵੱਡਾ ਪਤੀਲਾ ਮੰਗ ਲਿਆ। ਔਰਤ ਨੇ ਬਿਨਾ ਸ਼ੱਕ ਉਸ ਨੂੰ ਉਹ ਪਤੀਲਾ ਦੇ ਦਿੱਤਾ। ਮਾਸਟਰ ਆਪਣੇ ਰੁਤਬੇ ਨੂੰ ਮਹਿਸੂਸਦਾ ਬੜਾ ਖ਼ੁਸ਼ ਹੋਇਆ।

ਪਤੀਲਾ ਵਾਪਸ ਕੀਤੇ ਨੂੰ ਜਦੋਂ ਕਈ ਦਿਨ ਹੋ ਗਏ ਤਾਂ ਕਰਮ ਚੰਦ ਦੇ ਮਨ ਨੂੰ ਕੀ ਸੁੱਝੀ ਕਿ ਉਹ ਦੁੱਧ ਲੈਣ ਗਿਆ ਵਿਅੰਗ ਨਾ਼ਲ ਉਸ ਔਰਤ ਨੂੰ ਕਹਿਣ ਲੱਗਾ, ਉਭਾਬੀ ਜੀ! ਮੈਂ ਤਾਂ ਸੋਚਿਆ ਸੀ ਕਿ ਜਦੋਂ ਮੈਂ ਪਤੀਲਾ ਮੰਗੂੰਗਾ ਤਾਂ ਭਾਬੀ ਹੁਰੀਂ ਕਹਿਣਗੇ, 'ਅਸੀਂ ਪਤੀਲਾ ਤੁਹਾਨੂੰ ਦੇ ਕੇ ਭਿੱਟਣਾ ਆਂ।'' ਔਰਤ ਖਿੜ-ਖਿੜਾ ਕੇ ਹੱਸ ਪਈ ਭਾਵੇਂ ਉਸ ਨੇ ਉਹ ਪਤੀਲਾ ਹੁਣ ਡੰਗਰਾਂ ਦਾ ਕਾੜ੍ਹਾ ਰਿੰਨ੍ਹਣ ਲਈ ਰਾਖਵਾਂ ਰੱਖ ਲਿਆ ਸੀ।



ਬਲਵੀਰ ਮੰਨਣ
91-94173-45485

## ਮਿੰਨੀ ਕਹਾਣੀ ਐਨਕਾਂ

ਚੋਣਾਂ ਦੇ ਦਿਨ ਸਨ। ਛੁੱਟੀਆਂ ਕੱਟਣ ਮੈਂ ਪਿੰਡ ਗਿਆ ਹੋਇਆ ਸੀ। ਪੱਖੋਂ ਵਾਲਾ ਚੇਅਰਮੈਨ ਤੇ ਵੱਡਾ ਵੀਰ ਪਿੰਡਾਂ ਵਿਚ ਗੇੜਾ ਲਾਉਣਾ ਚਾਹੁੰਦੇ ਸਨ। ਚਾਰ ਮੋਹਤਬਰ ਬੰਦਿਆਂ ਨੂੰ ਮਿਲਿਆ ਜਾਂਦੈ। ਨਾਲੇ ਵੋਟਾਂ 'ਚ ਫੈਦਾ ਹੋਊ। ਤੂੰ ਵੀ ਨਾਲ ਈ ਚੱਲ। 'ਲਾਕੇ 'ਚ ਜਾਣ-ਪਛਾਣ ਹੋ ਜਾਂਦੀ ਆ।'' ਉਨ੍ਹਾਂ ਮੈਨੂੰ ਵੀ ਚੱਲਣ ਲਈ ਕਿਹਾ। ਉਹ ਦੂਰ ਦੀ ਸੋਚਦੇ ਸਨ।

ਜਦ ਅਸੀਂ ਭੀਖੀ ਪਹੁੰਚੇ ਤਾਂ ਡਰਾਈਵਰ ਬੋਲ ਪਿਆ, ''ਬਾਈ ਲੈ ਜੋ ਜਿੱਥੇ ਮਰਜ਼ੀ ਪਰ ਤਿੰਨ ਵਜੇ ਮੈਨੂੰ ਐਨਕਾਂ ਲਾਉਣੀਆਂ ਪੈਂਦੀਆਂ ਨੇ।'' ਮੈਂ ਸੋਚਿਆ ਐਨਕਾਂ ਈ ਨੇ। ਗੱਡੀ ਵਿਚੋਂ ਚੱਕੋ ਤੇ ਲਾ ਲਓ।

ਜੇ ਕਿਸੇ ਨੇ ਰੇਤਾ ਘੱਟ ਵੇਖਣਾ ਹੋਵੇ ਤਾਂ ਉਹ ਬਾਹਮਣ ਦੀ ਗੱਡੀ 'ਚੋਂ ਦੇਖ ਲਓ।'' ਚੇਅਰਮੈਨ ਨੇ ਕਿਹਾ। ਡਰਾਈਵਰ ਸ਼ਾਇਦ ਮੱਝਾਂ ਲਈ ਪੱਠੇ ਇਸੇ ਗੱਡੀ ਵਿਚ ਢੋਂਦਾ ਹੋਵੇ। ਫਿਰ ਵੀ ਉਸਨੇ ਥੋੜ੍ਹੀ ਜਿਹੀ ਗੱਡੀ ਸਾਫ ਕਰ ਲਈ ਸੀ ਤਾਂ ਜੋ ਬੈਠਿਆ ਜਾ ਸਕੇ। ਅਸੀਂ ਪਹਿਲਾਂ ਧੌਲ਼ੇ, ਪੱਖੋਂ ਤੇ ਫਿਰ ਤਪੇ ਪਹੁੰਚੇ। ਉਥੇ ਅਸੀਂ ਬਹੁਤ ਸਾਰੇ ਮੁਹਤਬਰ ਬੰਦਿਆਂ ਨੂੰ ਮਿਲੇ।

ਤਿੰਨ ਵੱਜ ਚੁੱਕੇ ਸਨ। ਡਰਾਈਵਰ ਨੇ ਚੇਅਰਮੈਨ ਨੂੰ ਆਪਣਾ ਵਾਅਦਾ ਚੇਤੇ ਕਰਵਾਇਆ। ''ਤੇਰੇ ਕੋਲ ਨਈਂ? ਕੱਢ ਤੇ ਲਾ ਲੈ?'' ਮੈਂ ਡਰਾਈਵਰ ਨੂੰ ਕਿਹਾ। ਚੇਅਰਮੈਨ ਤੇ ਵੱਡਾ ਵੀਰ ਖਿੜਾ-ਖਿੜਾ ਕੇ ਹੱਸੇ। ਮੈਨੂੰ ਸਮਝ ਨਾ ਪਈ ਕਿ ਇਹਦੇ ਵਿਚ ਹੱਸਣ ਵਾਲੀ ਭਲਾਂ ਕਿਹੜੀ ਗੱਲ ਐ। ਡਰਾਈਵਰ ਨੇ ਗੱਡੀ ਠੇਕੇ ਤੇ ਜਾ ਖੜ੍ਹਾਈ। ਹੁਣ ਵੀ ਐਨਕਾਂ ਲਗਾਉਣ ਵੇਲੇ ਮੈਨੂੰ ਡਰਾਈਵਰ ਦੀਆਂ ਐਨਕਾਂ ਚੇਤੇ ਆ ਜਾਂਦੀਆਂ ਹਨ।

– ਸੁਖਚਰਨ ਸਿੰਘ ਸਾਹੋਕੇ

# ਇਕ ਇਹ ਵੀ ਫੁੱਲ

ਇਨ੍ਹਾਂ ਫੁੱਲਾਂ ਨੂੰ ਚੁਗਦੇ ਨੇ,
ਜਿਹੜੇ ਹੁਣ ਦੁਖਦੇ ਨੇ।
ਪਹਿਲਾਂ ਰੱਜ ਰੱਜ ਰੱਖਦੇ ਸਵਾਰ
ਜਿਹੜੇ ਅੱਗ 'ਚ ਭੁੱਜਦੇ ਨੇ।
ਪੌਂਟੇ ਦੋ ਮਣ ਦੇਹੀ,
ਰਹਿ ਜਾਂਦੇ ਇਕ ਰੁੱਗ ਦੇ ਨੇ।
ਲੈ ਕੇ ਗੰਗਾ, ਕੀਰਤਪੁਰ ਜਾਂਦੇ
ਆਖਰੀ ਪਾਣੀ ਵਿਚ ਡਿੱਗਦੇ ਨੇ।
ਇਨ੍ਹਾਂ ਫੁੱਲਾਂ ਨੂੰ ਚੁਗਦੇ ਨੇ,
ਜਿਹੜੇ ਹੁਣ ਦੁਖਦੇ ਨੇ।




– ਸੁਖਚਰਨ ਸਿੰਘ 'ਸਾਹੋਕੇ'

# ਪਾਲੀਵੁੱਡ 'ਚ ਖ਼ੂਬਸੂਰਤ ਨਵਾਂ ਚਿਹਰਾ ਅਦਾਕਾਰਾ 'ਆਰੂਸ਼ੀ ਸ਼ਰਮਾ'

ਪੰਜਾਬ ਤੇ ਪੰਜਾਬੀ ਸਿਨੇਮਾਂ ਦਿਨੋ ਦਿਨ ਨਵੇਂ-ਨਵੇਂ ਤਜਰਬਿਆਂ ਦਾ ਹਾਣੀ ਹੁੰਦਾ ਜਾ ਰਿਹਾ ਹੈ। ਵੱਖ-ਵੱਖ ਪੱਖ ਲੈ ਕੇ ਇੱਥੇ ਬਣ ਰਹੀਆਂ ਪੰਜਾਬੀ ਫਿਲਮਾਂ ਵਿੱਚ ਨਵੀਆਂ ਖ਼ੂਬਸੂਰਤ ਅਭਿਨੇਤਰੀਆਂ ਦਾ ਵੀ ਆਗਾਜ਼ ਹੋ ਰਿਹਾ ਹੈ। ਪੰਜਾਬੀ ਫ਼ਿਲਮਾਂ ਵਿੱਚ ਆਪਣੀਆਂ ਕਿਸਮਤ ਅਜ਼ਮਾਉਣ ਵਾਲੀਆਂ ਇਨਾਂ ਨਵੀਆਂ ਅਭਿਨੇਤਰੀਆਂ 'ਚੋਂ ਇੱਕ ਨਾਂ ਹੈ 'ਆਰੂਸੀ ਸ਼ਰਮਾਂ', ਜੋ ਕਿ ਆਗਾਮੀ ਦੋ ਪੰਜਾਬੀ ਫਿਲਮਾਂ 'ਕਾਕਾ ਜੀ' ਅਤੇ 'ਹਾਈ ਐਂਡ ਯਾਰੀਆਂ' 'ਚ ਬਤੌਰ ਹੀਰੋਇਨ ਪੰਜਾਬੀ ਪਰਦੇ 'ਤੇ ਨਜ਼ਰ ਆਵੇਗੀ।

ਆਰੂਸੀ ਸ਼ਰਮਾਂ ਇੱਕ ਉਹ ਅਦਾਕਾਰਾ ਹੈ ਜਿਸਨੂੰ ਉਸਦੇ ਸੁਪਨਿਆਂ ਦੀ ਮੰਜ਼ਿਲ ਅੱਖ ਖੋਲ ਦਿਆਂ ਦੀ ਮਿਲ ਗਈ। ਉਸਨੂੰ ਖੁਦ ਯਕੀਨ ਨਹੀ ਹੁੰਦਾ ਕਿ ਉਹ ਅੱਜ ਦੇ ਸਪੁਰ ਸਟਾਰ ਦੇਵ ਖਰੌੜ ਦੀ ਨਾਇਕਾ ਬਣੀ ਹੈ। ਆਪਣੀ ਫ਼ਿਲਮ 'ਕਾਕਾ ਜੀ' ਬਾਰੇ ਆਰੂਸੀ ਨੇ ਦੱਸਿਆ ਕਿ ਇਸ ਫ਼ਿਲਮ ਵਿੱਚ ਉਸਦਾ ਕਿਰਦਾਰ ਦੀਪੀ ਨਾਂ ਦੀ ਨਿਰੋਲ ਪਿੰਡ ਦੀ ਕੁੜੀ ਦਾ ਹੈ ਜੋ ਸ਼ਹਿਰ ਕਾਲਜ਼ ਪੜ ਨ ਜਾਂਦੀ ਹੈ ਤੇ ਦੇਵ ਨੂੰ ਪਸੰਦ ਕਰਦੀ ਹੈ। ਉਸਨੇ ਆਪਣੇ ਕਿਰਦਾਰ 'ਤੇ ਬਹੁਤ ਮੇਹਨਤ ਕੀਤੀ ਹੈ। ਜਿਸਨੂੰ ਦਰਸ਼ਕ ਜਰੂਰ ਪਸੰਦ ਕਰਨਗੇ। ਇਹ ਫ਼ਿਲਮ ਪੰਜਾਬ ਦੇ 1995 ਦੇ ਦੌਰ ਦੀ ਫ਼ਿਲਮ ਹੈ ਜਿਸ ਵਿੱਚ ਕਾਮੇਡੀ ਵੀ ਹੈ, ਰੁਮਾਂਸ ਵੀ ਹੈ ਤੇ ਪਿੰਡਾਂ ਵਾਲਾ ਕਲਚਰ ਵੀ ਹੈ।

ਜਿਕਰਯੋਗ ਹੈ ਕਿ ਆਰੂਸੀ ਸ਼ਰਮਾਂ ਦੀ ਅਗਲੀ ਫ਼ਿਲਮ 'ਹਾਈ ਐਂਡ ਯਾਰੀਆਂ' ਵਿੱਚ ਵੀ ਇੱਕ ਜਬਰਦਸਤ ਰੁਮਾਂਟਿਕ ਟਰੈਕ ਹੈ ਜਿਸ ਵਿੱਚ ਉਹ ਗਾਇਕ ਤੇ ਅਦਾਕਾਰ ਨਿੰਜਾਂ ਨਾਲ ਨਜ਼ਰ ਆਵੇਗੀ। ਉਸਦੀ ਇਸ ਫਿ਼ਲਮ ਵਿਚਲੀ ਅਦਾਕਾਰੀ ਵੀ ਦਰਸ਼ਕਾਂ ਨੂੰ



ਜਰੂਰ ਪਸੰਦ ਆਵੇਗੀ। ਉਸਨੇ ਆਪਣੇ ਕਿਰਦਾਰ ਨੂੰ ਬੜੀ ਰੂਹ ਨਾਲ ਨਿਭਾਇਆ ਹੈ। ਦਿੱਲੀ ਸ਼ਹਿਰ ਦੀ ਜੰਮਪਲ ਆਰੂਸੀ ਸ਼ਰਮਾਂ ਨੇ ਦੱਸਿਆ ਕਿ ਗਲੈਮਰਜ਼ ਦੀ ਦੁਨੀਆਂ ਵੱਲ ਆਉਣਾ ਉਸਦਾ ਇੱਕ ਸੁਪਨਾ ਸੀ ਜਿਸਨੂੰ ਪੂਰਾ ਕਰਨ ਵਿੱਚ ਉਸਦੇ ਮਾਂ ਬਾਪ ਨੇ ਬਹੁਤ ਸਹਿਯੋਗ ਦਿੱਤਾ। 2016 ਵਿੱਚ ਸੁੰਦਰਤਾ ਦਾ 'ਮਿਸ ਇੰਡੀਆਂ' ਖਿਤਾਬ ਮਿਲਣ ਬਾਅਦ ਉਹ ਮੁੰਬਈ ਚਲੀ ਗਈ ਜਿੱਥੇ ਉਸਨੇ ਐਕਟਿੰਗ ਦਾ ਕੋਰਸ ਕਰਦਿਆਂ ਸੰਘਰਸ਼ ਸੁਰੂ ਕੀਤਾ। ਸੁਰੂ ਵਿੱਚ ਕੁਝ ਇਸ਼ਤਿਹਾਰੀ ਫ਼ਿਲਮਾਂ ਅਤੇ ਟੀ ਵੀ ਸੀਰੀਅਲਾਂ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਪਰੰਤੂ ਆਪਣੀ ਕਿਸਮਤ ਨੂੰ ਚਮਕਾਉਣ ਲਈ ਉਹ ਛੇਤੀ ਹੀ ਪੰਜਾਬ ਆ ਗਈ ਤੇ ਪੰਜਾਬੀ ਮਿਊਜਿਕ ਵੀਡਿਓਜ਼ ਵਿੱਚ ਕੰਮ ਸੁਰੂ ਕੀਤਾ। ਆਰੂਸੀ ਸ਼ਰਮਾਂ ਪੰਜਾਬੀ ਦੇ ਨਾਮਵਰ ਗਾਇਕਾਂ ਐਮੀ ਵਿਰਕ, ਪ੍ਰੀਤ ਹਰਪਾਲ, ਸੱਜਣ ਅਦੀਬ ਆਦਿ ਨਾਲ ਉਨਾਂ ਦੇ ਅਨੇਕਾਂ ਚਰਚਿਤ ਗੀਤਾਂ ਵਿੱਚ ਨਜ਼ਰ ਆਈ।

ਆਰੂਸੀ ਸ਼ਰਮਾਂ ਖ਼ੂਬਸੂਰਤੀ ਅਤੇ ਅਦਾਕਾਰੀ ਦਾ ਤਰਾਸ਼ਿਆ ਹੋਇਆ ਇੱਕ ਬੇਸ਼ਕੀਮਤੀ ਹੀਰਾ ਹੈ ਜਿਸ ਨੂੰ ਹਰ ਪਾਰਖੂ ਨਿਰਮਾਤਾ ਨਿਰਦੇਸ਼ਕ ਆਪਣੀ ਫ਼ਿਲਮੀ ਮੁੱਕਟ ਵਿੱਚ ਜੜਣਾ ਚਾਹੁੰਦਾ ਹੈ ਪਰ ਆਰੂਸੀ ਹਮੇਸ਼ਾ ਚੰਗੇ ਵਿਸ਼ਿਆ ਦੇ ਚੰਗੇ ਕਿਰਦਾਰਾਂ ਨੂੰ ਹੀ ਤਰਜ਼ੀਹ ਦੇਣਾ ਪਸੰਦ ਕਰਦੀ ਹੈ। ਉਹ ਆਪਣੇ ਫ਼ਿਲਮ ਨਿਰਮਾਤਾ ਨਿਰਦੇਸ਼ਕਾਂ ਤੇ ਸੀਨੀਅਰ ਆਰਟਿਸਟਾਂ ਦੀ ਸਦਾ ਧੰਨਵਾਦੀ ਹੈ ਜਿੰਨਾਂ ਨੇ ਉਸਨੂੰ ਸਮੇਂ ਸਮੇਂ ਸਿਰ ਆਪਣਾ ਸਹਿਯੋਗ ਦਿੱਤਾ।

– ਹਰਜਿੰਦਰ ਸਿੰਘ 97795 91482

# THINKING OF BUYING OR SELLING COMMERCIAL PROPERTIES IN CALIFORNIA? CALL US NOW !



BERKSHIRE HATHAWAY
HomeServices
Elite Real Estate
COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND










CALL US FOR FREE CONSULTATION ABOUT SELLING YOUR GAS STATION OR HOTEL.
WE CAN ALSO GIVE YOU OUR EXPERT ADVISE
ON VALUE OF YOUR GAS STATION OR ANY COMMERCIAL PROPERTY.

SPEAK WITH A PROFESSIONAL REALTOR TODAY!

WE HAVE QUALIFIED BUYERS FOR GAS STATIONS AND LIQUOR STORES.

THE RIGHT AGENT HELPS GUIDE YOU TO YOUR DREAM PROPERTY.
WWW.BHHCOMMERCIAL.COM

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call:
**530-824-5134**

LUCAS OIL LUCAS INJECTOR CLEANER $28.99

Call:
**650-642-0697**

## 3525 Highway 99, West Corning, CA 96021

Across the Street from TA Truck Stop



# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

Contact Us:

**BUFFET LUNCH**
**11:00 AM To 3:00 PM**



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

**We are open seven days 11 AM to 10 PM**